ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 6 | Issue 07 | 15 February to 21 February 2017 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

## ➢ ਅੰਦਰ ਪੜ੍ਹੋ


**03** ਭਾਈਚਾਰਾ

ਮਨੁੱਖੀ ਤਸਕਰੀ ਰੋਕਣ ਲਈ ਸੰਯੁਕਤ ਰਾਸ਼ਟਰ ਦੀ 'ਬਲਿਊ ਹਾਰਟ ਕੈਂਪੇਨ' ਦਾ ਹਿੱਸਾ ਬਣੇ ਸਤਿੰਦਰ ਸਰਤਾਜ



**07** ਖ਼ਬਰਸਾਰ

ਆਮ ਆਦਮੀ ਪਾਰਟੀ ਪੰਜਾਬ ਫਤਹਿ ਕਰੇਗੀ : ਪ੍ਰੋ. ਬਲਜਿੰਦਰ ਕੌਰ



**08** ਖ਼ਬਰਸਾਰ

ਸਿੱਖ ਬੈਂਡ ਨੇ ਗਰੈਮੀ ਅਵਾਰਡ ਜਿੱਤਿਆ



**11** ਖਾਸ ਖ਼ਬਰਾਂ

ਭਾਰਤ 'ਚ ਧਾਰਮਿਕ ਘੱਟ ਗਿਣਤੀਆਂ ਤੇ ਦਲਿਤਾਂ ਉਪਰ ਹੋ ਰਿਹੈ ਅਤਿਆਚਾਰ




# ਔਰੋਵਿਲ ਡੈਮ ਦੇ ਖ਼ਤਰੇ ਕਾਰਨ ਬੇਘਰ ਹੋਏ ਲੋਕਾਂ ਨੂੰ ਗੁਰਦੁਆਰਿਆਂ ਨੇ ਦਿੱਤੀ ਪਨਾਹ

## ਡੈਮ ਟੁੱਟਣ ਦੇ ਡਰੋਂ ਦੋ ਲੱਖ ਲੋਕਾਂ ਨੂੰ ਇਲਾਕਾ ਛੱਡਣ ਦੇ ਹੁਕਮ

**ਸੈਕਰਾਮੈਂਟੋ/ਬਿਊਰੋ ਨਿਊਜ਼ :** ਔਰੋਵਿਲ ਡੈਮ ਟੁੱਟਣ ਦੇ ਖ਼ਤਰੇ ਕਾਰਨ ਸਹਿਮੇ ਹਜ਼ਾਰਾਂ ਲੋਕਾਂ ਨੂੰ ਕੈਲੀਫੋਰਨੀਆ ਦੇ ਗੁਰਦੁਆਰਿਆਂ ਨੇ ਪਨਾਹ ਦਿੱਤੀ ਹੈ। ਸੁਰੱਖਿਆ ਗਾਰਡਾਂ, ਅਧਿਆਪਕਾਂ, ਕਿਸਾਨਾਂ ਤੇ ਸੈਂਟਰਲ ਵੈਲੀ ਦੇ ਵੱਡੀ ਗਿਣਤੀ ਸਿੱਖ ਭਾਈਚਾਰੇ ਨੇ ਇਥੋਂ ਦੇ ਦੋ ਮੰਜ਼ਿਲਾ ਗੁਰਦੁਆਰਾ ਸਾਹਿਬ ਵਿਖੇ ਪਨਾਹ ਲਈ ਹੈ। ਜਦੋਂ ਉਨ੍ਹਾਂ ਨੂੰ ਆਪਣਾ ਇਲਾਕਾ ਤੁਰੰਤ ਖਾਲੀ ਕਰਨ ਦੇ ਹੁਕਮ ਹੋਏ ਤਾਂ ਉਹ ਆਪਣੇ ਨਾਲ ਜ਼ਰੂਰੀ ਸਾਮਾਨ ਚੁੱਕ ਕੇ ਤੁਰ ਪਏ।

ਜ਼ਿਕਰਯੋਗ ਹੈ ਕਿ ਕੈਲੀਫੋਰਨੀਆ ਵਿੱਚ ਪਿਛਲੇ ਦਿਨਾਂ ਤੋਂ ਪੈ ਰਹੇ ਭਾਰੀ ਮੀਂਹ ਕਾਰਨ ਔਰੋਵਿਲ ਡੈਮ ਦੇ ਟੁੱਟਣ ਦਾ ਡਰ ਪੈਦਾ ਹੋ ਗਿਆ ਹੈ ਜਿਸ ਦੇ ਮੱਦੇਨਜ਼ਰ ਸਰਕਾਰ ਨੇ ਪ੍ਰਭਾਵਤ ਇਲਾਕਾ ਖਾਲੀ ਕਰਨ ਦੇ ਆਦੇਸ਼ ਦੇ ਦਿੱਤੇ ਹਨ। ਇਨ੍ਹਾਂ ਹੁਕਮਾਂ ਤੋਂ ਬਾਅਦ ਕਰੀਬ ਦੋ ਲੱਖ ਲੋਕਾਂ 'ਤੇ ਬੇਘਰ ਹੋਣ ਦਾ ਖਤਰਾ ਮੰਡਰਾ ਰਿਹਾ ਹੈ। ਸਮੁੱਚੀ ਯੂਬਾ ਕਾਊਂਟੀ ਡੈਮ ਦੇ ਪਾਣੀ ਦੀ ਮਾਰ ਵਿੱਚ ਆਉਂਦੀ ਹੈ।

ਉੱਤਰੀ ਕੈਲੀਫੋਰਨੀਆ ਵਿੱਚ ਔਰੋਵਿਲ ਡੈਮ ਸੂਬੇ ਦੀ ਰਾਜਧਾਨੀ ਸੈਕਰਾਮੈਂਟੋ ਤੋਂ ਕੋਈ 120 ਕਿਲੋਮੀਟਰ ਦੂਰ ਹੈ। ਕਈ ਹਫ਼ਤਿਆਂ ਤੋਂ ਪੈ ਰਹੇ ਮੀਂਹ ਕਾਰਨ ਡੈਮ ਉੱਛਲਣ ਲੱਗ ਪਿਆ ਹੈ। ਇਸੇ ਦੌਰਾਨ 'ਸੈਕਰਾਮੈਂਟੋ ਬੀ' ਅਖ਼ਬਾਰ ਅਨੁਸਾਰ 770 ਫੁੱਟ ਉੱਚੇ ਡੈਮ ਦੇ ਟੁੱਟਣ ਵਾਲੀ ਕੋਈ ਗੱਲ ਨਹੀ ਹੈ ਪਰ ਬੰਨ੍ਹ ਉਛਲਣ ਕਾਰਨ ਇਸ ਦੇ ਦੇ ਗੇਟ ਖੋਲ੍ਹਣੇ ਮੁਸ਼ਕਲ ਹੋ ਗਏ ਹਨ ਅਤੇ ਗੇਟ ਖੋਲ੍ਹਣ ਕਾਰਨ ਹੋਣ ਵਾਲੀ ਤਬਾਹੀ ਚਿੰਤਾ ਦਾ ਵਿਸ਼ਾ ਹੈ। ਡੈਮ ਦੇ ਅਧਿਕਾਰੀ ਇੱਕ ਲੱਖ ਕਿਊਬਿਕ ਫੁੱਟ ਪਾਣੀ ਪ੍ਰਤੀ ਸੈਕਿੰਡ ਮੁੱਖ ਗੇਟ ਰਾਹੀਂ ਛੱਡ ਰਹੇ ਹਨ।

ਇਸ ਬਿਪਤਾ ਮੌਕੇ ਲੋਕਾਂ ਦੀ ਸਹਾਇਤਾ ਲਈ ਸਿੱਖ ਭਾਈਚਾਰੇ ਨੇ ਅੱਗੇ ਆਉਂਦਿਆਂ ਗੁਰੂਘਰਾਂ ਵਿੱਚ ਵਿਸ਼ੇਸ਼ ਪ੍ਰਬੰਧ ਕੀਤੇ ਹਨ ਅਤੇ ਵਿਸ਼ੇਸ਼ ਫੋਨ ਲਾਈਨਾਂ ਵੀ ਚਾਲੂ ਕੀਤੀਆਂ ਹਨ। ਇਥੇ ਗੁਰਦੁਆਰਾ ਸਾਹਿਬ ਵਿਚ ਜਦੋਂ 200 ਤੋਂ ਵੱਧ ਪੀੜਤ ਪੁੱਜੇ ਤਾਂ ਗੁਰਦੁਆਰਾ ਸਾਹਿਬ ਦੇ ਮੈਨੇਜਰ ਰਣਜੀਤ ਸਿੰਘ ਨੇ ਬਿਨਾਂ ਕਿਸੇ ਝਿਜਕ ਦੇ ਇਨ੍ਹਾਂ ਲਈ ਬਾਥਰੂਮਾਂ, ਬਿਸਤਰਿਆਂ ਤੇ ਖਾਣੇ ਦਾ ਪ੍ਰਬੰਧ ਕੀਤਾ। 19 ਮੈਂਬਰੀ ਸਟਾਫ਼ ਇਨ੍ਹਾਂ ਲੋਕਾਂ ਦੀ ਸੇਵਾ ਵਿਚ ਹਾਜ਼ਰ ਹੋ ਗਿਆ। ਅਚਾਨਕ ਪਈ ਬਿਪਤਾ ਕਾਰਨ ਸੇਵਾ ਵਿਚ ਜੁਟੇ ਇਨ੍ਹਾਂ ਸਟਾਫ਼ ਮੈਂਬਰਾਂ

**ਬਾਕੀ ਸਫ਼ਾ 33 'ਤੇ**



**ਗੁਰਦੁਆਰਾ ਸਾਹਿਬ ਵਿਖੇ ਦਲਜੀਤ ਸਿੰਘ (7) ਫਰੈਂਚ ਫਰਾਈਜ਼ ਖਾਂਦਾ ਹੋਇਆ। ਨਾਲ ਉਸ ਦੀ ਮਾਤਾ ਰਮਨਦੀਪ ਕੌਰ ਤੇ ਪਿਤਾ ਬਲਵੰਤ ਸਿੰਘ ਨਜ਼ਰ ਆ ਰਹੇ ਹਨ। ਯੂਬਾ ਸਿਟੀ ਤੋਂ ਆਏ ਇਸ ਪਰਿਵਾਰ ਨੇ ਗੁਰਦੁਆਰਾ ਸਾਹਿਬ ਵਿਚ ਪਨਾਹ ਲਈ ਹੈ।**

# ਤਾਮਿਲਨਾਡੂ ਦੇ ਸਿਆਸੀ ਘੋੜੇ ਦੀਆਂ ਲਗਾਮਾਂ ਟੁੱਟੀਆਂ

- **ਮੁੱਖ ਮੰਤਰੀ ਦੀ ਕੁਰਸੀ ਦੀ ਥਾਂ ਸ਼ਸ਼ੀਕਲਾ ਨੂੰ ਮਿਲੀ ਜੇਲ੍ਹ**
- **ਪਲਨੀਸਵਾਮੀ ਵਲੋਂ ਸਰਕਾਰ ਬਣਾਉਣ ਦਾ ਦਾਅਵਾ ਪੇਸ਼**

ਚੇਨਈ/ਬਿਊਰੋ ਨਿਊਜ਼ : ਆਮਦਨ ਤੋਂ ਵੱਧ ਸੰਪਤੀ ਮਾਮਲੇ ਵਿਚ ਸੁਪਰੀਮ ਕੋਰਟ ਵਲੋਂ ਅੰਨਾਡੀਐਮਕੇ ਦੀ ਮੁੱਖ ਸਕੱਤਰ ਵੀ.ਕੇ. ਸ਼ਸ਼ੀਕਲਾ ਨੂੰ ਦੋਸ਼ੀ ਕਰਾਰ ਦਿੰਦਿਆਂ ਸੁਣਾਈ ਚਾਰ ਸਾਲ ਦੀ ਸਜ਼ਾ ਮਗਰੋਂ ਤਾਮਿਲਨਾਡੂ ਵਿਚ ਸਿਆਸੀ ਸਥਿਤਰਤਾ ਦੀ ਤੁਰੰਤ ਵਾਪਸੀ ਦੇ ਕੋਈ ਆਸਾਰ ਦਿਖਾਈ ਨਹੀਂ ਦੇ ਰਹੇ। ਅਦਾਲਤ ਦੇ ਫ਼ੈਸਲੇ ਨੇ ਅਸਲ ਵਿਚ ਅਜਿਹੇ ਕਈ ਸਵਾਲ ਪੈਦਾ ਕਰ ਦਿੱਤੇ ਹਨ ਜੋ ਜੈਲਲਿਤਾ ਦੀ ਅੰਨਾਡੀਐਮਕੇ ਪਾਰਟੀ ਨੂੰ ਵੰਡ ਵੱਲ ਲੈ ਕੇ ਜਾਂਦੇ ਹਨ।



**ਸਜ਼ਾ ਸੁਣਾਏ ਜਾਣ ਬਾਅਦ ਸ਼ਸ਼ੀਕਲਾ ਪਾਰਟੀ ਵਿਧਾਇਕਾਂ ਦੀ ਮੀਟਿੰਗ ਨੂੰ ਸੰਬੋਧਨ ਕਰਨ ਸਮੇਂ ਭਾਵੁਕਤਾਵੱਸ ਆਏ ਅਪਣੇ ਹੰਝੂ ਛੁਪਾਉਂਦੀ ਹੋਈ।**

ਅਦਾਲਤ ਦੇ ਫ਼ੈਸਲੇ ਦੇ ਬਾਵਜੂਦ 'ਅਡੋਲ' ਸ਼ਸ਼ੀਕਲਾ ਨੇ ਆਪਣੇ ਪੁਰਾਣੇ ਵਫ਼ਾਦਾਰ ਈ.ਕੇ. ਪਲਨੀਸਵਾਮੀ ਨੂੰ ਆਪਣੀ ਥਾਂ ਪਾਰਟੀ ਦੇ ਵਿਧਾਇਕ ਦਲ ਦਾ ਨੇਤਾ ਚੁਣ ਲਿਆ ਹੈ। ਜ਼ਾਹਰਾ ਤੌਰ 'ਤੇ ਉਹ ਹੁਣ ਦਸ ਸਾਲ ਤੱਕ ਮੁੱਖ ਮੰਤਰੀ ਨਹੀਂ ਬਣ ਸਕੇਗੀ। ਅਦਾਲਤ ਨੇ ਸ਼ਸ਼ੀਕਲਾ 'ਤੇ 10 ਕਰੋੜ ਦਾ ਜੁਰਮਾਨਾ ਵੀ ਲਾਇਆ ਹੈ। ਜੇਲ੍ਹ ਜਾਣ ਤੋਂ ਪਹਿਲਾਂ ਉਨ੍ਹਾਂ ਨੇ ਪਨੀਰਸੇਲਵਮ ਨੂੰ ਪਾਰਟੀ 'ਚੋਂ ਬਾਹਰ ਦਾ ਰਸਤਾ ਦਿਖਾ ਦਿੱਤਾ

**ਬਾਕੀ ਸਫ਼ਾ 33 'ਤੇ**

# ਨਾਜਾਇਜ਼ ਤੌਰ 'ਤੇ ਰਹਿ ਰਹੇ ਹਜ਼ਾਰਾਂ ਪਰਵਾਸੀ ਗ੍ਰਿਫ਼ਤਾਰ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਅਮਰੀਕੀ ਅਧਿਕਾਰੀਆਂ ਨੇ ਅਜਿਹੇ ਪਰਵਾਸੀਆਂ ਵਿਰੁੱਧ ਛਾਪਾਮਾਰੀ ਕੀਤੀ, ਜੋ ਇਥੇ ਬਿਨਾਂ ਕਾਗ਼ਜ਼ਾਂ ਦੇ ਰਹਿ ਰਹੇ ਹਨ। ਹਜ਼ਾਰਾਂ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਡੋਨਲਡ ਟਰੰਪ ਦੇ ਕਾਰਜਕਾਲ ਵਿਚ ਇਸ ਤਰ੍ਹਾਂ ਦਾ ਛਾਪਾ ਪਹਿਲੀ ਵਾਰ ਮਾਰਿਆ ਗਿਆ ਹੈ। ਇਸ ਕਾਰਨ ਪੂਰੇ ਅਮਰੀਕਾ ਵਿਚ ਲੋਕ ਸਹਿਮੇ ਹੋਏ ਹਨ। ਅਮਰੀਕਾ ਦੀ ਫ਼ੈਡਰਲ ਇੰਮੀਗ੍ਰੇਸ਼ਨ ਐਂਡ ਕਸਟਮ ਇਨਫ਼ੋਰਸਮੈਂਟ (ਆਈ.ਸੀ.ਈ.) ਨੇ ਲਾਸ ਏਂਜਲਸ, ਨਿਊਯਾਰਕ, ਸ਼ਿਕਾਗੋ, ਆਸਟਿਨ, ਐਟਲਾਂਟਾ ਸਮੇਤ ਕਈ ਸ਼ਹਿਰਾਂ ਵਿਚ ਬਿਨਾਂ ਕਾਗ਼ਜ਼ਾਂ ਦੇ ਰਹਿ ਰਹੇ ਪਰਵਾਸੀਆਂ 'ਤੇ ਛਾਪੇ ਮਾਰੇ। ਕੈਲੀਫ਼ੋਰਨੀਆ ਮੈਟ੍ਰੋਪੋਲਿਸ ਤੋਂ ਲਗਭਗ 160 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਨ੍ਹਾਂ ਵਿਚ ਲਗਭਗ 75 ਫ਼ੀਸਦੀ ਲੋਕਾਂ 'ਤੇ ਪਹਿਲਾਂ ਹੀ ਨਾਜਾਇਜ਼ ਤਰੀਕੇ ਨਾਲ ਅਮਰੀਕਾ ਵਿਚ ਰਹਿਣ ਦੇ ਮਾਮਲੇ ਦਰਜ ਹਨ। ਏਜੰਸੀ ਦੇ ਬੁਲਾਰੇ ਜੈਨਿਫਰ ਏਲੀਜ਼ਿਆ ਅਨੁਸਾਰ, "ਇਸ ਕਾਰਵਾਈ ਵਿਚ ਕੁਝ ਵੀ ਵੱਖਰਾ ਨਹੀਂ ਹੈ।




**ਸਬੰਧਿਤ ਹੋਰ ਖ਼ਬਰਾਂ ਸ.ਫਾ 6 ਉੱਤੇ ਪੜ੍ਹੋ**

**ਬਾਕੀ ਸਫ਼ਾ 6 'ਤੇ**




















GRAND OPENING
Spice Jar
INDIAN CUISINE
· Specializing In Tandoor (Clay Oven)
· Vegetarian & Non-Vegetarian Curry
17052 Slover Ave., Ste.J-110
Fontana · 909-350-7010
Mon.- Sun. 11am-10pm · www.spicejar.net
spicejargrill@gmail.com
$1 OFF All-You-Can-Eat Lunch Buffet
Valid Up To 4 People · Total Discount $4
SPICE JAR · 909-350-7010
With this coupon. Not valid with other offers. Expires 1-27-17.
$9.99 All-You-Can-Eat
Lunch Buffet 11am-3pm
A La Carte 5pm-10pm
SPICE JAR · 909-350-7010
With this coupon. Not valid with other offers. Expires 1-27-17.
20% OFF Entire Dinner Check
Menu Only · Not Valid With Buffet
SPICE JAR · 909-350-7010
With this coupon. Not valid with other offers. Expires 1-27-17.
We Specialize In Catering All Occasions
50-1200 guests
Call Or Email For Catering:
spicejargrill@gmail.com
spicejarfontana
@spice_jar


FINANCIAL FREEDOM
REDUCE YOUR DEBT BY UP TO 60%
ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ?
✓ ਆਪਣੇ ਕਰਜ਼ੇ ਨੂੰ 60% ਤੱਕ ਮੁਆਫ਼ ਕਰਾਓ
✓ BANKRUPTCY ਤੋਂ ਬਚੋ ✓ COLLECTION CALLS ਨੂੰ ਰੋਕੋ
ਕੋਈ ਫੀਸ ਨਹੀਂ
ਜਦੋਂ ਤੱਕ ਤੁਹਾਡਾ ਕਰਜ਼ਾ ਮੁਆਫ਼ ਨਹੀਂ ਹੋ ਜਾਂਦਾ
WE WORK IN ALL 50 STATES & CANADA
ਅੱਜ ਹੀ ਸਾਨੂੰ ਕਾਲ ਕਰੋ!
1.888.888.9914
ooraa

# ‘ਕਾਮਾਗਾਟਾ ਮਾਰੂ ਦਾ ਅਸਲੀ ਸਚ’

## ਪੁਸਤਕ ਲੋਕ ਅਰਪਣ ਕਰਨ ਸਬੰਧੀ ਸਮਾਗਮ ਮਿਲਪੀਟਸ ’ਚ 19 ਅਤੇ ਸਟਾਕਟਨ ’ਚ 26 ਨੂੰ

**ਫਰੀਮੌਂਟ/ਬਿਊਰੋ ਨਿਊਜ਼:** ਕਾਮਾਗਾਟਾਮਾਰੂ ਦੇ ਦੁਖਾਂਤ ਨੂੰ ਉਜਾਗਰ ਕਰਦੀ ਸ.ਰਾਜਵਿੰਦਰ ਸਿੰਘ ਰਾਹੀ ਦੀ ਕਿਤਾਬ ‘ਕਾਮਾਗਾਟਾਮਾਰੂ ਦਾ ਅਸਲੀ ਸਚ’ ਨੂੰ ਲੋਕ ਅਰਪਣ ਕਰਨ ਲਈ ਦੋ ਸਮਾਗਮ ਇਸੇ ਮਹੀਨੇ ਮਿਲਪੀਟਸ ਅਤੇ ਸਟਾਕਟਨ ਵਿਖੇ ਕੀਤੇ ਜਾ ਰਹੇ ਹਨ। ਪਹਿਲਾ ਸਮਾਗਮ 19 ਫਰਵਰੀ ਐਤਵਾਰ ਨੂੰ ਬਾਅਦ ਦੁਪਹਿਰ 1:00 ਵਜੇ ਗੁਰਦੁਆਰਾ ਸਿੰਘ ਸਭਾ ਮਿਲਪੀਟਸ ਵਿਖੇ ਕੀਤਾ ਜਾਵੇਗਾ।




ਦੂਜਾ ਪ੍ਰੋਗਰਾਮ ਗ਼ਦਰੀ ਬਾਬਿਆਂ ਦੀ ਇਤਿਹਾਸਿਕ ਧਰਤੀ ਸਟਾਕਟਨ ਵਿਖੇ ਹੋਵੇਗਾ। ਇਸ ਸਬੰਧੀ ਵਿਸ਼ੇਸ਼ ਸਮਾਗਮ ਇਤਿਹਾਸਕ ਗੁਰਦੁਆਰਾ ਸਾਹਿਬ ਸਟਾਕਟਨ ਵਿਖੇ 26 ਫਰਵਰੀ ਐਤਵਾਰ ਨੂੰ ਦੁਪਹਿਰ 12:00 ਵਜੇ ਹੋਵੇਗਾ।

ਸ. ਰਾਜਵਿੰਦਰ ਸਿੰਘ ਰਾਹੀ ਪਹਿਲਾਂ ਵੀ 3 ਕਿਤਾਬਾਂ – ਬਾਬਾ ਸੋਹਣ ਸਿੰਘ ਭਕਨਾ ਦੀ ਜੀਵਨੀ ‘ਮੇਰੀ ਰਾਮ ਕਹਾਣੀ’, ‘ਗ਼ਦਰ ਲਹਿਰ ਦੀ ਅਸਲੀ ਗਾਥਾ-1’ ਅਤੇ ‘ਗ਼ਦਰ ਲਹਿਰ ਦੀ ਅਸਲੀ ਗਾਥਾ-2’ ਪੰਜਾਬੀ ਪਾਠਕਾਂ ਦੇ ਸਨਮੁੱਖ ਕਰਾ ਚੁੱਕੇ ਹਨ। ਇਸ ਕਿਤਾਬ ਰਾਹੀਂ ਨੇ ਕਾਮਾਗਾਟਾਮਾਰੂ ਦੇ ਸਾਹਿਤਕਾਰਾਂ ਵੱਲੋਂ (ਜਾਣ ਬੁੱਝ ਕੇ) ਅਣਗੌਲੇ ਕੀਤੇ ਪੱਖਾਂ ਨੂੰ ਉਜਾਗਰ ਕੀਤਾ ਹੈ। ਲੰਮੀ ਖੋਜ ਤੇ ਭਾਰੀ ਮਿਹਨਤ ਨਾਲ ਲਿਖੀ ਇਹ ਪੁਸਤਕ ਕਾਮਾਗਾਟਾਮਾਰੂ ਜਹਾਜ਼, ਜਿਸ ਦਾ ਅਸਲੀ ਨਾਂ ਗੁਰੂ ਨਾਨਕ ਜਹਾਜ਼ ਹੈ, ਦੇ ਮੁਸਾਫ਼ਰਾਂ ਦੀ ਦਲੇਰੀ, ਸਹਿਣਸ਼ੀਲਤਾ, ਸਿਆਣਪ ਅਤੇ ਔਕੜਾਂ ਸਮੇ ਮਨੋਦਸ਼ਾ ਨੂੰ ਬਾਖ਼ੂਬੀ ਦਰਸਾਉਂਦੀ ਹੈ ।

**ਵਿਸ਼ੇਸ਼ ਸੂਚਨਾ : ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:**

***ਜੈ ਸਿੰਘ*** ਫੋਨ ਨੰਬਰ

**510-677-2777**

# ਮਨੁੱਖੀ ਤਸਕਰੀ ਰੋਕਣ ਲਈ ਸੰਯੁਕਤ ਰਾਸ਼ਟਰ ਦੀ ‘ਬਲਿਊ ਹਾਰਟ ਕੈਂਪੇਨ’ ਦਾ ਹਿੱਸਾ ਬਣੇ ਸਤਿੰਦਰ ਸਰਤਾਜ

**ਨਿਊਯਾਰਕ/ਬਿਊਰੋ ਨਿਊਜ਼ :** ਪੰਜਾਬੀ ਦੇ ਉੱਘੇ ਸੂਫ਼ੀ ਗਾਇਕ ਸਤਿੰਦਰ ਸਰਤਾਜ ਗਾਇਕੀ ਦੇ ਨਾਲ ਨਾਲ ਕੌਮਾਂਤਰੀ ਪੱਧਰ ’ਤੇ ਵੀ ਮਨੁੱਖਤਾ ਲਈ ਵੱਡੀ ਜ਼ਿੰਮੇਵਾਰੀ ਨਿਭਾਉਣ ਜਾ ਰਹੇ ਹਨ। ਵਿਸ਼ਵ ਪੱਧਰ ’ਤੇ ਹੋ ਰਹੀ ਮਨੁੱਖੀ ਤਸਕਰੀ ਖ਼ਿਲਾਫ਼ ਸੰਯੁਕਤ ਰਾਸ਼ਟਰ ਵਲੋਂ ਕੌਮਾਂਤਰੀ ਪੱਧਰ ’ਤੇ ਵਿੱਢੀ ਜੰਗ ਦਾ ਉਹ ਹਿੱਸਾ ਬਣ ਗਏ ਹਨ, ਜਿਸ ਤਹਿਤ ਉਹ ਇਸ ਨੂੰ ਰੋਕਣ ਖ਼ਿਲਾਫ਼ ਅਹਿਮ ਭੂਮਿਕਾ ਨਿਭਾਉਣਗੇ ਅਤੇ ਲੋਕਾਂ ਵਿਚ ਜਾਗਰੂਕਤਾ ਫੈਲਾਉਣਗੇ। ਮਨੁੱਖੀ ਤਸਕਰੀ ਮੌਜੂਦਾ ਸਮੇਂ ਵਿਚ ਸਭ ਤੋਂ ਸ਼ਰਮਨਾਕ ਪ੍ਰਥਾਵਾਂ ਵਿਚੋਂ ਇਕ ਹੈ ਤੇ ਇਹ ਵੀ ਬਾਲ ਮਜ਼ਦੂਰੀ ਅਤੇ ਯੌਨ ਗੁਲਾਮੀ ਦੀ ਉਤਪਤੀ ਹੈ।



ਸੰਯੁਕਤ ਰਾਸ਼ਟਰ ਦੇ ਡਰੱਗ ਅਤੇ ਅਪਰਾਧ ਵਿਭਾਗ (ਯੂ.ਐਨ.ਓ.ਡੀ.ਸੀ.) ਨੇ ਸਤਿੰਦਰ ਸਰਤਾਜ ਨੂੰ ਆਪਣੇ ਪ੍ਰੋਜੈਕਟ ਬਲਿਊ ਹਾਰਟ ਕੈਂਪੇਨ’ ਦਾ ਹਿੱਸਾ ਬਣਾਇਆ ਹੈ। ਸਤਿੰਦਰ ਸਰਤਾਜ ਦੇ ਨਾਲ-ਨਾਲ ਇਸ ਮੁਹਿੰਮ ਲਈ ਭਾਰਤ ਤੋਂ ਉੱਘੇ ਸੰਗੀਤਕਾਰ ਏ.ਆਰ. ਰਹਿਮਾਨ ਤੇ ਗਾਇਕ ਸੋਨੂੰ ਨਿਗਮ ਵਰਗੇ ਗਾਇਕ ਵੀ ਸ਼ਾਮਲ ਹਨ। ਦੁਨੀਆ ਭਰ ਦੇ 30 ਤੋਂ ਵੱਧ ਗਾਇਕ ਮਨੁੱਖੀ ਤਸਕਰੀ ਨੂੰ ਰੋਕਣ ਲਈ ਇਕੱਠੇ ਹੋ ਕੇ ਮਿਊਜ਼ਿਕ ਟੂ ਇੰਸਪਾਇਰ’ ਨਾਂ ਦੀ ਐਲਬਮ ਲੈ ਕੇ ਆਏ ਹਨ, ਜਿਹੜੀ ਰੁਕੁਸ ਐਵੇਨਿਊ ਦੇ ਬੈਨਰ ਹੇਠ ਆਨਲਾਈਨ ਰਿਲੀਜ਼ ਹੋ ਗਈ ਹੈ।

ਹੋਰਨਾਂ ਗਾਇਕਾਂ ਵਿਚ ਓਜ਼ਾਰਕ ਹੈਨਰੀ, ਕਰਮਿਨ, ਜੋਸ ਸਟੋਨ, ਜੈਕ ਐਟਲਾਂਟਿਸ, ਤਿਸ਼ਾ ਕੈਂਪਬੈੱਲ, ਸਟੀਵ ਲੰਡਨ ਤੇ ਲੀ ਇੰਗਲੈਂਡ ਵੀ ਸ਼ਾਮਲ ਹਨ। ਰੁਕੁਸ ਐਵੇਨਿਊ ਲੇਬਲ ਦੇ ਮਾਲਕ ਸੈਮੀ ਚੰਦ ਦਾ ਕਹਿਣਾ ਹੈ ਕਿ ਇਸ ਐਲਬਮ ਰਾਹੀਂ ਹੋਣ ਵਾਲੀ ਕਮਾਈ ਸੰਯੁਕਤ ਰਾਸ਼ਟਰ ਵਾਲੰਟਰੀ ਟਰੱਸਟ ਫੰਡ ਨੂੰ ਦਿੱਤੀ ਜਾਵੇਗੀ, ਜੋ ਪੀੜਤਾਂ ਦੀ ਭਲਾਈ ਲਈ ਵਰਤੀ ਜਾਵੇਗੀ। ਐਲਬਮ ਸ਼ੁੱਕਰਵਾਰ ਨੂੰ ਆਈਟਿਊਨਜ਼, ਐਮਾਜ਼ੋਨ ਤੇ ਗੂਗਲ ਪਲੇਅ ’ਤੇ ਮੁਹੱਈਆ ਕਰਵਾ ਦਿੱਤੀ ਗਈ ਹੈ। ਦੁਨੀਆ ਭਰ ਵਿਚ ਮਨੁੱਖੀ ਤਸਕਰੀ ਦੇ ਹੈਰਾਨੀਜਨਕ ਨਤੀਜੇ ਸਾਹਮਣੇ ਆਏ ਹਨ। 168 ਮਿਲੀਅਨ (16 ਕਰੋੜ 80 ਲੱਖ) ਬੱਚੇ ਇਸ ਸਮੇਂ ਬਾਲ ਮਜ਼ਦੂਰੀ ਕਰ ਰਹੇ ਹਨ, ਜਿਨ੍ਹਾਂ ਵਿਚੋਂ 73 ਮਿਲੀਅਨ (7 ਕਰੋੜ 30 ਲੱਖ) ਬੱਚਿਆਂ ਦੀ ਉਮਰ 10 ਸਾਲ ਤੋਂ ਵੀ ਘੱਟ ਹੈ। ਇਹ ਅੰਕੜੇ ਸਥਿਤੀ ਦੀ ਗੰਭੀਰਤਾ ਬਿਆਨ ਕਰ ਰਹੇ ਹਨ। ਇਸ ਸ਼ਰਮਨਾਕ ਭਿਆਨਕਤਾ ਨੇ ਮਨੁੱਖੀ ਤਸਕਰੀ ਨੂੰ ਜੜ੍ਹੋਂ ਖ਼ਤਮ ਕਰਨ ਦਾ ਪੂਰੀ ਦੁਨੀਆ ਨੂੰ ਸੱਦਾ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਸਤਿੰਦਰ ਸਰਤਾਜ ਦਿ ਬਲੈਕ ਪ੍ਰਿੰਸ’ ਨਾਂ ਦੀ ਫਿਲਮ ਰਾਹੀਂ ਹਾਲੀਵੁੱਡ ਡੈਬਿਊ ਵੀ ਕਰ ਰਹੇ ਹਨ, ਜਿਹੜੀ ਪੰਜਾਬ ਦੇ ਆਖਰੀ ਰਾਜਾ ਮਹਾਰਾਜਾ ਦਲੀਪ ਸਿੰਘ ’ਤੇ ਆਧਾਰਤ ਹੈ। ਆਪਣੀ ਬਲਿਊ ਹਾਰਟ ਕੈਂਪੇਨ’ ਦਾ ਜ਼ਿਕਰ ਕਰਦਿਆਂ ਸਤਿੰਦਰ ਸਰਤਾਜ ਨੇ ਕਿਹਾ ਕਿ ਇਸ ਮੁਹਿੰਮ ਰਾਹੀਂ ਉਨ੍ਹਾਂ ਬੇਦਰਦ ਲੋਕਾਂ ਨੂੰ ਬੇਪਰਦ ਕੀਤਾ ਜਾਵੇਗਾ, ਜੋ ਮਨੁੱਖੀ ਜ਼ਿੰਦਗੀਆਂ ਨੂੰ ਆਪਣੇ ਸਵਾਰਥ ਲਈ ਖਰੀਦਦੇ-ਵੇਚਦੇ ਹਨ। ਇਸ ਸਮੇਂ ਮਨੁੱਖੀ ਤਸਕਰੀ ਰਾਹੀਂ 30 ਮਿਲੀਅਨ ਤੋਂ ਵਧ ਗ਼ੁਲਾਮ ਬਣਾਏ ਜਾ ਚੁੱਕੇ ਹਨ ਤੇ ਇਨ੍ਹਾਂ ਵਿਚੋਂ 80 ਫ਼ੀਸਦੀ ਔਰਤਾਂ ਹਨ। ਬਲਿਊ ਹਾਰਟ ਮੁਹਿੰਮ ਵਿਚ ਹਿੱਸੇਦਾਰੀ ਨੂੰ ਹੱਲਾਸ਼ੇਰੀ ਦੇਣ ਅਤੇ ਕਾਰਵਾਈ ਨੂੰ ਪ੍ਰੇਰਤ ਕਰਨ ਲਈ ਹੋਰ ਵੀ ਲੋਕਾਂ ਨੂੰ ਅੱਗੇ ਆਉਣ ਦਾ ਸੱਦਾ ਦਿੱਤਾ ਗਿਆ ਹੈ। ਇਹ ਮੁਹਿੰਮ ਮਨੁੱਖੀ ਤਸਕਰੀ ਖ਼ਿਲਾਫ਼ ਜਾਗਰੂਕਤਾ ਫੈਲਾਉਣ ਅਤੇ ਸਮਾਜ ਉਪਰ ਇਸ ਦੇ ਅਸਰ ਸਾਹਮਣੇ ਲਿਆਉਣ ਦੀ ਪਹਿਲ ਹੈ। ਸਰਤਾਜ ਨੇ ਦੱਸਿਆ ਕਿ ਪ੍ਰੋਜੈਕਟ ਸੋਂਗ ਆਫ਼ ਹੋਪ’ ਸਰਤਾਜ ਫਾਉਂਡੇਸ਼ਨ ਨੂੰ ਪੇਸ਼ਕਸ਼ ਕੀਤਾ ਗਿਆ ਸੀ ਜੋ ਕਿ ਚੈਰੀਟੇਬਲ ਫਾਉਂਡੇਸ਼ਨ ਹੈ। ਇਸ ਦਾ ਮਕਸਦ ਕਲਾ, ਸਭਿਆਚਾਰ, ਸਿੱਖਿਆ ਅਤੇ ਖੇਡਾਂ ਦੇ ਖੇਤਰ ਵਿਚ ਹੋਣਹਾਰ ਨੌਜਵਾਨਾਂ ਤਕ ਪਹੁੰਚ ਕਰਨਾ ਤੇ ਉਨ੍ਹਾਂ ਨੂੰ ਮਦਦ ਮੁਹੱਈਆ ਕਰਵਾਉਣਾ ਹੈ। ਸਰਤਾਜ ਦਾ ਕਹਿਣਾ ਹੈ, ਆਪਣੇ ਨੌਜਵਾਨਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਅਸੀਂ ਵਚਨਬੱਧ ਹਾਂ ਅਤੇ ਉਨ੍ਹਾਂ ਨੂੰ ਰੱਬ ਵਲੋਂ ਬਖਸ਼ੀ ਦਾਤ ਨੂੰ ਅਸੀਂ ਹੋਰ ਨਿਖਾਰਣ ਦੀ ਜ਼ਿੰਮੇਵਾਰੀ ਚੁੱਕਦੇ ਹਾਂ।’



# ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਵੱਲੋਂ ਬਾਦਲ ਦੇ ਘਿਰਾਓ ਦਾ ਐਲਾਨ

### *ਪੰਥਕ ਰਵਾਇਤਾਂ 'ਤੇ ਪਰਪੱਕ ਰਹਿਣ ਵਾਲੇ ਉਮੀਦਵਾਰਾਂ ਦਾ ਸਾਥ ਦੇਣ ਦੀ ਅਪੀਲ*

**ਨਿਊਯਾਰਕ/ਬਿਊਰੋ ਨਿਊਜ਼ :**
ਅਮਰੀਕਾ ਦੀਆਂ ਗੁਰਦੁਆਰਾ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ ਵੱਲੋਂ ਬਣਾਈ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਨੇ ਅਮਰੀਕਾ ਵਿੱਚ ਪ੍ਰਕਾਸ਼ ਸਿੰਘ ਬਾਦਲ ਦਾ ਘਿਰਾਓ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਤੋਂ ਇਲਾਵਾ ਉਨ੍ਹਾਂ ਦਿਲੀ ਗੁਰਦੁਆਰਾ ਮੈਨੇਜਮੈਂਟ ਕਮੇਟੀ (ਡੀਜੀਐਮਸੀ) ਦੀਆਂ ਹੋ ਰਹੀਆਂ ਚੋਣਾਂ ਵਿਚ ਪੰਥਕ ਕਿਰਦਾਰ ਵਾਲੇ ਉਮੀਦਵਾਰਾਂ ਨੂੰ ਵੋਟ ਪਾਉਣ ਦੀ ਅਪੀਲ ਕੀਤੀ ਹੈ ਅਤੇ ਪੰਜਾਬ ਦੀਆਂ ਸਿਆਸੀ ਪਾਰਟੀਆਂ ਨਿੰਦਾ ਕੀਤੀ ਹੈ ਕਿ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਪਾਣੀਆਂ ਦੇ ਮੁੱਦੇ ਤੋਂ ਲੈ ਕੇ ਲੋਕ ਮੁੱਦਿਆਂ ਨੂੰ ਵਿਸਾਰ ਕੇ ਚੋਣਾਂ ਲੜੀਆਂ ਹਨ।


ਕੋਆਰਡੀਨੇਸ਼ਨ ਕਮੇਟੀ ਦੀ ਮੀਟਿੰਗ ਦੌਰਾਨ ਬੈਠੇ ਸਿੰਘਾਂ ਦੀ ਝਲਕ

ਕੋਆਰਡੀਨੇਸ਼ਨ ਕਮੇਟੀ ਦੀ ਹੋਈ ਵਿਸ਼ੇਸ਼ ਇਕੱਤਰਤਾ ਵਿਚ ਸਰਬ ਸਾਂਝੀ ਰਾਏ ਅਨੁਸਾਰ ਕੀਤੇ ਗਏ ਫ਼ੈਸਲਿਆਂ ਬਾਰੇ ਜਾਣਕਾਰੀ ਦਿੰਦਿਆਂ ਸਾਂਝੀ ਕਮੇਟੀ ਦੇ ਕੋਆਰਡੀਨੇਟਰ ਸ. ਹਿੰਮਤ ਸਿੰਘ ਨੇ ਕਿਹਾ ਹੈ ਕਿ ਸਾਨੂੰ ਪਤਾ ਲੱਗਾ ਹੈ ਕਿ ਅਮਰੀਕਾ ਵਿਚ ਪ੍ਰਕਾਸ਼ ਸਿੰਘ ਬਾਦਲ ਆਪਣਾ ਇਲਾਜ ਕਰਾਉਣ ਲਈ ਆਏ ਹਨ, ਜਿਸ ਦਾ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੈ, ਪਰ ਜੇਕਰ ਉਹ ਅਮਰੀਕਾ ਵਿਚ ਕਿਸੇ ਵੀ ਜਨਤਕ ਸਮਾਗਮ ਨੂੰ ਸੰਬੋਧਨ ਕਰਦੇ ਹਨ ਤਾਂ ਸਿੱਖ ਕੋਆਰਡੀਨੇਸ਼ਨ ਕਮੇਟੀ ਉਸ ਦਾ ਘਿਰਾਓ ਕਰੇਗੀ, ਨਾਲ ਹੀ ਉਸ ਖ਼ਿਲਾਫ਼ ਵਿਰੋਧ ਵੀ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਵਿਸ਼ਵ ਦੀਆਂ ਵੱਡੀਆਂ ਸਿੱਖ ਸੰਸਥਾਵਾਂ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ੍ਰੀ ਅਕਾਲ ਤਖਤ ਸਾਹਿਬ) ਦੇ ਸਿਧਾਂਤਾਂ ਦਾ ਕਤਲ ਕਰਨ ਵਾਲੇ ਪ੍ਰਕਾਸ਼ ਸਿੰਘ ਬਾਦਲ ਨੂੰ ਸਿੱਖ ਕਦੇ ਮਾਫ਼ ਨਹੀਂ ਕਰਨਗੇ। ਸ. ਹਿੰਮਤ ਸਿੰਘ ਨੇ ਅਪੀਲ ਕੀਤੀ ਹੈ ਕਿ (ਡੀਜੀਐਮਸੀ) ਦੀਆਂ ਚੋਣਾਂ ਵਿਚ ਸਾਰੀਆਂ ਪੰਥਕ ਧਿਰਾਂ ਪੰਥਕ ਰਵਾਇਤਾਂ ਸਿਧਾਂਤਾਂ 'ਤੇ ਪਰਪੱਕ ਰਹਿਣ ਵਾਲੇ ਉਮੀਦਵਾਰ ਨੂੰ ਵੋਟਾਂ ਪਾਉਣ, ਵਿਧਾਨ ਸਭਾ ਵਿਚ ਸੌਦਾ ਸਾਧ ਦਾ ਸਮਰਥਨ ਲੈਣ ਵਾਲੇ 'ਡੇਰਾ ਦਲ' (ਸ਼੍ਰੋਮਣੀ ਅਕਾਲੀ ਦਲ) ਨੂੰ ਇਨ੍ਹਾਂ ਚੋਣਾਂ ਵਿਚ ਚਲਦਾ ਕਰਨਾ ਜ਼ਰੂਰੀ ਹੈ। ਮੀਟਿੰਗ ਵਿਚ ਕੀਤੇ ਫ਼ੈਸਲਿਆਂ ਬਾਰੇ ਸ. ਹਿੰਮਤ ਸਿੰਘ ਨੇ ਅੱਗੇ ਕਿਹਾ ਕਿ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਜ਼ਰੂਰੀ ਮੁੱਦਿਆਂ 'ਤੇ ਗੱਲ ਨਾ ਕਰਨ ਬਾਰੇ ਮੀਟਿੰਗ ਵਿਚ ਨਿੰਦਾ ਦਾ ਮਤਾ ਲਿਆਂਦਾ ਗਿਆ। ਸਾਰੀਆਂ ਸਿਆਸੀ ਪਾਰਟੀਆਂ ਦੀ ਨਿੰਦਾ ਕਰਦਿਆਂ ਕਮੇਟੀ ਨੇ ਕਿਹਾ ਕਿ ਪੰਜਾਬ ਹੁਣ ਲਾਵਾਰਸ ਹੋ ਗਿਆ ਹੈ, ਜਿੱਥੇ ਕਿਸੇ ਵੀ ਪਾਰਟੀ ਨੇ ਪਾਣੀਆਂ ਦਾ ਮੁੱਦਾ ਨਹੀਂ ਉਠਾਇਆ, ਨਾ ਹੀ ਨਸ਼ਿਆਂ ਦਾ ਪਰਪੱਕਤਾ ਨਾਲ ਕੀਤਾ ਜਾਣ ਵਾਲਾ ਹੱਲ ਹੀ ਕਿਸੇ ਨੇ ਕੱਢਿਆ ਹੈ। ਕਿਸਾਨੀ ਮੁੱਦੇ, ਬੇਰੁਜ਼ਗਾਰੀ ਦਾ ਮੁੱਦਾ, ਧੀਆਂ ਨੂੰ ਕੁੱਖ ਵਿਚ ਕਤਲ ਕਰਨ ਦਾ ਮੁੱਦਾ, ਗੁਰਦੁਆਰਿਆਂ ਤੇ ਗੈਰ ਪੰਥਕ ਧਿਰਾਂ ਦੇ ਕਬਜ਼ੇ ਦਾ ਮੁੱਦਾ, ਅਨੰਦਪੁਰ ਮਤੇ ਦੀ ਗੱਲ ਤੇ ਹੋਰ ਕਈ ਮਸਲਿਆਂ ਨੂੰ ਕਿਸੇ ਵੀ ਪਾਰਟੀ ਨੇ ਨਹੀਂ ਉਠਾਇਆ। ਇਸ ਮੌਕੇ ਕੇਵਲ ਸਿੰਘ ਸਿੱਧੂ, ਹਰਜਿੰਦਰ ਸਿੰਘ ਪਾਈਨਹਿੱਲ, ਵੀਰ ਸਿੰਘ ਮਾਂਗਟ ਅਤੇ ਦਵਿੰਦਰ ਸਿੰਘ ਦਿਓ ਨੇ ਵੀ ਸੰਬੋਧਨ ਕੀਤਾ।

## ਭਾਰਤ-ਅਮਰੀਕੀ ਮਾਹਰਾਂ ਨੇ ਐਚ-1ਬੀ ਬਿੱਲ 'ਤੇ ਚਿੰਤਾ ਪ੍ਰਗਟਾਈ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਸਿਲੀਕੌਨ ਵੈਲੀ ਆਧਾਰਿਤ ਭਾਰਤ ਅਮਰੀਕੀ ਆਈਟੀ ਮਾਹਰਾਂ ਨੇ ਅਮਰੀਕੀ ਕਾਂਗਰਸ ਵਿਚ ਪੇਸ਼ ਕੀਤੇ ਜਾਣ ਵਾਲੇ ਨਵੇਂ ਐਚ1ਬੀ ਵੀਜ਼ਾ ਬਿਲ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ ਇਸ ਨਾਲ ਭਾਰਤੀਆਂ 'ਤੇ ਸਭ ਤੋਂ ਜ਼ਿਆਦਾ ਮਾੜਾ ਪ੍ਰਭਾਵ ਪਏਗਾ। ਸਿਲੀਕੌਨ ਵੈਲੀ ਵਿਚ 100 ਤੋਂ ਵੱਧ ਭਾਰਤ-ਅਮਰੀਕੀ ਤਕਨਾਲੋਜੀ ਮਾਹਰ ਇਕੱਠੇ ਹੋਏ ਅਤੇ ਉਨ੍ਹਾਂ ਇਸ ਮੁੱਦੇ 'ਤੇ ਕਾਨੂੰਨਸਾਜ਼ਾਂ ਅਤੇ ਨੀਤੀ ਘਾੜਿਆਂ ਨੂੰ ਜਾਗਰੂਕ ਕਰਨ ਦਾ ਫ਼ੈਸਲਾ ਲਿਆ। ਗਲੋਬਲ ਇੰਡੀਅਨ ਤਕਨਾਲੋਜੀ ਪ੍ਰੋਫ਼ੈਸ਼ਨਲਸ ਐਸੋਸੀਏਸ਼ਨ ਦੇ ਪ੍ਰਧਾਨ ਖਾਂਡੇਰਾਓ




ਕਾਂਡ ਨੇ ਕਿਹਾ ਕਿ ਉਹ ਸੁਧਾਰਾਂ ਦੀ ਹਮਾਇਤ ਕਰਦੇ ਹਨ ਪਰ ਬਿਲ ਦੀਆਂ ਮੱਦਾਂ ਨਾਲ ਅਮਰੀਕੀ ਯੂਨੀਵਰਸਿਟੀਆਂ ਵਿਚ ਪੜ੍ਹਦੇ ਭਾਰਤੀਆਂ ਅਤੇ ਕਿੱਤਾ ਮਾਹਰਾਂ 'ਤੇ ਅਸਰ ਪਏਗਾ ਕਿਉਂਕਿ ਉਨ੍ਹਾਂ ਨੂੰ ਘੱਟੋ ਘੱਟ ਤਨਖ਼ਾਹਾਂ ਦੇਣ ਵਾਲੀਆਂ ਕੰਪਨੀਆਂ ਮਿਲਣਾ ਮੁਸ਼ਕਲ ਹੋ ਜਾਏਗਾ। ਉਨ੍ਹਾਂ ਭਾਰਤੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੂੰ ਵੀ ਪੱਤਰ ਲਿਖ ਕੇ ਇਸ ਮਸਲੇ ਦਾ ਹੱਲ ਕਰਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਗਰੀਨ ਕਾਰਡ ਹੋਲਡਰਾਂ 'ਤੇ ਬਿਲ ਦਾ ਅਸਰ ਪਏਗਾ ਕਿਉਂਕਿ ਅਰਜ਼ੀਕਾਰਾਂ ਨੂੰ ਦਹਾਕੇ ਤੋਂ ਵੱਧ ਸਮੇਂ ਲਈ ਉਡੀਕ ਕਰਨੀ ਪੈ ਸਕਦੀ ਹੈ।

## ਸਿੱਖ ਜਥੇਬੰਦੀ ਨੇ 'ਸਾਕਾ ਨੀਲਾ ਤਾਰਾ' ਵਿੱਚ ਯੂਕੇ ਦੀ ਸ਼ਮੂਲੀਅਤ ਬਾਰੇ ਜਾਂਚ ਮੰਗੀ

**ਲੰਡਨ/ਬਿਊਰੋ ਨਿਊਜ਼ :**
ਯੂਕੇ ਦੀ ਸਿੱਖ ਜਥੇਬੰਦੀ ਨੇ 1984 ਵਿੱਚ ਸਾਕਾ ਨੀਲਾ ਤਾਰਾ ਵਿੱਚ ਬਰਤਾਨੀਆ ਦੀ ਕਥਿਤ ਸ਼ਮੂਲੀਅਤ ਬਾਰੇ ਜਨਤਕ ਪੜਤਾਲ ਦੀ ਮੰਗ ਲਈ ਵਿਦੇਸ਼ ਅਤੇ ਰਾਸ਼ਟਰਮੰਡਲ ਦਫ਼ਤਰ ਨੂੰ ਪੱਤਰ ਲਿਖਿਆ ਹੈ। ਸਿੱਖ ਫੈਡਰੇਸ਼ਨ ਯੂਕੇ ਵੱਲੋਂ ਰਿਪੋਰਟ 'ਸਿੱਖਾਂ ਦੀ ਸ਼ਹਾਦਤ: ਪੜਤਾਲ ਦੀ ਲੋੜ' ਉਤੇ ਕੰਮ ਕੀਤਾ ਗਿਆ ਹੈ, ਜਿਸ ਵਿੱਚ ਸਿੱਖਾਂ ਦੇ ਪਵਿੱਤਰ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਉਤੇ ਫ਼ੌਜੀ ਹਮਲੇ ਵਿੱਚ ਯੂਕੇ ਦਾ ਹੱਥ ਹੋਣ ਦੇ ਸਬੂਤ ਹੋਣ ਦਾ ਦਾਅਵਾ ਕੀਤਾ ਗਿਆ ਹੈ।
ਭਾਰਤੀ ਮੂਲ ਦੇ ਵਿਦੇਸ਼ ਮੰਤਰੀ ਅਲੋਕ ਸ਼ਰਮਾ, ਜੋ ਭਾਰਤ ਤੇ ਪੈਸੇਫਿਕ ਮਾਮਲਿਆਂ ਦੇ ਇੰਚਾਰਜ ਵੀ ਹਨ, ਨੂੰ ਸੰਬੋਧਤ ਪੱਤਰ ਵਿਚ ਲਿਖਿਆ ਹੈ, 'ਇਹ ਜਨਤਕ ਮਹੱਤਤਾ ਲਈ ਅਹਿਮ ਹੈ ਕਿ ਦੋਸ਼ਾਂ ਦੀ ਪੜਤਾਲ ਗੰਭੀਰ ਤੇ ਪਾਰਦਰਸ਼ੀ ਢੰਗ ਨਾਲ ਕੀਤੀ ਗਈ ਹੈ।' ਇਸ ਪੱਤਰ ਵਿੱਚ ਦਾਅਵਾ ਕੀਤਾ ਗਿਆ ਹੈ ਕਿ 2014 ਹੇਅਵੁੱਡ ਸਮੀਖਿਆ, ਜੋ ਤਤਕਾਲੀ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਵੱਲੋਂ ਸਾਕਾ ਨੀਲਾ ਤਾਰਾ ਵਿੱਚ ਬ੍ਰਿਟੇਨ ਦੀ ਸ਼ਮੂਲੀਅਤ ਦਾ ਪੱਧਰ ਜਾਣਨ ਲਈ ਕਰਾਈ ਸੀ, ਵਿੱਚ ਕਈ 'ਤਰੁੱਟੀਆਂ' ਹਨ ਕਿਉਂਕਿ ਇਸ ਵਿੱਚ 'ਸਿੱਧੇ ਤੌਰ 'ਤੇ ਸਬੰਧਤ' ਸਮੱਗਰੀ ਉਤੇ ਵਿਚਾਰ ਨਹੀਂ ਕੀਤਾ ਗਿਆ। ਐਫਸੀਓ ਨੇ ਇਹ ਪੱਤਰ ਮਿਲਣ ਦੀ ਪੁਸ਼ਟੀ ਕੀਤੀ ਹੈ। ਉਸ ਨੇ 2 ਫਰਵਰੀ ਮਿਤੀ ਵਾਲੇ ਪੱਤਰ ਵਿੱਚ ਲਿਖਿਆ, 'ਤੁਹਾਡੇ ਪੱਤਰ ਵਿੱਚ ਉਠਾਏ ਗਏ ਤੱਥਾਂ ਉਤੇ ਵਿਦੇਸ਼ ਤੇ ਰਾਸ਼ਟਰਮੰਡਲ ਦਫ਼ਤਰ ਵਿਚਾਰ ਕਰ ਰਿਹਾ ਹੈ। ਤੁਹਾਨੂੰ ਵਿਸਥਾਰ ਵਿੱਚ ਜਲਦੀ ਜਵਾਬ ਦਿੱਤਾ ਜਾਵੇਗਾ।'


CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- H-1 B VISA PETITION
- STUDENT VISA
- RELIGIOUS VISA
- LEGAL SERVICES








Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585

Fremont Office
4127 Bay Street, Suite 5

Tracy Office
95 W. 11th Street, Suite 205

www.caials.com rosy@caials.com



Allstate You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS


Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



B Sons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!




Office Hours
Mon-Fri
9am-6pm
Saturday
9am-5pm

CST. REG #2092042-40
We Also Have Special Vacation Packages
President : Avtar Singh
Contact any time from anywhere
Tel 707.703.1451 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533

# ਸਾਕਾ ਨਕੋਦਰ : ਸ਼ਹੀਦਾਂ ਦੀਆਂ ਤਸਵੀਰਾਂ ਸਿੱਖ ਅਜਾਇਬ ਘਰ 'ਚ ਲਾਉਣ ਬਾਰੇ ਮਤਾ ਸ਼੍ਰੋਮਣੀ ਕਮੇਟੀ ਦੀ ਮੀਟਿੰਗ 'ਚ ਪਾਸ ਹੋਵੇਗਾ

## ਸ਼੍ਰੋਮਣੀ ਕਮੇਟੀ ਮੀਟਿੰਗ 17 ਫਰਵਰੀ ਨੂੰ ਹੋਵੇਗੀ



**ਅੰਮ੍ਰਿਤਸਰ/ਬਿਊਰੋ ਨਿਊਜ਼ :** ਸਾਕਾ ਨਕੋਦਰ ਦੇ ਸ਼ਹੀਦਾਂ ਭਾਈ ਰਵਿੰਦਰ ਸਿੰਘ ਲਿੱਤਰਾਂ, ਭਾਈ ਹਰਮਿੰਦਰ ਸਿੰਘ ਚਲੂਪੁਰ, ਭਾਈ ਬਲਧੀਰ ਸਿੰਘ ਫ਼ੌਜੀ ਅਤੇ ਭਾਈ ਝਲਮਣ ਸਿੰਘ ਗੋਰਸੀਆਂ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਾਉਣ ਸਬੰਧੀ ਮਤਾ 17 ਫਰਵਰੀ ਨੂੰ ਹੋ ਰਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿਗ ਕਮੇਟੀ ਦੀ ਮੀਟਿੰਗ ਵਿਚ ਪਾਸ ਕੀਤਾ ਜਾਵੇਗਾ। ਇਹ ਜਾਣਕਾਰੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦੇ ਪੀ.ਏ. ਸੁਖਦੇਵ ਸਿੰਘ ਭੂਰਾ-ਕੋਨਾ ਨੇ ਦਿੱਤੀ।

ਜ਼ਿਕਰਯੋਗ ਹੈ ਕਿ 2 ਫਰਵਰੀ 1986 ਨੂੰ ਪੰਜਾਬ ਦੇ ਸ਼ਹਿਰ ਨਕੋਦਰ ਵਿਖੇ ਮੁਹੱਲਾ ਗੁਰੂ ਨਾਨਕਪੁਰਾ ਦੇ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 4 ਸਰੂਪ ਸਿੱਖ ਧਰਮ ਵਿਰੋਧੀ ਅਨਸਰਾਂ ਵਲੋਂ ਅਗਨ ਭੇਟ ਕਰ ਦਿੱਤੇ ਗਏ ਸਨ ਤੇ ਬਾਅਦ ਵਿਚ 4 ਫਰਵਰੀ 1986 ਨੂੰ ਪੰਜਾਬ ਪੁਲੀਸ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਿਰੁੱਧ ਸ਼ਾਂਤਮਈ ਵਿਖਾਵਾ ਕਰ ਰਹੇ ਸਿੱਖਾਂ 'ਤੇ ਬਿਨਾਂ ਕਿਸੇ ਭੜਕਾਹਟ ਦੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ ਸਨ, ਜਿਸ ਵਿਚ ਚਾਰ ਸਿੰਘ ਸ਼ਹੀਦ ਹੋ ਗਏ ਸਨ। ਭਾਈ ਰਵਿੰਦਰ ਸਿੰਘ ਲਿੱਤਰਾਂ ਦੇ ਮਾਤਾ ਬਲਦੀਪ ਕੌਰ ਤੇ ਪਿਤਾ ਬਲਦੇਵ ਸਿੰਘ ਨੇ ਪ੍ਰੋ. ਬਡੂੰਗਰ ਨੂੰ ਚਿੱਠੀ ਲਿਖ ਕੇ ਮੰਗ ਕੀਤੀ ਸੀ ਕਿ ਇਨ੍ਹਾਂ ਸ਼ਹੀਦਾਂ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਾਈਆਂ ਜਾਣ। ਉਨ੍ਹਾਂ ਨੇ ਚਿੱਠੀ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦਾ ਧਿਆਨ 2 ਫਰਵਰੀ 2011 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਏ ਸਮਾਗਮ ਵੱਲ ਦਿਵਾਇਆ ਗਿਆ, ਜਿਸ ਦੌਰਾਨ ਗਿਆਨੀ ਗੁਰਬਚਨ ਸਿੰਘ ਵਲੋਂ ਕੁਰਬਾਨੀ ਦੇਣ ਵਾਲੇ ਸਿੰਘਾਂ ਨੂੰ ਕੌਮੀ ਸ਼ਹੀਦ ਕਰਾਰ ਦਿੱਤਾ ਸੀ। ਗਿਆਨੀ ਗੁਰਬਚਨ ਸਿੰਘ ਨੇ ਇਨ੍ਹਾਂ ਸਿੱਖ ਸ਼ਹੀਦਾਂ ਦੇ ਚਿੱਤਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਾਉਣ ਲਈ ਸ਼੍ਰੋਮਣੀ ਕਮੇਟੀ ਨੂੰ ਹਦਾਇਤ ਕੀਤੀ ਸੀ ਪਰ ਅਜੇ ਤਕ ਕੇਂਦਰੀ ਅਜਾਇਬ ਘਰ ਵਿਚ ਇਨ੍ਹਾਂ ਸ਼ਹੀਦਾਂ ਦੀਆਂ ਤਸਵੀਰਾਂ ਨਹੀਂ ਲਗ ਸਕੀਆਂ।

ਭਾਈ ਰਵਿੰਦਰ ਸਿੰਘ ਲਿੱਤਰਾਂ ਦੇ ਪਰਿਵਾਰ ਨੇ ਕੈਨੇਡਾ-ਅਮਰੀਕਾ ਦੇ ਕੁਝ ਗੁਰਦੁਆਰਿਆਂ ਵਿਚ ਇਹ ਤਸਵੀਰਾਂ ਲਾਉਣ ਦਾ ਉਪਰਾਲਾ ਆਰੰਭਿਆ ਹੈ ਤਾਂ ਜੋ ਸ਼੍ਰੋਮਣੀ ਕਮੇਟੀ ਨੂੰ ਆਪਣੇ ਫਰਜ਼ਾਂ ਦਾ ਅਹਿਸਾਸ ਹੋ ਸਕੇ। ਇਸੇ ਯਤਨਾਂ ਤਹਿਤ ਕੈਲੀਫੋਰਨੀਆ ਦੇ ਇਤਿਹਾਸਕ ਗੁਰਦੁਆਰਾ ਸਟਾਕਟਨ ਵਿਖੇ ਸੰਗਤ ਦੇ ਸਹਿਯੋਗ ਨਾਲ ਚਾਰ ਸ਼ਹੀਦਾਂ ਦੀਆਂ ਤਸਵੀਰਾਂ ਲਾਈਆਂ ਗਈਆਂ ਹਨ।

**'ਆਧੁਨਿਕਤਾ ਇਕ ਪੜਚੋਲ' ਵਿਸ਼ੇ 'ਤੇ ਵਿਚਾਰ-ਚਰਚਾ**

# ਅਧਿਆਤਮ ਤੋਂ ਟੁੱਟਣ ਕਾਰਨ ਆਧੁਨਿਕਤਾ ਦਾ ਸੰਕਲਪ ਆਪਣੇ ਨਿਸ਼ਾਨੇ ਤੋਂ ਖੁੰਝ ਰਿਹੈ : ਅਜਮੇਰ ਸਿੰਘ

**ਲੁਧਿਆਣਾ/ਬਿਊਰੋ ਨਿਊਜ਼,** ਉੱਘੇ ਸਿੱਖ ਵਿਦਵਾਨ ਅਤੇ ਇਤਿਹਾਸਕਾਰ ਅਜਮੇਰ ਸਿੰਘ ਦਾ ਕਹਿਣਾ ਹੈ ਕਿ ਅਧਿਆਤਮ ਤੋਂ ਟੁੱਟ ਕੇ ਆਧੁਨਿਕਤਾ ਦਾ ਸੰਕਲਪ ਆਪਣੇ ਨਿਸ਼ਾਨੇ ਤੋਂ ਖੁੰਝ ਰਿਹਾ ਹੈ। ਸੰਵਾਦ ਸੰਸਥਾ ਵਲੋਂ 'ਆਧੁਨਿਕਤਾ ਇਕ ਪੜਚੋਲ' ਵਿਸ਼ੇ 'ਤੇ ਸਥਾਨਕ ਪੰਜਾਬੀ ਭਵਨ ਵਿਚ ਲੰਘੇ ਸ਼ਨਿਚਰਵਾਰ ਕਰਵਾਈ ਵਿਚਾਰ ਹੋਈ ਚਰਚਾ ਮੌਕੇ ਜਮਹੂਰੀਅਤ ਪ੍ਰਬੰਧ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਸਿੱਖ ਸਿਧਾਂਤ ਸੱਤਾ ਬਦਲਾਅ ਨੂੰ ਨਹੀਂ ਬਲਕਿ ਸਮਾਜਿਕ ਤੇ ਮਾਨਸਿਕ ਬਦਲਾਅ ਨੂੰ ਬਿਆਨਦੇ ਹਨ। ਉਨ੍ਹਾਂ ਕਿਹਾ ਕਿ ਸਿੱਖੀ ਦੀ ਆਤਮਾ ਉਪਰਕੋਤ ਘਟਨਾਕਰਮ ਤੋਂ ਬਹੁਤ ਉਪਰ ਹੈ। ਸਿੱਖੀ ਵਿਚ ਮਨੁੱਖ ਨੂੰ ਸੰਪੂਰਨ ਮਨੁੱਖ ਬਣਾਉਣ ਲਈ ਰਾਜ ਇਕ ਸਾਧਨ ਹੋਵੇਗਾ। ਅਜਮੇਰ ਸਿੰਘ ਨੇ ਕਿਹਾ ਕਿ ਯੂਰਪੀ ਪਦਾਰਥਵਾਦ ਦੇ ਸਿਧਾਂਤ ਵਿਚ ਸੱਤਾ ਪ੍ਰਾਪਤੀ ਦਾ ਮਕਸਦ ਸਾਧਨਾਂ 'ਤੇ ਕਬਜ਼ਾ ਕਰਨਾ ਹੁੰਦਾ ਹੈ ਜਦਕਿ ਅਧਿਆਤਮਵਾਦ ਵਿਚ ਰਾਜ ਸੱਤਾ ਨੂੰ ਮਨੁੱਖਤਾ ਦੀ ਭਲਾਈ ਲਈ ਸਾਧਨ ਬਣਾਉਣ ਦਾ ਸੰਕਲਪ ਹੈ ਜੋ ਕਿ ਗੁਰਮਤਿ ਵਿਚਾਰਧਾਰਾ ਤੇ ਸਿੱਖ ਸਿਧਾਂਤਾਂ ਦਾ ਮੂਲ ਹੈ। ਆਧੁਨਿਕਤਾ ਦੇ ਉਘੜਵੇਂ ਲੱਛਣ ਜਾਂ ਨੁਕਸ ਬਾਰੇ ਵਿਸਥਾਰ ਨਾਲ ਚਰਚਾ ਕਰਦਿਆਂ ਉਨ੍ਹਾਂ ਕਿਹਾ ਕਿ ਆਧੁਨਿਕਤਾ ਦਾ ਸੰਕਲਪ ਆਪਣੇ ਨਿਸ਼ਾਨੇ ਤੋਂ ਖੁੰਝ ਰਿਹਾ ਹੈ।

## ਅਧਿਆਤਮ ਤੇ ਆਧੁਨਿਕਤਾ ਵਿਚਾਲੇ ਡੂੰਘੇ ਵਖਰੇਵੇਂ : ਪ੍ਰੋ. ਕੰਵਲਜੀਤ ਸਿੰਘ



'ਆਧੁਨਿਕਤਾ ਇਕ ਪੜਚੋਲ' ਵਿਸ਼ੇ 'ਤੇ ਵਿਚਾਰ ਚਰਚਾ ਦੌਰਾਨ ਬੁਲਾਰਿਆਂ ਨੂੰ ਸੁਣਦੇ ਹੋਏ ਸਰੋਤੇ

ਸ੍ਰੀ ਗੁਰੂ ਅੰਗਦ ਦੇਵ ਕਾਲਜ ਦੇ ਪ੍ਰੋ. ਕੰਵਲਜੀਤ ਸਿੰਘ ਨੇ ਕਿਹਾ ਕਿ ਅਧਿਆਤਮ ਤੋਂ ਆਧੁਨਿਕਤਾ ਵਿਚਾਲੇ ਮੂਲ ਵਖਰੇਵੇਂ ਬੇਹੱਦ ਡੂੰਘੇ ਹਨ। ਉਨ੍ਹਾਂ ਕਿਹਾ ਕਿ ਅਧਿਆਤਮ ਦਾ ਮੂਲ ਸਿਧਾਂਤ ਕਾਦਰ ਵੱਲੋਂ ਕਾਇਨਾਤ ਵਿਚ ਬਖ਼ਸ਼ੀਆਂ ਸਹੂਲਤਾਂ ਤੇ ਵਸਤੂਆਂ ਲਈ ਸ਼ੁਕਰਗੁਜਾਰ ਹੋਣਾ ਸਿਖਾਇਆ ਜਾਂਦੈ ਜਦਕਿ ਆਧੁਨਿਕਤਾ ਦਾ ਮੂਲ ਸਿਧਾਂਤ ਕੇਵਲ ਜੀਵਨ ਲਈ ਸੁਖ ਸਹੂਲਤਾਂ ਪੈਦਾ ਕਰਨਾ ਹੈ। ਉਨ੍ਹਾਂ ਕਿਹਾ ਕਿ ਆਧੁਨਿਕਤਾ ਦੇ ਪ੍ਰਭਾਵ ਹੇਠ ਆ ਕੇ ਪੁਰਾਤਨ ਵਿਦਵਾਨਾਂ ਵਲੋਂ ਕੀਤੇ ਗੁਰਬਾਣੀ ਦੇ ਅਰਥਾਂ ਨੇ ਵੀ ਗੁਰਮਤਿ ਵਿਚਾਰਧਾਰਾ ਦੇ ਮੂਲ ਅਧਿਆਤਮ ਨੂੰ ਵੱਖਰੇ ਢੰਗ ਨਾਲ ਪੇਸ ਕਰਨ ਦਾ ਯਤਨ ਕੀਤਾ, ਇਸੇ ਯਤਨ ਕਾਰਨ ਸਿੱਖ ਕੌਮ ਵਿਚ ਕਈ ਨਵੇਂ ਬਖੇੜਿਆਂ ਨੇ ਜਨਮ ਲਿਆ। ਮਨਧੀਰ ਸਿੰਘ ਨੇ ਵਿਚਾਰ ਚਰਚਾ ਦੌਰਾਨ ਸਟੇਜ ਸਕੱਤਰ ਦੀ ਜ਼ੁੰਮੇਵਾਰੀ ਨਿਭਾਉਂਦਿਆਂ ਦੋਵਾਂ ਵਿਦਵਾਨਾਂ ਦੇ ਵਿਚਾਰਾਂ ਦਾ ਤੱਤ ਨਾਲੋ ਨਾਲ ਬਹੁਤ ਹੀ ਸੰਖੇਪ ਅਤੇ ਸੇਧਤ ਰੂਪ ਵਿੱਚ ਸਰੋਤਿਆਂ ਨਾਲ ਸਾਝਾ ਕੀਤਾ। ਇਸ ਮੌਕੇ ਭਾਈ ਦਲਜੀਤ ਸਿੰਘ ਬਿੱਟੂ, ਡਾ.ਸੇਵਕ ਸਿੰਘ, ਐਡਵੋਕੇਟ ਜਸਪਾਲ ਸਿੰਘ ਮੰਝਪੁਰ, ਪ੍ਰੋ. ਸਿਕੰਦਰ ਸਿੰਘ, ਪ੍ਰੋ. ਦਰਸ਼ਨ ਸਿੰਘ, ਪ੍ਰੋ. ਜਗਮੋਹਣ ਸਿੰਘ ਟੋਨੀ, ਪਰਮਜੀਤ ਸਿੰਘ ਗਾਜ਼ੀ ਅਤੇ ਹੋਰ ਸਿੱਖ ਚਿੰਤਕ ਵੀ ਹਾਜ਼ਰ ਸਨ।

LAW OFFICE OF
PARDEEP S. GREWAL
ਪ੍ਰਦੀਪ ਸਿੰਘ ਗਰੇਵਾਲ
Bankruptcy
Immigration • Divorce
ਬੈਂਕਰਪਸੀ
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
ਇਮੀਗ੍ਰੇਸ਼ਨ ਲਾਅ
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
ਪਰਿਵਾਰਕ ਕਾਨੂੰਨ
ਤਲਾਕ



Pardeep S. Grewal
Attorney At Law

Bankruptcy
- Chapter 7 & 13 Bankruptcy
- Protect Your Assets- Home, Etc..
- Start Fresh- Clear

Family Law • Divorce

Immigration Law
- Deportation Cases- BIA Appeals
- Ninth Circuit Appeals
- Adjustment of Status (Green Card)
- Visa Petitions, NVC

ਇਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ
510.889.1999
email : info@pardeeplaw.com
20980 REDWOOD ROAD, SUITE 240 • CASTRO VALLEY CA 94546

SFO/LAX to DELHI



FARE as LOW as
Starting from
695 to 895
With Senior Citizens & Students Discount
(including taxes)
Flights to Amritsar available at higher airfare
INFINITY TRAVEL (408-245-8444)
Low season fare subject to availability
Restrictions apply (cst# 1007726-10)

SINGH EXPRESS INC
- ਸਾਨੂੰ ਔਕਲੈਂਡ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਦੀ ਲੋੜ ਹੈ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰਕੇ ਮਹੀਨੇ ਦਾ $4500 ਤੋਂ $5000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਅਰਾਮਦਾਇਕ ਮਾਹੌਲ
- ਰੋਜ਼ਾਨਾ ਸ਼ਾਮ ਨੂੰ ਘਰ ਜਾਓ
- ਅਸੀਂ ਸਾਲਾਨਾ ਬੋਨਸ ਵੀ ਦਿੰਦੇ ਹਾਂ
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।



ਹੋਰ ਜਾਣਕਾਰੀ ਲਈ ਹੇਠ ਲਿਖੇ ਫੋਨ ਨੰਬਰਾਂ 'ਤੇ ਸੰਪਰਕ ਕਰੋ
ਸਤਨਾਮ ਸਿੰਘ (510) 543-3778, ਕੰਵਲਜੀਤ ਸਿੰਘ (510) 598-7345, (510) 415-9901

# ਟਰੰਪ ਨੂੰ ਫੇਰ ਝਟਕਾ : ਮੁਸਲਿਮ ਦੇਸ਼ਾਂ 'ਤੇ ਪਾਬੰਦੀ ਦਾ ਹੁਕਮ ਨਹੀਂ ਹੋਵੇਗਾ ਬਹਾਲ

## ਟਰੰਪ ਨੇ ਅਦਾਲਤੀ ਫ਼ੈਸਲੇ ਨੂੰ ਭੰਡਿਆ

**ਸਾਨ ਫਰਾਂਸਿਸਕੋ/ਬਿਊਰੋ ਨਿਊਜ਼ :** ਅਮਰੀਕਾ ਦੀ ਅਪੀਲ ਅਦਾਲਤ ਨੇ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਵੱਡਾ ਝਟਕਾ ਦਿੰਦਿਆਂ ਉਨ੍ਹਾਂ ਦੇ 7 ਮੁਸਲਿਮ ਦੇਸ਼ਾਂ ਦੇ ਸ਼ਰਨਾਰਥੀਆਂ ਤੇ ਨਾਗਰਿਕਾਂ 'ਤੇ ਅਮਰੀਕਾ ਵਿਚ ਦਾਖਲ ਹੋਣ 'ਤੇ ਇਕ ਆਰਡਰ ਰਾਹੀਂ ਲਾਈ ਵਿਵਾਦਪੂਰਨ ਪਾਬੰਦੀ ਨੂੰ ਸਰਬਸੰਮਤੀ ਨਾਲ ਬਹਾਲ ਕਰਨ ਤੋਂ ਇਨਕਾਰ ਕਰ ਦਿੱਤਾ। ਦੂਸਰੇ ਪਾਸੇ ਟਰੰਪ ਨੇ ਵੀ 'ਮੈਂ ਨਾ ਮਾਨੂੰ' ਵਾਲੀ ਰਟ ਲਾਉਂਦੇ ਹੋਏ ਇਸ ਫ਼ੈਸਲੇ ਖਿਲਾਫ ਲੜਨ ਦਾ ਪ੍ਰਣ ਕਰਦਿਆਂ ਅਦਾਲਤ ਦੇ ਨਿਰਣੇ ਨੂੰ ਸਿਆਸੀ ਫ਼ੈਸਲਾ ਕਹਿ ਕੇ ਭੰਡਿਆ ਹੈ। ਸਾਨ ਫਰਾਂਸਿਸਕੋ ਦੀ ਫੈਡਰਲ ਅਪੀਲ ਅਦਾਲਤ ਦੇ ਤਿੰਨ ਜੱਜਾਂ ਦੇ ਫ਼ੈਸਲੇ ਨੂੰ ਟਰੰਪ ਪ੍ਰਸ਼ਾਸਨ ਲਈ ਮਹੱਤਵਪੂਰਨ ਝਟਕੇ ਵਜੋਂ ਦੇਖਿਆ ਜਾ ਰਿਹਾ ਹੈ, ਜਿਸ ਨੇ ਦਲੀਲ ਦਿੱਤੀ ਸੀ ਕਿ ਅਗਜ਼ੈਕਟਿਵ ਆਰਡਰ ਗਰਮਖਿਆਲ ਇਸਲਾਮਿਕ ਅੱਤਵਾਦੀਆਂ ਨੂੰ ਆਪਣੇ ਦੇਸ਼ ਵਿਚ ਦਾਖਲ ਹੋਣ ਤੋਂ ਰੋਕਣ ਲਈ ਵੱਡਾ ਕਦਮ ਹੈ। ਟਰੰਪ ਨੇ ਅਦਾਲਤ ਦੇ ਫ਼ੈਸਲੇ 'ਤੇ ਤੁਰੰਤ ਟਵੀਟ ਕਰਕੇ ਪ੍ਰਤੀਕਿਰਿਆ ਦਿੱਤੀ ਹੈ। ਉਨ੍ਹਾਂ ਲਿਖਿਆ ਕਿ ਤੁਸੀਂ ਅਦਾਲਤ ਦਾ ਫ਼ੈਸਲਾ ਸੁਣਿਆ ਹੈ, ਸਾਡੇ ਦੇਸ਼ ਦੀ ਸੁਰੱਖਿਆ ਦਾਅ 'ਤੇ ਲਾ ਦਿੱਤੀ ਹੈ। ਉਨ੍ਹਾਂ ਸੰਕੇਤ ਦਿੱਤਾ ਕਿ ਉਹ ਅਦਾਲਤ ਦੇ ਫ਼ੈਸਲੇ ਤੋਂ ਬਹੁਤ ਜ਼ਿਆਦਾ ਨਿਰਾਸ਼ ਹੋਏ ਹਨ। ਸਾਨ ਫਰਾਂਸਿਸਕੋ ਅਦਾਲਤ ਨੇ ਇਸ ਹਫਤੇ ਦੇ ਸ਼ੁਰੂ ਵਿਚ ਜ਼ੁਬਾਨੀ ਸੁਣਵਾਈ ਕੀਤੀ ਸੀ। ਬੈਂਚ ਵਿਚ ਜੱਜ ਵਿਲੀਅਮ ਸੀ. ਕੈਨਬੀ ਜੂਨੀਅਰ, ਰਿਚਰਡ ਆਰ ਕਲਿਫਟਨ ਅਤੇ ਮਿਸ਼ੇਲ ਟੀ ਫਰੀਡਲੈਂਡ ਸ਼ਾਮਲ ਹਨ। ਜੱਜਾਂ ਨੇ ਆਪਣੇ ਹੁਕਮ ਵਿਚ ਕਿਹਾ ਕਿ ਅਸੀਂ ਦੇਖਿਆ ਕਿ ਸਰਕਾਰ ਆਪਣੀ ਅਪੀਲ ਦੀਆਂ ਖ਼ੂਬੀਆਂ ਦੀ ਸੰਭਾਵਤ ਸਫਲਤਾ ਲਈ ਕੁਝ ਵੀ ਪੇਸ਼ ਨਹੀਂ ਕਰ ਸਕੀ ਅਤੇ ਨਾ ਹੀ ਸਰਕਾਰ ਇਹ ਦਿਖਾ ਸਕੀ ਕਿ ਜੇਕਰ ਰੋਕ ਨਾ ਲਾਈ ਤਾਂ ਉਸ ਨਾਲ ਨਾ ਪੂਰਿਆ ਜਾਣ ਵਾਲਾ ਨੁਕਸਾਨ ਹੋਵੇਗਾ, ਇਸ ਲਈ ਅਸੀਂ ਰੋਕ 'ਤੇ ਆਪਣਾ ਹੰਗਾਮੀ ਹੁਕਮ ਦੇਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਲਿਖਿਆ ਕਿ ਅਗਜੈਕਟਿਵ ਆਰਡਰ ਦੇ ਸਬੰਧ ਵਿਚ ਸਪਸ਼ਟੀਕਰਨ ਦੇਣ ਲਈ ਸਬੂਤ ਪੇਸ਼ ਕਰਨ ਦੀ ਬਜਾਏ ਸਰਕਾਰ ਨੇ ਇਹ ਪੱਖ ਲਿਆ ਕਿ ਉਹ ਆਪਣੇ ਫ਼ੈਸਲੇ 'ਤੇ ਪੁਨਰ ਵਿਚਾਰ ਨਹੀਂ ਕਰੇਗੀ, ਜਿਸ ਨਾਲ ਅਸੀਂ ਸਹਿਮਤ ਨਹੀਂ। ਫ਼ੈਸਲੇ ਪਿੱਛੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੰਪ ਨੇ ਨਿਰਣੇ ਨੂੰ ਸਿਆਸੀ ਫੈਸਲਾ ਕਰਾਰ ਦਿੱਤਾ ਹੈ। ਐਨ.ਬੀ.ਸੀ. ਨਿਊਜ਼ ਨੇ ਟਰੰਪ ਦੇ ਹਵਾਲੇ ਨਾਲ ਕਿਹਾ ਕਿ ਇਹ ਰਾਜਨੀਤਕ ਫ਼ੈਸਲਾ ਹੈ ਅਤੇ ਅਸੀਂ ਉਨ੍ਹਾਂ ਨਾਲ ਜੰਗ ਲਈ ਅਦਾਲਤ ਵਿਚ ਜਾ ਰਹੇ ਹਾਂ। ਇਹ ਸਿਰਫ ਇਕ ਫ਼ੈਸਲਾ ਆਇਆ ਹੈ ਪਰ ਅਸੀਂ ਕੇਸ ਜਿੱਤਣ ਜਾ ਰਹੇ ਹਾਂ। ਟਰੰਪ ਨੇ ਪਿਛਲੇ ਮਹੀਨੇ ਆਪਣੇ ਚੋਣ ਵਾਅਦਿਆਂ ਵਿਚੋਂ ਇਕ ਨੂੰ ਪੂਰਾ ਕਰਦੇ ਹੋਏ 120 ਦਿਨਾਂ ਲਈ ਸਾਰੇ ਸ਼ਰਨਾਰਥੀਆਂ, ਸੀਰੀਆਈ ਸ਼ਰਨਾਰਥੀਆਂ 'ਤੇ ਅਮਿੱਥੇ ਸਮੇਂ ਲਈ ਅਤੇ ਈਰਾਨ, ਇਰਾਕ, ਲਿਬੀਆ, ਯਮਨ, ਸੋਮਾਲੀਆ, ਸੀਰੀਆ ਅਤੇ ਸੁਡਾਨ ਦੇ ਨਾਗਰਿਕਾਂ 'ਤੇ ਅਮਰੀਕਾ ਵਿਚ ਦਾਖਲ ਹੋਣ 'ਤੇ 90 ਦਿਨ ਲਈ ਪਾਬੰਦੀ ਲਾ ਦਿੱਤੀ ਸੀ। ਟਰੰਪ ਦੇ ਰਾਜਸੀ ਵਿਰੋਧੀਆਂ ਅਤੇ ਮਾਨਵੀ ਹੱਕਾਂ ਬਾਰੇ ਕਾਰਕੁਨਾਂ ਨੇ ਅਦਾਲਤ ਦੇ ਫ਼ੈਸਲੇ 'ਤੇ ਖ਼ੁਸ਼ੀ ਜ਼ਾਹਰ ਕੀਤੀ ਹੈ। ਭਾਰਤੀ-ਅਮਰੀਕੀ ਕਾਂਗਰਸ ਮੈਂਬਰ ਪ੍ਰਾਮਿਲਾ ਜੈਯਾਪਾਲ ਜਿਹੜੀ ਟਰੰਪ ਦੇ ਆਰਡਰ ਖਿਲਾਫ ਡੈਮੋਕਰੈਟਿਕ ਕਾਨੂੰਨਘਾੜਿਆਂ ਦੀ ਲੜਾਈ ਦੀ ਅਗਵਾਈ ਕਰਨਵਾਲਿਆਂ ਵਿਚ ਸ਼ਾਮਲ ਹੈ, ਨੇ ਕਿਹਾ ਕਿ ਸੰਵਿਧਾਨ ਦੀ ਜਿੱਤ ਹੋਈ ਹੈ।




ਨਿਊ ਯਾਰਕ 'ਚ ਰਾਸ਼ਟਰਪਤੀ ਡੋਨਲਡ ਟਰੰਪ ਦੀ ਇਮੀਗਰੇਸ਼ਨ ਨੀਤੀ ਅਤੇ ਇਮੀਗਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ ਵਲੋਂ ਮਾਰੇ ਗਏ ਛਾਪਿਆਂ ਦੇ ਵਿਰੋਧ ਵਿਚ ਵਿਖਾਵਾ ਕਰਦੇ ਹੋਏ ਪ੍ਰਦਰਸ਼ਨਕਾਰੀ

## ਨਵੇਂ ਸੈਨੇਟ ਬਿੱਲ ਨਾਲ ਕਾਨੂੰਨਨ ਇਮੀਗ੍ਰੇਸ਼ਨ ਰਹਿ ਜਾਵੇਗੀ ਅੱਧੀ

### *ਕਈ ਪਰਿਵਾਰ ਆਧਾਰਤ ਵੀਜ਼ਾ ਸ਼੍ਰੇਣੀਆਂ ਹੋ ਜਾਣਗੀਆਂ ਖਤਮ*

**ਵਸ਼ਿੰਗਟਨ/ਹੁਸਨ ਲੜੋਆ ਬੰਗਾ :** ਅਮਰੀਕਾ ਦੇ ਰਾਸ਼ਟਰਪਤੀ ਟਰੰਪ ਵਲੋਂ ਨਵੇਂ ਸੈਨੇਟ ਬਿਲ ਦੀ ਤਿਆਰੀ ਕੀਤੀ ਜਾ ਰਹੀ ਹੈ, ਜਿਸ ਨਾਲ ਗਰੀਨ ਕਾਰਡ ਵਾਲਿਆਂ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਜਿਸ ਨੂੰ ਲੈ ਕੇ ਅਮਰੀਕਾ ਵਿਚ ਬਹੁ ਗਿਣਤੀ ਵਿਚ ਰਹਿੰਦੇ ਗਰੀਨ ਕਾਰਡ ਹੋਲਡਰ ਭਾਰਤੀਆਂ ਵਿਚ ਭਾਰੀ ਚਿੰਤਾ ਪੈਦਾ ਹੋ ਗਈ ਹੈ। ਇਸ ਦੇ ਨਾਲ ਹੀ ਇਸ ਬਿਲ ਨਾਲ ਇਮੀਗ੍ਰੇਸ਼ਨ ਅੱਧੀ ਰਹਿ ਜਾਵੇਗੀ ਤੇ ਕਈ ਪਰਿਵਾਰ ਆਧਾਰਤ ਵੀਜ਼ਿਆਂ ਦੀਆਂ ਸ਼੍ਰੇਣੀਆਂ ਵੀ ਖਤਮ ਹੋ ਜਾਣਗੀਆਂ। ਏਸ਼ੀਅਨ ਲਾਅ ਸਮੂਹ ਦੇ ਭਾਰਤੀ ਅਮਰੀਕੀ ਸੀਨੀਅਰ ਸਟਾਫ ਅਟਾਰਨੀ ਅਨੂਪ ਪ੍ਰਸਾਦ ਨੇ ਕਿਹਾ ਕਿ ਇਸ ਤੋਂ ਸਪਸ਼ਟ ਹੈ ਕਿ ਉਹ ਨਸਲਵਾਦ ਅਤੇ ਗੋਰੇ ਰਾਸ਼ਟਰਵਾਦ ਨੂੰ ਬੜਾਵਾ ਦੇਣਾ ਚਾਹੁੰਦੇ ਹਨ। ਬੀਤੀ 7 ਫਰਵਰੀ ਨੂੰ ਪੇਸ਼ ਕੀਤੇ ਗਏ ਇਸ ਬਿਲ ਦੇ ਪਾਸ ਹੋ ਜਾਣ ਨਾਲ ਅਮਰੀਕੀ ਨਾਗਰਿਕਾਂ ਖਾਸ ਕਰਕੇ ਭਾਰਤੀ ਅਮਰੀਕੀਆਂ ਦੇ ਬਜ਼ੁਰਗ ਮਾਪਿਆਂ ਨੂੰ ਦਿੱਤੀ ਜਾਣ ਵਾਲੀ ਤਰਜੀਹ ਖਤਮ ਹੋ ਜਾਵੇਗੀ ਭਾਵ ਕਿ ਉਹ ਆਪਣੇ ਬਜ਼ੁਰਗ ਮਾਪਿਆਂ ਨੂੰ ਅਮਰੀਕਾ ਵਿਚ ਨਹੀਂ ਬੁਲਾ ਸਕਣਗੇ। ਪਰ ਅਮਰੀਕੀ ਨਾਗਰਿਕਾਂ ਲਈ ਇਕ ਛੋਟ ਹੋਵੇਗੀ ਕਿ ਉਨ੍ਹਾਂ ਦੇ ਮਾਪਿਆਂ ਨੂੰ ਆਰਜ਼ੀ ਦੋ ਸਾਲ ਦਾ ਵੀਜ਼ਾ ਦਿੱਤਾ ਜਾਵੇਗਾ। ਇਸ ਸ਼ਰਤ 'ਤੇ ਕਿ ਉਹ ਇਥੇ ਕੰਮ ਨਹੀਂ ਕਰਨਗੇ ਤੇ ਕੋਈ ਵੀ ਸਰਕਾਰੀ ਲਾਭ ਨਹੀਂ ਲੈਣਗੇ। ਇਸ ਤਰ੍ਹਾਂ ਨਾਲ ਅਮਰੀਕਾ 1965 ਵਾਲੇ ਇਮੀਗ੍ਰੇਸ਼ਨ ਸਿਸਟਮ ਦੇ ਦੌਰ ਵਿਚ ਚਲਾ ਜਾਵੇਗਾ, ਜਿਸ ਵਿਚ ਇਸ ਲਈ ਸੁਧਾਰ ਕੀਤਾ ਗਿਆ ਸੀ ਕਿ ਉਹ ਨਸਲਵਾਦੀ ਸੀ, ਗੋਰਿਆਂ ਦੀ ਪ੍ਰੋੜਤਾ ਵਾਲਾ ਸੀ, ਜਿਸ ਵਿਚ ਏਸ਼ਿਆਈ ਤੇ ਦੱਖਣੀ ਏਸ਼ਿਆਈ ਮੂਲ ਦੇ ਲੋਕਾਂ ਲਈ ਕੋਈ ਥਾਂ ਨਹੀਂ ਸੀ। ਹਾਲਾਂਕਿ ਇਸ ਬਿਲ ਨੂੰ ਅਜੇ ਪੇਸ਼ ਨਹੀਂ ਕੀਤਾ ਗਿਆ ਹੈ ਪਰ ਇਸ ਦੀ ਤਜਵੀਜ਼ ਜ਼ਰੂਰ ਹੈ। ਇਸ ਬਿਲ ਦੀ ਕਾਪੀ ਤਾਂ ਨਹੀਂ ਅਜੇ ਜਾਰੀ ਕੀਤੀ ਗਈ ਪਰ ਸੈਨੇਟਰਾਂ ਨੇ ਆਪਣੀ ਤਜਵੀਜ਼ ਜਾਰੀ ਕੀਤੀ ਸੀ। ਰੇਜ਼ ਐਕਟ ਦੇ ਨਾਂਅ ਵਾਲੇ ਇਸ ਬਿਲ ਵਿਚ ਅਮਰੀਕੀ ਨਾਗਰਿਕਾਂ ਅਤੇ ਕਾਨੂੰਨਨ ਸਥਾਈ ਵਾਸੀਆਂ ਦੀਆਂ ਪਤਨੀਆਂ ਅਤੇ ਨਾਬਾਲਗ ਬੱਚਿਆਂ ਨੂੰ ਤਰਜੀਹ ਦਿੱਤੀ ਜਾਵੇਗੀ ਪਰ ਇਸ ਵਿਚ ਅਮਰੀਕੀ ਨਾਗਰਿਕਾਂ ਦੇ ਬਜ਼ੁਰਗ ਮਾਪਿਆਂ ਸਮੇਤ ਬਾਲਗ ਪਰਿਵਾਰਕ ਮੈਂਬਰਾਂ, ਭੈਣ-ਭਰਾ, ਵਿਆਹੇ ਅਤੇ ਅਣਵਿਆਹੇ ਬਾਲਗ ਬਚਿਆਂ ਅਤੇ ਕਾਨੂੰਨਨ ਸਥਾਈ ਵਾਸੀਆਂ ਦੇ ਅਣਵਿਆਹੇ ਬਾਲਗ ਬੱਚਿਆਂ ਲਈ ਵੀਜ਼ਾ ਤਰਜੀਹ ਖ਼ਤਮ ਹੋ ਜਾਵੇਗੀ। ਸੈਨੇਟਰਾਂ ਅਨੁਸਾਰ ਸਾਲ 2015 ਵਿਚ ਦਸ ਲੱਖ ਕਾਨੂੰਨਨ ਪ੍ਰਵਾਸੀ ਅਮਰੀਕਾ ਵਿਚ ਆਏ ਸਨ। ਇਸ ਰੇਜ਼ ਐਕਟ ਨਾਲ ਪਹਿਲੇ ਸਾਲ ਵਿਚ ਵੀਜ਼ੇ ਵਿਚ 41 ਫੀਸਦੀ ਦੀ ਕਟੌਤੀ ਹੋ ਜਾਵੇਗੀ, ਜਿਸ ਦੀ ਗਿਣਤੀ ਘੱਟ ਕੇ 6,38000 ਦੇ ਕਰੀਬ ਰਹਿ ਜਾਵੇਗੀ ਅਤੇ ਦਸਵੇਂ ਸਾਲ ਤੱਕ ਇਹ ਕਟੌਤੀ ਵੱਧ ਕੇ 50 ਫੀਸਦੀ ਹੋ ਜਾਵੇਗੀ ਜੋ ਕਿ 500000 ਤੋਂ ਥੋੜ੍ਹਾ ਵੱਧ ਹੋਵੇਗੀ। ਟਰੰਪ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਅਸੀਂ ਇਹ ਇਸ ਲਈ ਕਰ ਰਹੇ ਹਾਂ ਤਾਂ ਜੋ ਸਹੀ ਹੁਨਰਬਾਜ਼ਾਂ ਨੂੰ ਵੱਧ ਤੋਂ ਵੱਧ ਨੌਕਰੀਆਂ ਮਿਲਣ ਜਦ ਕਿ ਪਹਿਲਾਂ ਅਮਰੀਕੀ ਲੋਕਾਂ ਨੂੰ ਬਹੁਤ ਘੱਟ ਨੌਕਰੀ ਮਿਲਦੀ ਹੈ ਤੇ ਜ਼ਿਆਦਾਤਰ ਨੌਕਰੀਆਂ ਪ੍ਰਵਾਸੀ ਲੋਕਾਂ ਕੋਲ ਹੀ ਹਨ। ਭਾਰਤੀਆਂ ਦਾ ਮੰਨਣਾ ਹੈ ਕਿ ਟਰੰਪ ਅਜਿਹਾ ਕਰਕੇ ਪ੍ਰਵਾਸੀਆਂ ਖਾਸ ਕਰਕੇ ਭਾਰਤੀਆਂ ਅਮਰੀਕੀਆਂ ਨੂੰ ਡਰਾਉਣ ਦਾ ਯਤਨ ਕਰ ਰਿਹਾ ਹੈ।

ਸ.ਫ਼ਾ ਇਕ ਦਾ ਬਾਕੀ

## ਨਾਜਾਇਜ਼ ਤੌਰ 'ਤੇ ਰਹਿ ਰਹੇ ਹਜ਼ਾਰਾਂ ਪਰਵਾਸੀ ਗ੍ਰਿ.ਫਤਾਰ

ਇਹ ਰੋਜ਼ਾਨਾ ਵਾਂਗ ਹੈ। ਸਾਡੀ ਟੀਮ ਨੇ ਕੁਝ ਲੋਕਾਂ ਨੂੰ ਗ੍ਰਿ.ਫਤਾਰ ਕੀਤਾ ਹੈ।" ਬੀਤੇ ਸ਼ੁੱਕਰਵਾਰ ਰਾਤ ਵੀ ਬਿਨਾਂ ਕਾ.ਗਜ਼ਾਂ ਵਾਲੇ 37 ਪਰਵਾਸੀਆਂ ਨੂੰ ਮੈਕਸਿਕੋ ਭੇਜ ਦਿੱਤਾ ਗਿਆ ਸੀ। ਡੈਮੋਕ੍ਰੇਟਸ ਦੇ ਸੈਨੇਟਰ ਡਿਯਾਨੇ ਫਿਨਸਟੀਨ ਅਨੁਸਾਰ, "ਟਰੰਪ ਦੀ ਨੀਤੀਆਂ ਸਾਡੇ ਵਿਰੁੱਧ ਹਨ। ਲੋਕਾਂ ਦੀਆਂ ਅੱਖਾਂ ਵਿਚ ਹੰਝੂ ਹਨ। ਹੁਣ ਵੇਖਣਾ ਹੈ ਕਿ ਦੇਸ਼ ਕਿਸ ਨਾਲ ਖੜਾ ਹੈ।" ਜ਼ਿਕਰਯੋਗ ਹੈ ਕਿ 25 ਜਨਵਰੀ ਨੂੰ ਟਰੰਪ ਨੇ ਕਿਹਾ ਸੀ ਕਿ ਬਿਨਾਂ ਡਾਕੂਮੈਂਟਸ ਦੇ ਅਮਰੀਕਾ ਵਿਚ ਰਹਿਣ ਵਾਲਿਆਂ ਵਿਰੁੱਧ ਅਪਰਾਧਕ ਮਾਮਲਾ ਚਲੇਗਾ। ਇਸ ਹੁਕਮ ਦਾ ਮਕਸਦ ਅਮਰੀਕਾ ਵਿਚ ਬਿਨਾਂ ਡਾਕੂਮੈਂਟਸ ਰਹਿ ਰਹੇ ਲਗਭਗ 1 ਕਰੋੜ 10 ਲੱਖ ਲੋਕਾਂ ਵਿਰੁੱਧ ਕਾਰਵਾਈ ਕਰਨਾ ਸੀ। 27 ਜਨਵਰੀ ਨੂੰ ਡੋਨਲਡ ਟਰੰਪ ਨੇ 7 ਮੁਸਲਿਮ ਦੇਸ਼ਾਂ ਦੇ ਲੋਕਾਂ ਦੀ ਅਮਰੀਕਾ ਵਿਚ ਐਂਟਰੀ 'ਤੇ ਪਾਬੰਦੀ ਲਗਾਉਣ ਵਾਲਾ ਐਗਜ਼ੀਕਿਊਟਿਵ ਆਰਡਰ ਪਾਸ ਕੀਤਾ ਸੀ।

**ਫਰਿਜ਼ਨੋ/ਨੀਟਾ ਮਾਛੀਕੇ :** ਸੂਤਰਾਂ ਅਨੁਸਾਰ ਇਮੀਗਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ ਏਜੰਸੀ (ਆਈ.ਸੀ.ਈ.) ਦੇ ਅਧਿਕਾਰੀਆਂ ਨੇ ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ ਵਿੱਚ ਛਾਪੇ ਮਾਰ ਕੇ .ਗੈਰ-ਕਨੂੰਨੀ ਪਰਵਾਸੀਆਂ ਨੂੰ ਗ੍ਰਿ.ਫਤਾਰ ਕਰਕੇ ਬਿਨਾਂ ਕਿਸੇ ਅਪੀਲ-ਦਲੀਲ ਦੇ ਆਪੋ ਆਪਣੇ ਮੁਲਕਾਂ ਵਿਚ ਵਾਪਸ ਭੇਜਣ ਦਾ ਸਿਲਸਿਲਾ ਵਿੱਢ ਦਿੱਤਾ ਹੈ। ਪਿਛਲੇ ਕੁਝ ਦਿਨਾਂ ਦੌਰਾਨ ਦੱਖਣੀ ਕੈਲੀਫੋਰਨੀਆ ਵਿੱਚ ਵੀ .ਫਾਰਮਾਂ ਅਤੇ ਫੈਕਟਰੀਆਂ ਵਿੱਚ ਆਈ.ਸੀ.ਈ. ਵਲੋਂ ਛਾਪੇ ਮਾਰ ਕੇ ਤਕਰੀਬਨ 200 ਦੇ ਕਰੀਬ .ਗੈਰ ਕਨੂੰਨੀ ਢੰਗ ਨਾਲ ਰਹਿ ਰਹੇ ਲੋਕਾਂ ਨੂੰ ਡਿਪੋਟ ਕਰਨ ਦੀਆਂ ਖ਼ਬਰਾਂ ਮਿਲ ਰਹੀਆਂ ਹਨ। ਕੈਲੀਫੋਰਨੀਆ, ਐਰੀਜ਼ੋਨਾ, ਨਿਊ ਮੈਕਸੀਕੋ ਅਤੇ ਟੈਕਸਾਸ ਵਰਗੀਆਂ ਸਟੇਟਾਂ ਵਿੱਚ ਬਾਰਡਰ ਸਕਿਉਰਟੀ ਫੋਰਸਾਂ ਵਲੋਂ ਗਸ਼ਤ ਤੇਜ਼ ਕਰਕੇ .ਗੈਰ ਕਨੂੰਨੀ ਲੋਕਾਂ ਦੀ ਸਖ਼ਤੀ ਨਾਲ ਭਾਲ ਕੀਤੀ ਜਾ ਰਹੀ ਹੈ। ਅਮਰੀਕਾ ਵਿੱਚ ਹੁਣ .ਗੈਰ ਕਨੂੰਨੀ ਢੰਗ ਨਾਲ ਰਹਿ ਰਹੇ ਲੋਕਾਂ ਲਈ ਰਹਿਣਾ ਕਾ.ਫੀ ਮੁਸ਼ਕਲ ਹੋ ਗਿਆ ਹੈ।

## ਟਰੰਪ ਦੇ ਵਿਵਾਦਤ ਆਵਾਸ ਹੁਕਮ 'ਤੇ ਜੱਜਾਂ ਵੱਲੋਂ ਤਿੱਖੇ ਸਵਾਲ

**ਸਾਨ ਫਰਾਂਸਿਸਕੋ/ਬਿਊਰੋ ਨਿਊਜ਼ :** ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਦੇ ਵਿਵਾਦਤ ਆਵਾਸ ਹੁਕਮ 'ਤੇ ਪ੍ਰਸ਼ਾਸਨ ਨੂੰ ਅਦਾਲਤ ਵਿਚ ਤਿੱਖੇ ਸਵਾਲਾਂ ਦਾ ਸਾਹਮਣਾ ਕਰਨਾ ਪਿਆ। ਅਪੀਲੀ ਅਦਾਲਤ ਨੇ ਟਰੰਪ ਪ੍ਰਸ਼ਾਸਨ ਤੋਂ ਪੁੱਛਿਆ ਕਿ ਯਾਤਰਾ 'ਤੇ ਰੋਕ ਅਸੰਵਿਧਾਨਕ ਢੰਗ ਨਾਲ ਮੁਸਲਮਾਨਾਂ ਖ਼ਿਲਾਫ਼ ਭੇਦਭਾਵ ਕਰਦੀ ਹੈ ਜਾਂ ਨਹੀਂ? ਇਸ ਦੇ ਨਾਲ ਹੀ ਅਦਾਲਤ ਨੇ ਇਸ ਰੋਕ ਦੇ ਕੌਮੀ ਸੁਰੱਖਿਆ ਨਾਲ ਜੁੜੀਆਂ ਚਿੰਤਾਵਾਂ ਤੋਂ ਪ੍ਰੇਰਿਤ ਹੋਣ ਦੀਆਂ ਦਲੀਲਾਂ 'ਤੇ ਵੀ ਸਵਾਲ ਉਠਾਇਆ। ਨਿਆਂ ਵਿਭਾਗ ਨੇ ਕਿਹਾ ਕਿ ਰਾਸ਼ਟਰਪਤੀ ਟਰੰਪ ਨੇ ਕਾਰਜਕਾਰੀ ਹੁਕਮ 'ਤੇ ਹਸਤਾਖ਼ਰ ਕਰਦਿਆਂ ਆਪਣੇ ਸੰਵਿਧਾਨਕ ਅਧਿਕਾਰਾਂ ਤੇ ਫ਼ਰਜ਼ਾਂ ਤਹਿਤ ਕੰਮ ਕੀਤਾ ਹੈ। ਵਿਭਾਗ ਨੇ ਅਦਾਲਤ ਨੂੰ ਬੇਨਤੀ ਕੀਤੀ ਕਿ ਉਹ ਪਿਛਲੇ ਹਫ਼ਤੇ ਵੱਖ ਵੱਖ ਅਦਾਲਤਾਂ ਵੱਲੋਂ ਲਾਈ ਰੋਕ ਨੂੰ ਹਟਾ ਕੇ ਇਸ ਕਾਰਜਕਾਰੀ ਹੁਕਮ ਨੂੰ ਬਹਾਲ ਕਰੇ। ਇਥੇ 9ਵੀਂ ਯੂਐਸ ਸਰਕਟ ਕੋਰਟ ਆਫ ਅਪੀਲਜ਼ ਦੇ ਤਿੰਨ ਜੱਜਾਂ ਦੇ ਪੈਨਲ ਸਾਹਮਣੇ ਫੋਨ ਰਾਹੀਂ ਹੋਈ ਸੁਣਵਾਈ ਵਿੱਚ ਨਿਆਂ ਵਿਭਾਗ ਦੇ ਵਕੀਲ ਅਗਸਟ ਫਲੈਂਟਜ ਨੇ ਕਿਹਾ ਕਿ ਕਾਰਜਕਾਰੀ ਹੁਕਮ 'ਤੇ ਦਸਤਖ਼ਤ ਕਰਕੇ ਟਰੰਪ ਨੇ ਕੌਮੀ ਸੁਰੱਖਿਆ ਅਤੇ ਲੋਕਾਂ ਨੂੰ ਦੇਸ਼ ਵਿਚ ਦਾਖ਼ਣ ਹੋਣ ਦੀ ਪ੍ਰਕਿਰਿਆ ਵਿੱਚ ਤਵਾਜ਼ਨ ਬਣਾ ਕੇ ਰੱਖਿਆ ਹੈ। ਪਰ ਜ਼ਿਲ੍ਹਾ ਅਦਾਲਤ ਦੇ ਹੁਕਮ ਨੇ ਇਸ ਸੰਤੁਲਨ ਨੂੰ ਵਿਗਾੜ ਦਿੱਤਾ ਹੈ। ਇਹ ਕੌਮੀ ਸੁਰੱਖਿਆ ਨਾਲ ਜੁੜਿਆ ਫ਼ੈਸਲਾ ਹੈ, ਜਿਸ ਦਾ ਅਧਿਕਾਰ ਰਾਜਨੀਤਕ ਸ਼ਾਖਾਵਾਂ ਅਤੇ ਰਾਸ਼ਟਰਪਤੀ ਕੋਲ ਹੈ।' ਇਸ ਸੁਣਵਾਈ ਦਾ ਕਈ ਨਿਊਜ਼ ਚੈਨਲਾਂ ਨੇ ਸਿੱਧਾ ਪ੍ਰਸਾਰਨ ਕੀਤਾ। ਜੱਜ ਮਿਸ਼ੇਲ ਫ੍ਰਾਈਡਲੈਂਡ ਨੇ ਪੁੱਛਿਆ, 'ਕੀ ਸਰਕਾਰ ਨੇ ਇਨ੍ਹਾਂ ਦੇਸ਼ਾਂ ਨੂੰ ਅਤਿਵਾਦ ਨਾਲ ਜੋੜਨ ਦੇ ਸੰਦਰਭ ਵਿੱਚ ਕੋਈ ਸਬੂਤ ਪੇਸ਼ ਕੀਤਾ ਹੈ?' ਇਸ ਅਪੀਲੀ ਅਦਾਲਤ ਦੇ ਜਲਦੀ ਫ਼ੈਸਲਾ ਸੁਣਾਉਣ ਦੀ ਉਮੀਦ ਹੈ। ਆਉਣ ਵਾਲੇ ਦਿਨਾਂ ਵਿੱਚ ਇਹ ਕੇਸ ਸੁਪਰੀਮ ਕੋਰਟ ਵਿੱਚ ਜਾ ਸਕਦਾ ਹੈ।


When tired of all treatments for any disease at any age Try

HOMEOPATHIC

Experienced Consultant Physician since 1973

American Red Cross



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ

We sell homeopathic medicines

ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ

7021 Village Parkway Dublin CA 94568

GURDIP SINGH SANDHU

DHMS-Gold Medalist, BAMS, MDEH. - INDIA

Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA

Office: 408.729.6691
Cell: 408.687.1899
email: homeomedicine@yahoo.com
www.homeopathyatoz.com

ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ 'Jus Punjabi TV' ਉੱਤੇ ਹਰ ਐਤਵਾਰ ਬਾਅਦ ਦੁਪਹਿਰ 1:00 ਵਜੇ ਤੋਂ 1:15 ਵਜੇ ਤੱਕ ਅਤੇ 'ਰੇਡੀਓ 1170AM' ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ

CAPITAL SERVICES

Capital services

ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਆਮ ਆਦਮੀ ਪਾਰਟੀ ਪੰਜਾਬ ਫਤਹਿ ਕਰੇਗੀ : ਪ੍ਰੋ. ਬਲਜਿੰਦਰ ਕੌਰ

## ਮੁੱਖ ਮੰਤਰੀ ਪੰਜਾਬ 'ਚੋਂ ਹੀ ਹੋਵੇਗਾ, ਫ਼ੈਸਲਾ ਵਿਧਾਇਕ ਕਰਨਗੇ

**ਚੰਡੀਗੜ੍ਹ/ਬਿਊਰੋ ਨਿਊਜ਼:** ਆਮ ਆਦਮੀ ਪਾਰਟੀ (ਆਪ) ਦੀਆਂ ਦਿੱਲੀ ਵਿੱਚ ਹੋਈਆਂ ਉੱਚ ਪੱਧਰੀ ਮੀਟਿੰਗਾਂ ਦੀ ਲੜੀ ਦੌਰਾਨ ਪੰਜਾਬ ਵਿਧਾਨ ਸਭਾ ਚੋਣਾਂ ਸਬੰਧੀ ਬਾਰੀਕੀ ਨਾਲ ਘੋਖ ਕਰਨ ਉਪਰੰਤ ਜਿੱਤ ਦੇ ਅੰਕੜੇ ਖੋਜੇ ਗਏ ਹਨ। ਸੂਤਰਾਂ ਅਨੁਸਾਰ 'ਆਪ' ਦੀ ਲੀਡਰਸ਼ਿਪ ਪੰਜਾਬ ਵਿੱਚ ਸਰਕਾਰ ਬਣਾਉਣ ਲਈ ਪੂਰੀ ਆਸਵੰਦ ਹੈ ਤੇ ਸਰਕਾਰ ਬਣਨ ਦੀ ਸੂਰਤ ਵਿੱਚ ਇਸ ਦੇ ਖਾਕੇ ਉਪਰ ਵੀ ਚੁੱਪ-ਚੁਪੀਤੇ ਚਰਚਾ ਕੀਤੀ ਜਾ ਰਹੀ ਹੈ। ਪੰਜਾਬ ਚੋਣਾਂ ਵਿੱਚ ਵੱਖ-ਵੱਖ ਪਾਰਟੀਆਂ ਦੀ ਜਿੱਤ-ਹਾਰ ਦਾ ਪਤਾ ਭਾਵੇਂ 11 ਮਾਰਚ ਨੂੰ ਵੋਟਾਂ ਦੀ ਗਿਣਤੀ ਮੌਕੇ ਹੀ ਲੱਗੇਗਾ ਪਰ 'ਆਪ' ਦੀ ਲੀਡਰਸ਼ਿਪ ਆਪਣੀ ਜਿੱਤ ਦੇ ਵੱਡੇ ਦਾਅਵੇ ਕਰ ਰਹੀ ਹੈ। 'ਆਪ' ਦੀ ਮਹਿਲਾ ਵਿੰਗ ਦੀ ਪ੍ਰਧਾਨ ਅਤੇ ਤਲਵੰਡੀ ਸਾਬੋ ਹਲਕੇ ਤੋਂ ਉਮੀਦਵਾਰ ਪ੍ਰੋ. ਬਲਜਿੰਦਰ ਕੌਰ ਨੇ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੁਸ਼ਟੀ ਕੀਤੀ ਕਿ ਪਾਰਟੀ ਨੇ ਚੋਣਾਂ ਬਾਰੇ ਕੀਤੀ ਸਮੀਖਿਆ ਤੋਂ ਇਹ ਸਿੱਟਾ ਕੱਢਿਆ ਹੈ ਕਿ 'ਆਪ' 100 ਤੋਂ ਵੱਧ ਸੀਟਾਂ 'ਤੇ ਜਿੱਤ ਹਾਸਲ ਕਰ ਸਕਦੀ ਹੈ। ਉਨ੍ਹਾਂ ਇਹ ਦਾਅਵਾ ਵੀ ਕੀਤਾ ਕਿ ਕਿ ਆਮ ਆਦਮੀ ਪਾਰਟੀ ਪੰਜਾਬ ਦੇ ਮਾਲਵੇ ਖੇਤਰ ਵਿਚਲੀਆਂ ਸਾਰੀਆਂ 69 ਸੀਟਾਂ ਉਪਰ ਹੂੰਝਾਫੇਰ ਜਿੱਤ ਹਾਸਲ ਕਰੇਗੀ। ਇਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਪਾਰਟੀ ਦੀ ਜਿੱਤ ਹੋਣ ਦੀ ਸੂਰਤ ਵਿੱਚ ਮੁੱਖ ਮੰਤਰੀ ਦੇ ਅਹੁਦੇ ਬਾਰੇ ਫ਼ੈਸਲਾ ਦਿੱਲੀ ਦੀ ਲੀਡਰਸ਼ਿਪ ਨਹੀਂ, ਸਗੋਂ ਚੁਣੇ ਵਿਧਾਇਕ ਹੀ ਕਰਨਗੇ ਅਤੇ ਪਾਰਟੀ ਸੁਪਰੀਮੋ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਲ ਕਿਸੇ ਵੀ ਹਾਲਤ ਵਿੱਚ ਪੰਜਾਬ ਦੇ ਮੁੱਖ ਮੰਤਰੀ ਨਹੀਂ ਬਣਨਗੇ, ਸਗੋਂ ਮੁੱਖ ਮੰਤਰੀ ਪੰਜਾਬ ਵਿੱਚੋਂ ਹੀ ਕੋਈ ਆਗੂ ਹੋਵੇਗਾ। ਉਨ੍ਹਾਂ ਦਾਅਵਾ ਕੀਤਾ ਕਿ ਦਿੱਲੀ ਦੀ ਲੀਡਰਸ਼ਿਪ ਨੇ ਪਾਰਟੀ ਉਪਰ ਕਦੇ ਵੀ ਫ਼ੈਸਲੇ ਥੋਪੇ ਨਹੀਂ ਹਨ, ਸਗੋਂ ਸਾਰਿਆਂ ਦੀ ਰਾਇ ਨਾਲ ਹੀ ਫ਼ੈਸਲੇ ਲਾਗੂ ਕੀਤੇ ਹਨ।



ਪ੍ਰੋ. ਬਲਜਿੰਦਰ ਕੌਰ ਨੇ ਕਿਹਾ ਕਿ ਦਿੱਲੀ ਦੀ ਪੰਜਾਬ ਆਈ ਟੀਮ ਬਦੌਲਤ ਹੀ ਅੱਜ 'ਆਪ' ਦੀ ਪੰਜਾਬ ਇਕਾਈ ਦੀਆਂ ਜੜ੍ਹਾਂ ਹੇਠਲੇ ਪੱਧਰ ਤੱਕ ਕਾਇਮ ਹਨ। ਭਾਵੇਂ ਵਿਰੋਧੀ ਸ੍ਰੀ ਕੇਜਰੀਵਾਲ ਨੂੰ ਗ਼ੈਰ-ਪੰਜਾਬੀ ਦੱਸ ਰਹੇ ਹਨ ਪਰ ਉਨ੍ਹਾਂ ਨੇ ਸ੍ਰੀ ਮੁਕਤਸਰ ਸਾਹਿਬ ਦੀ ਧਰਤੀ ਤੋਂ ਐਲਾਨ ਕੀਤਾ ਸੀ ਕਿ 'ਆਪ' ਦੀ ਸਰਕਾਰ ਬਣਨ ਦੀ ਸੂਰਤ ਵਿੱਚ ਉਹ ਸਭ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਅਤੇ ਹੋਰ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਕਰਨ ਵਾਲਿਆਂ ਨੂੰ ਜੇਲ੍ਹਾਂ ਵਿੱਚ ਸੁੱਟਣਗੇ। ਉਨ੍ਹਾਂ ਉਲਟਾ ਸਵਾਲ ਕੀਤਾ ਕਿ ਪੰਜਾਬ ਦੀ ਹਿਤੈਸ਼ੀ ਮੰਨੀ ਜਾਂਦੀ ਬਾਦਲ ਸਰਕਾਰ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਕਰਨ ਵਾਲਿਆਂ ਨੂੰ ਗ੍ਰਿਫ਼ਤਾਰ ਕਿਉਂ ਨਹੀਂ ਕਰ ਸਕੀ ?

# ਪਾਇਲਟ (Pilot) ਦਾ ਤੇਲ ਅਮਰੀਕਾ 'ਚ ਸਭ ਤੋਂ ਮਹਿੰਗਾ



**ਸੈਕਰਾਮੈਂਟੋ/ਬਿਊਰੋ ਨਿਊਜ਼:** ਅਮਰੀਕਾ ਦੀ ਸਭ ਤੋਂ ਵੱਡੀ ਟਰੱਕ ਸਟਾਪਾਂ ਦੀ ਫਰੈਂਚਾਈਜ਼ ਪਾਇਲਟ (Pilot) ਪਿਛਲੇ ਕਈ ਸਾਲਾਂ ਤੋਂ ਘਪਲਿਆਂ ਵਿਚ ਉਲਝੀ ਪਈ ਹੈ। ਤਿੰਨ ਸਾਲ ਪਹਿਲਾਂ ਇਸਨੇ ਟਰਕਿੰਗ ਕੰਪਨੀਆਂ ਨੂੰ ਡਿਸਕਾਊਂਟ ਦੇਣ ਦੇ ਨਾਮ ਹੇਠ ਘਪਲਾ ਕੀਤਾ ਜਿਸ ਕਾਰਣ ਕੋਰਟ ਦੇ ਹੁਕਮਾ ਤਹਿਤ ਇਸਨੂੰ ਟਰਕਿੰਗ ਕੰਪਨੀਆਂ ਨੂੰ 400 ਮਿਲੀਅਨ ਡਾਲਰ ਦੇਣਾ ਪਿਆ। ਹੁਣ ਇੱਕ ਸਰਵੇ ਅਨੁਸਾਰ ਇਨ੍ਹਾਂ ਵੱਲੋਂ ਕੀਤੀ ਜਾਂਦੀ ਇਕ ਸਕੀਮ ਸਾਹਮਣੇ ਆਈ ਹੈ ਜਿਸ ਨਾਲ ਇਹ ਟੀ ਏ (TA), ਪੈਟਰੋ (Petro) ਅਤੇ ਲੱਵਸ (LOVES) ਤੋਂ ਤਕਰੀਬਨ 3-6 ਸੈਂਟ ਪ੍ਰਤੀ ਗੈਲਨ ਮਹਿੰਗਾ ਤੇਲ ਵੇਚ ਰਹੇ ਹਨ। ਇਕ ਸੋਚੀ ਸਮਝੀ ਸਕੀਮ ਅਧੀਨ ਜੇ ਕਿਸੇ Pilot ਟਰੱਕ ਸਟਾਪ ਦੇ ਨਜਦੀਕ TA, Petro ਜਾਂ Loves ਨਹੀਂ ਹੈ ਤਾਂ ਉਥੇ Pilot ਦਾ ਤੇਲ 11 ਤੋਂ 20 ਸੈਂਟ ਮਹਿੰਗਾ ਹੁੰਦਾ ਹੈ ਜਿਸ ਕਾਰਨ ਸਾਰੇ ਅਮਰੀਕਾ ਵਿਚ ਔਸਤਨ Pilot ਦਾ ਭਾਅ Loves ਤੋਂ 5-6 ਪ੍ਰਤੀ ਗੈਲਨ ਜ਼ਿਆਦਾ ਬਣਾ ਜਾਂਦਾ ਹੈ। ਉਦਾਹਰਨ ਦੇ ਤੌਰ ਤੇ ਸੈਕਰਾਮੈਂਟੋ ਦਾ Pilot, ਬੇਕਰਸਫੀਲਡ, ਹਿਸਪੇਰੀਆ ਜਾਂ ਲਾਗਲੇ ਜਗ੍ਹਾ ਨਾਲੋਂ 23 ਸੈਂਟ ਮਹਿੰਗਾ ਹੈ ਅਤੇ ਰਿਪਨ ਦਾ ਲਵਿੰਗਸਟਨ ਨਾਲੋਂ 9 ਸੈਂਟ ਮਹਿੰਗਾ ਹੈ। ਇਸੇ ਤਰ੍ਹਾਂ ਹੋਰ ਸਟੇਟਾਂ ਵਿਚ ਵੀ ਅਜਿਹਾ ਹੋਣ ਕਾਰਨ ਪਿਛਲੇ 90 ਦਿਨਾਂ ਦੇ e-Stop ਵਲੋਂਸਰਵੇ ਅਧੀਨ Loves ਦਾ National average /2.49 ਹੈ ਅਤੇ Pilot ਦਾ National average $2.55 ਨਿਕਲਦੀ ਹੈ।

# ਗੁਰਦੁਆਰਾ ਨਾਨਕ ਸਦਨ ਵੱਲੋਂ ਵਿਸ਼ੇਸ਼ ਕੀਰਤਨ ਦਰਬਾਰ 18 ਫਰਵਰੀ ਨੂੰ

## ਗੁਰਮਤਿ ਸੰਗੀਤ ਦੀ ਮਹਾਨ ਵਿਰਾਸਤ ਨੂੰ ਜਿਉਂਦੇ ਰੱਖਣ ਲਈ ਉਚੇਚਾ ਉਪਰਾਲਾ

**ਲਾਸ ਏਂਜਲਸ/ਬਿਊਰੋ ਨਿਊਜ਼:** ਗੁਰਦੁਆਰਾ ਨਾਨਕ ਸਦਨ ਨੋਰਡਆਫ ਸਟਰੀਟ, ਲਾਸ ਏਜਲਸ, ਕੈਲੀਫੋਰਨੀਆ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ, ਨਾਨਕ ਸਦਨ ਸਿੱਖ ਟੈਂਪਲ, ਨੋਰਡਆਫ ਵਿਖੇ ਵਿਸ਼ੇਸ਼ ਬਸੰਤ ਕੀਰਤਨ ਦਰਬਾਰ 18 ਫਰਵਰੀ 2017 ਸ਼ਨੀਵਾਰ ਨੂੰ ਸ਼ਾਮ 6:00 ਵਜੇ ਤੋਂ ਰਾਤ 9:00 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਵਿਸ਼ੇਸ਼ ਤੌਰ ਤੇ ਗੱਲਬਾਤ ਕਰਦਿਆਂ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਮੋਖਸ਼ਿੰਦਰ ਸਿੰਘ ਅਤੇ ਸੈਕਟਰੀ ਰਾਜਿੰਦਰ ਸ਼ਾਹ ਸਿੰਘ ਨੇ ਦਸਿਆ ਕਿ ਇਹ ਸਾਲਾਨਾ ਤੀਜਾ ਬਸੰਤ ਕੀਰਤਨ ਦਰਬਾਰ ਹੈ। ਇਸ ਕੀਰਤਨ ਦਰਬਾਰ ਵਿਚ ਪੰਥ ਪ੍ਰਸਿੱਧ ਰਾਗੀ ਭਾਈ ਸਰਬਜੀਤ ਸਿੰਘ ਜੀ ਰੰਗੀਲਾ ਦੁਰਗਾਵਾਲੇ, ਭਾਈ ਰਵਿੰਦਰ ਸਿੰਘ ਜੀ ਰਸੀਆ, ਪ੍ਰੋ. ਰਣਜੀਤ ਸਿੰਘ ਜੀ, ਪ੍ਰੋ. ਗਗਨਦੀਪ ਸਿੰਘ ਜੀ (ਪੰਜਾਬੀ ਯੂਨੀਵਰਸਿਟੀ ਪਟਿਆਲਾ) ਅਤੇ ਨਾਨਕ ਸਦਨ ਗੁਰਮਤਿ ਅਕੈਡਮੀ ਦੇ ਵਿਦਿਆਰਥੀ ਵਿਸ਼ੇਸ਼ ਤੌਰ ਤੇ ਹਾਜ਼ਰੀਆਂ ਭਰ ਕੇ ਸਮੂਹ ਸੰਗਤਾਂ ਨੂੰ ਮਰਿਆਦਤ ਕੀਰਤਨ ਰਾਹੀਂ ਨਿਹਾਲ ਕਰਨਗੇ। ਉਨ੍ਹਾਂ ਦਸਿਆ ਕਿ ਨਾਨਕ ਸਦਨ ਗੁਰਮਤਿ ਅਕੈਡਮੀ ਦੇ ਵਿਦਿਆਰਥੀਆਂ ਵੱਲੋਂ ਖਾਸ ਤੌਰ ਤੇ ਤੰਤੀ ਸਾਜਾਂ ਨਾਲ ਰਾਗਾਤਮਕ ਕੀਰਤਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਾਨੂੰ ਸਿੱਖ ਪੰਥ ਦੀਆਂ ਮਹਾਨ ਵਿਰਾਸਤਾਂ ਨੂੰ ਜਿਉਂਦੇ ਰੱਖਣ ਲਈ ਅਜਿਹੇ ਹੋਰ ਵੀ ਪ੍ਰੋਗਰਾਮ ਉਲੀਕਣੇ ਚਾਹੀਦੇ ਹਨ ਤਾਂ ਜੋ ਸਮੂਹ ਸੰਗਤਾਂ ਅਤੇ ਨਵੀਂ ਪੀੜ੍ਹੀ ਆਪਣੀ ਵਿਰਾਸਤ ਤੋਂ ਜਾਣੂ ਹੋ ਸਕੇ। ਗੁਰੁ ਘਰ ਦੀਆਂ ਸਮੂਹ ਸੰਗਤਾਂ ਵੱਲੋਂ ਇਨ੍ਹਾਂ ਪ੍ਰੋਗਰਾਮਾਂ ਵਿਚ ਲੰਗਰ ਦਾ ਖਾਸ ਪ੍ਰਬੰਧ ਕੀਤਾ ਗਿਆ ਹੈ। ਗੁਰੂ ਘਰ ਵੱਲੋਂ ਸਭਨਾਂ ਨੂੰ ਪਰਿਵਾਰਾਂ, ਰਿਸਤੇਦਾਰਾਂ ਅਤੇ ਦੋਸਤਾਂ ਮਿੱਤਰਾਂ ਨਾਲ ਇਨ੍ਹਾਂ ਸਮਾਗਮਾਂ ਵਿਚ ਹਾਜ਼ਰੀਆਂ ਭਰਨ ਦੀ ਬੇਨਤੀ ਕੀਤੀ ਗਈ ਹੈ। ਗੁਰੁ ਸਾਹਿਬ ਜੀ ਦੀਆਂ ਅਪਾਰ ਬਖਸ਼ਿਸ਼ਾਂ ਦੇ ਪਾਤਰ ਬਣੋ । ਹੋਰ ਜਾਣਕਾਰੀ ਲਈ ਤੁਸੀਂ ਇਨ੍ਹਾਂ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ :818-571-8920 ਅਤੇ 818-830-4648

# ਮਨੀਲਾ ਵਿਚ ਇਕ ਹੋਰ ਪੰਜਾਬੀ ਦਾ ਕਤਲ

**ਜਲੰਧਰ/ਬਿਊਰੋ ਨਿਊਜ਼ :** ਮਨੀਲਾ ਵਿਚ 40 ਵਰ੍ਹਿਆਂ ਤੋਂ ਰਹਿ ਰਹੇ ਜਲੰਧਰ ਦੇ ਇਕ ਵਿਅਕਤੀ ਦੀ ਅਣਪਛਾਤੇ ਵਿਅਕਤੀਆਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਮ੍ਰਿਤਕ ਦੀ ਪਛਾਣ ਭਗਵੰਤ ਬਾਂਸਲ (60) ਪੁੱਤਰ ਚਰਨਦੀਪ ਸਿੰਘ ਵਜੋਂ ਹੋਈ ਹੈ। ਮ੍ਰਿਤਕ ਦੀ ਪਤਨੀ ਗੀਟਾ ਰਾਣੀ ਬਾਂਸਲ ਤੇ ਪਰਿਵਾਰਕ ਮੈਂਬਰ ਜਸਵਿੰਦਰ ਬਾਂਸਲ ਨੇ ਦੱਸਿਆ ਕਿ ਭਗਵੰਤ ਬਾਂਸਲ ਮਨੀਲਾ ਵਿਚ ਫਾਇਨਾਂਸਰ ਸੀ। ਜਦੋਂ ਉਹ ਆਪਣੇ ਘਰੋਂ ਕੰਮ 'ਤੇ ਜਾਣ ਲਈ ਕਾਰ ਵਿਚ ਬੈਠਣ ਲੱਗਾ ਤਾਂ ਦੋਸ਼ੀਆਂ ਨੇ ਉਸ 'ਤੇ ਗੋਲੀਆਂ ਚਲਾ ਦਿੱਤੀਆਂ ਤੇ ਮੌਕੇ ਤੋਂ ਫਰਾਰ ਹੋ ਗਏ। ਇਸ ਵਾਰਦਾਤ ਦੌਰਾਨ ਭਗਵੰਤ ਬਾਂਸਲ ਨੂੰ 5 ਗੋਲੀਆਂ ਲੱਗੀਆਂ, ਜਿਸ ਕਰਕੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਗੀਟਾ ਰਾਣੀ ਨੇ ਦੱਸਿਆ ਕਿ ਉਹ ਕਰੀਬ 20 ਸਾਲ ਤੱਕ ਆਪਣੇ ਪਤੀ ਨਾਲ ਮਨੀਲਾ ਵਿਚ ਹੀ ਰਹੀ, ਉਨ੍ਹਾਂ ਦੇ 3 ਧੀਆਂ ਤੇ 2 ਪੁੱਤਰ ਹਨ। ਬੱਚਿਆਂ ਦੀ ਪੜ੍ਹਾਈ ਅਤੇ ਪਾਲਣ-ਪੋਸ਼ਣ ਕਾਰਨ ਉਹ ਜਲੰਧਰ ਆ ਕੇ ਰਹਿਣ ਲੱਗ ਪਈ ਸੀ। ਪਰਿਵਾਰ ਵੱਲੋਂ ਮ੍ਰਿਤਕ ਦੇਹ ਨੂੰ ਜਲੰਧਰ ਲਿਆਉਣ ਲਈ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।







# ਭਾਈ ਜਗਤਾਰ ਸਿੰਘ ਹਵਾਰਾ ਕਤਲ ਦੇ ਇਕ ਮਾਮਲੇ ਵਿਚੋਂ ਬਰੀ

**ਰੂਪਨਗਰ/ਬਿਊਰੋ ਨਿਊਜ਼ :** ਰੂਪਨਗਰ ਦੇ ਵਧੀਕ ਜ਼ਿਲ੍ਹਾ ਤੇ ਸ਼ੈਸ਼ਨ ਜੱਜ ਦੀ ਅਦਾਲਤ ਨੇ ਭਾਈ ਜਗਤਾਰ ਸਿੰਘ ਹਵਾਰਾ ਨੂੰ 25 ਸਾਲ ਪਹਿਲਾਂ ਦਰਜ ਹੋਏ ਇਕ ਕਤਲ ਦੇ ਮੁਕੱਦਮੇ ਵਿਚੋਂ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ ਹੈ। ਸੁਣਵਾਈ ਦੌਰਾਨ ਭਾਈ ਜਗਤਾਰ ਸਿੰਘ ਹਵਾਰਾ ਦੀ ਪੇਸ਼ੀ ਤਿਹਾੜ ਜੇਲ੍ਹ ਤੋਂ ਵੀਡੀਓ ਕਾਨਫਰੰਸ ਰਾਹੀਂ ਹੋਈ। ਵਧੀਕ ਸ਼ੈਸ਼ਨ ਜੱਜ ਸੁਨੀਤਾ ਕੁਮਾਰੀ ਨੇ ਦੋਵਾਂ ਪੱਖਾਂ ਦੀਆਂ ਦਲੀਲਾਂ ਸੁਣਨ ਮਗਰੋਂ ਇਹ ਫੈਸਲਾ ਸੁਣਾਇਆ। ਭਾਈ ਜਗਤਾਰ ਸਿੰਘ ਹਵਾਰਾ ਨੂੰ ਰੂਪਨਗਰ ਦੀ ਅਦਾਲਤ ਵੱਲੋਂ ਪਹਿਲਾਂ ਵੀ ਕਰੀਬ 4 ਮੁਕੱਦਮਿਆਂ ਵਿਚੋਂ ਬਰੀ ਕੀਤਾ ਜਾ ਚੁੱਕਾ ਹੈ। ਇਹ ਮੁਕੱਦਮਾ 23 ਦਸੰਬਰ 1992 ਨੂੰ ਥਾਣਾ ਸ੍ਰੀ ਚਮਕੌਰ ਸਾਹਿਬ ਵਿਚ ਦੋ ਦਿਨ ਪਹਿਲਾਂ ਹੋਈ ਵਾਰਦਾਤ ਮਗਰੋਂ ਦਰਜ ਹੋਇਆ ਸੀ, ਜਿਸ ਅਨੁਸਾਰ 21 ਦਸੰਬਰ 1992 ਦੀ ਰਾਤ ਨੂੰ ਕਰੀਬ 9.15 ਵਜੇ ਗੁਰਦੁਆਰਾ ਗੜ੍ਹੀ ਸਾਹਿਬ (ਸ੍ਰੀ ਚਮਕੌਰ ਸਾਹਿਬ) ਨੇੜੇ ਖੇਤਾਂ ਵਿਚੋਂ ਕੁਝ ਅਣਪਛਾਤੇ ਵਿਅਕਤੀਆਂ ਵੱਲੋਂ ਪੁਲੀਸ ਪਾਰਟੀ 'ਤੇ ਫਾਇਰਿੰਗ ਕੀਤੀ ਗਈ ਸੀ।



ਇਸ ਫਾਇਰਿੰਗ ਵਿਚ ਐਸ.ਪੀ.ਓ. ਸੁਨੀਲ ਕੁਮਾਰ ਸਮੇਤ ਕਾਂਸਟੇਬਲ ਸੋਹਨ ਲਾਲ ਤੇ ਰਾਜ ਕੁਮਾਰ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ ਸਨ ਜਦਕਿ ਬਾਅਦ ਵਿਚ ਸੁਨੀਲ ਕੁਮਾਰ ਦੀ ਮੌਤ ਹੋ ਗਈ ਸੀ। ਇਸ ਹਮਲੇ ਮੌਕੇ ਪੁਲੀਸ ਦੀ ਜਵਾਬੀ ਕਾਰਵਾਈ ਦੌਰਾਨ ਹਮਲਾਵਰ ਹਥਿਆਰ ਤੇ ਗੋਲਾ ਬਰੂਦ ਛੱਡ ਕੇ ਫਰਾਰ ਹੋ ਗਏ ਸਨ। ਪੁਲੀਸ ਨੇ ਅਣਪਛਾਤੇ ਵਿਅਕਤੀਆਂ 'ਤੇ ਟਾਡਾ ਐਕਟ ਅਧੀਨ ਮੁਕੱਦਮਾ ਦਰਜ ਕੀਤਾ ਸੀ। ਇਸ ਮਾਮਲੇ ਦੀ ਤਫਤੀਸ਼ ਦੌਰਾਨ ਬਾਅਦ ਵਿਚ ਭਾਈ ਜਗਤਾਰ ਸਿੰਘ ਹਵਾਰਾ ਦਾ ਨਾਂਅ ਦੋਸ਼ੀਆਂ ਦੀ ਸੂਚੀ ਵਿਚ ਸ਼ਾਮਲ ਕੀਤਾ ਗਿਆ ਸੀ।

# ਸਿੱਖ ਬੈਂਡ 'ਵ੍ਹਾਈਟ ਸਨ' ਨੇ ਨਿਊ ਏਜ ਐਲਬਮ ਲਈ ਗਰੈਮੀ ਜਿੱਤਿਆ

**ਲਾਸ ਏਂਜਲਸ/ਬਿਊਰੋ ਨਿਊਜ਼ :** ਸੰਗੀਤ ਦੀ ਦੁਨੀਆ ਦੇ ਸਭ ਤੋਂ ਵੱਡੇ 'ਗਰੈਮੀ ਐਵਾਰਡ' ਸਮਾਰੋਹ ਦੌਰਾਨ ਕੈਲੀਫੋਰਨੀਆ ਦੇ ਅੰਮ੍ਰਿਤਧਾਰੀ ਸਿੱਖ ਜਥੇ 'ਵ੍ਹਾਈਟ ਸਨ' ਨੇ ਧੁੰਮਾਂ ਪਾਉਂਦਿਆਂ 'ਨਿਊ ਏਜ ਐਲਬਮ' ਵਰਗ ਵਿਚ ਐਵਾਰਡ ਹਾਸਲ ਕੀਤਾ। 'ਵ੍ਹਾਈਟ ਸਨ' ਗੁਰਬਾਣੀ ਦੇ ਸ਼ਬਦ ਅਤੇ ਧਾਰਮਿਕ ਗੀਤ ਗਾਉਂਦਾ ਹੈ। ਐਵਾਰਡ ਹਾਸਲ ਕਰਨ ਲਈ ਇਸ ਜਥੇ ਦੀ ਗਾਇਕਾ ਅਤੇ ਗੀਤਕਾਰ ਗੁਰੂਜਸ ਕੌਰ ਖਾਲਸਾ ਅਤੇ ਹਰੀਜੀਵਨ ਸਿੰਘ ਖਾਲਸਾ ਦਸਤਾਰ ਸਜਾ ਕੇ ਸਿੱਖ ਪਹਿਰਾਵੇ ਵਿਚ ਸਟੇਜ 'ਤੇ ਪਹੁੰਚੇ। ਉਨ੍ਹਾਂ ਦੇ ਨਾਲ ਉਨ੍ਹਾਂ ਦੇ ਜਥੇ ਦੇ ਸਹਿ-ਸੰਸਥਾਪਕ ਐਡਮ ਬੈਰੀ ਵੀ ਮੌਜੂਦ ਸਨ। ਬੈਰੀ ਆਪਣੇ ਸਾਊਥ ਪਾਰਕ ਦੇ ਚੌਥੇ ਸੀਜ਼ਨ ਲਈ ਮਿਊਜ਼ਕ ਡਾਇਰੈਕਟਰ ਵਜੋਂ ਜਾਣੇ ਜਾਂਦੇ ਹਨ। ਗੁਰੂਜਸ ਵੀ ਇਸ ਜਥੇ ਦੀ ਸਹਿ-ਸੰਸਥਾਪਕ ਹੈ। ਉਹ ਕਲੀਵਲੈਂਡ ਆਰਕੈਸਟਰਾ ਚਿਲਡਰਨਜ਼ ਕੋਰਸ ਦੀ ਵੀ ਮੈਂਬਰ ਰਹਿ ਚੁੱਕੀ ਹੈ। ਹਰੀਜੀਵਨ ਸਿੰਘ ਖਾਲਸਾ ਯੋਗ ਇੰਸਟਰਕਟਰ ਹਨ। ਗੁਰੂਜਸ ਕੌਰ ਖਾਲਸਾ ਨੇ ਆਪਣੀ ਐਲਬਮ 'ਵ੍ਹਾਈਟ ਸਨ 2' ਲਈ 59ਵੇਂ ਸਾਲਾਨਾ ਗ੍ਰੈਮੀ ਐਵਾਰਡ ਦੀ ਟਰਾਫੀ ਹਾਸਲ ਕੀਤੀ। ਇਹ ਐਲਬਮ ਸਾਲ 2016 ਵਿਚ ਬੇਹੱਦ ਸਫਲ ਰਹੀ ਸੀ। ਗੁਰੂਜਸ ਨੇ ਕਿਹਾ ਕਿ ਉਹ ਸਮਾਜ ਨੂੰ ਹੋਰ ਬਿਹਤਰ ਦੇਖਣਾ ਚਾਹੁੰਦੇ ਹਨ ਅਤੇ ਚਾਹੁੰਦੇ ਕਿ ਹਨ ਕਿ ਇਹ ਦੁਨੀਆ ਰਹਿਣ ਲਾਈਕ ਬਿਹਤਰੀਨ ਅਤੇ ਖ਼ੂਬਸੂਰਤ ਥਾਂ ਬਣੇ ਅਤੇ ਸਾਡੇ ਇਸ ਸੁਪਨੇ ਵਿਚ ਜਿਹੜਾ ਵੀ ਵਿਅਕਤੀ ਕਿਸੇ ਨਾ ਕਿਸੇ ਤਰ੍ਹਾਂ ਆਪਣਾ ਯੋਗਦਾਨ ਪਾ ਰਿਹਾ ਹੈ, ਅਸੀਂ ਉਨ੍ਹਾਂ ਦਾ ਧੰਨਵਾਦ ਕਰਦੇ ਹਾਂ।



ਐਵਾਰਡ ਜੇਤੂ ਇਸ ਐਲਬਮ ਵਿਚ ਗੁਰਬਾਣੀ ਦੇ ਸ਼ਬਦ ਹਨ। ਇਹ ਬਹੁਤ ਹੀ ਸ਼ਾਂਤਮਈ ਸੰਗੀਤ ਹੈ ਜੋ ਮਨ ਨੂੰ ਸ਼ਾਂਤੀ ਪ੍ਰਦਾਨ ਕਰਦਾ ਹੈ। ਇਸ ਐਲਬਮ ਵਿਚ 'ਇਕ ਅਰਦਾਸ ਵਾਹਿਗੁਰੂ', 'ਧੰਨ-ਧੰਨ ਰਾਮ ਦਾਸ ਗੁਰ', 'ਆਪ ਸਹਾਏ ਹੋਯ ਹਰਿ-ਹਰਿ-ਹਰਿ' 'ਸਿਮਰੋ ਗੋਬਿੰਦ' ਵਰਗੇ ਕਈ ਸ਼ਬਦ ਅਤੇ ਧਾਰਮਿਕ ਗੀਤ ਹਨ।

# ਖ਼ੁਦ ਮੰਗ ਕਰਕੇ ਟਾਈਟਲਰ ਹੁਣ ਟੈਸਟ ਤੋਂ ਮੁਕਰਿਆ : ਫੂਲਕਾ

**ਮੁੱਲਾਂਪੁਰ ਦਾਖਾ/ਬਿਊਰੋ ਨਿਊਜ਼ :**
1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਕਥਿਤ ਦੋਸ਼ੀ ਜਗਦੀਸ਼ ਟਾਈਟਲਰ ਨੇ ਅਪ੍ਰੈਲ 2013 ਵਿੱਚ ਆਪਣਾ ਡਿਟੇਕਟਿਵ ਟੈਸਟ ਕਰਵਾਉਣ ਦੀ ਖੁਦ ਮੰਗ ਕੀਤੀ ਸੀ ਅਤੇ ਜਦੋਂ ਹੁਣ ਸੀਬੀਆਈ ਨੇ ਅਦਾਲਤ ਤੋਂ ਇਸ ਦਾ ਟੈਸਟ ਕਰਵਾਉਣ ਦੀ ਮਨਜ਼ੂਰੀ ਮੰਗੀ ਤਾਂ ਹੁਣ ਉਹ ਆਪਣਾ ਟੈਸਟ ਕਰਵਾਉਣ ਤੋਂ ਮੁਕਰ ਰਿਹਾ ਹੈ। ਇਹ ਜਾਣਕਾਰੀ ਹਲਕਾ ਦਾਖਾ ਤੋਂ ਵਿਧਾਨ ਸਭਾ ਦੀ ਚੋਣ ਲੜ ਚੁੱਕੇ ਉਮੀਦਵਾਰ ਅਤੇ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਹਰਵਿੰਦਰ ਸਿੰਘ ਫੂਲਕਾ ਨੇ ਇਥੇ ਪ੍ਰੈਸ ਕਾਨਫਰੰਸ ਦੌਰਾਨ ਦਿੱਤੀ। ਉਨ੍ਹਾਂ ਕਿਹਾ ਕਿ ਟਾਈਟਲਰ ਨੇ ਮੁੱਖ ਗਵਾਹ ਗਿਆਨੀ ਸੁਰਿੰਦਰ ਸਿੰਘ ਦੇ ਪੁੱਤਰ ਨੂੰ ਕੈਨੇਡਾ ਪਹੁੰਚਾਇਆ ਅਤੇ ਇਕ ਕੰਪਨੀ ਦੇ ਏਜੰਟ ਅਭਿਸ਼ੇਕ ਵਰਮਾ ਰਾਹੀਂ ਪੰਜ ਹਜ਼ਾਰ ਡਾਲਰ ਦੀ ਵਿੱਤੀ ਸਹਾਇਤਾ ਵੀ ਉਸ ਨੂੰ ਕੈਨੇਡਾ ਭੇਜੀ ਸੀ। ਅਭਿਸ਼ੇਕ ਵਰਮਾ ਨੇ ਖੁਦ ਮੰਨਿਆ ਸੀ ਕਿ ਉਸ ਨੂੰ ਵਿਦੇਸ਼ ਪੈਸੇ ਭੇਜਣ ਲਈ ਜਗਦੀਸ਼ ਟਾਈਟਲਰ ਨੇ ਹੀ ਕਿਹਾ ਸੀ। ਜਦੋਂ ਪੱਤਰਕਾਰਾਂ ਨੇ ਹਰਵਿੰਦਰ ਸਿੰਘ ਫੂਲਕਾ ਨੂੰ ਪੁੱਛਿਆ ਕਿ ਕਾਨੂੰਨੀ ਤੌਰ 'ਤੇ ਕਿਸੇ ਦਾ ਜਬਰੀ ਟੈਸਟ ਕਰਵਾਇਆ ਜਾ ਸਕਦਾ ਹੈ ਤਾਂ ਉਨ੍ਹਾਂ ਕਿਹਾ ਕਿ ਇਹ ਟੈਸਟ ਸਿਰਫ ਰਜ਼ਾਮੰਦੀ ਨਾਲ ਹੀ ਹੋ ਸਕਦਾ ਹੈ। ਉਨ੍ਹਾਂ ਦੱਸਿਆ ਕਿ ਜਗਦੀਸ਼ ਟਾਈਟਲਰ ਦਾ ਟੈਸਟ ਕਰਵਾਉਣ ਬਾਰੇ ਅਤੇ ਕਥਿਤ ਦੋਸ਼ੀ ਸੱਜਣ ਕੁਮਾਰ ਦੀ ਜ਼ਮਾਨਤ ਰੱਦ ਕਰਾਉਣ ਦੀ ਅਪੀਲ 'ਤੇ ਉਹ 23 ਫਰਵਰੀ ਨੂੰ ਖੁਦ ਬਹਿਸ ਕਰਨਗੇ।



### ਮੁੱਖ ਮੰਤਰੀ ਬਣਨ ਦੇ ਸਵਾਲ 'ਤੇ ਧਾਰੀ ਚੁੱਪ

ਸ੍ਰੀ ਫਲੂਕਾ ਨੂੰ ਜਦੋਂ ਪੁੱਛਿਆ ਗਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ 'ਤੇ ਕੀ ਉਹ ਮੁੱਖ ਮੰਤਰੀ ਦੀ ਕੁਰਸੀ ਸੰਭਾਲਣਗੇ ਤਾਂ ਉਨ੍ਹਾਂ ਕਿਹਾ ਕਿ ਭਾਵੇਂ ਉਹ ਵਿਧਾਇਕ ਹੋਣ ਜਾਂ ਸੀਐਮ ਉਹ ਹਮੇਸ਼ਾ ਹੀ ਗਰੀਬਾਂ ਨੂੰ ਇਨਸਾਫ ਦਿਵਾਉਣਗੇ ਅਤੇ ਉਨ੍ਹਾਂ ਦੀ ਪਾਰਟੀ ਕਿਸੇ ਵੀ ਵਿਅਕਤੀ ਨਾਲ ਬੇਇਨਸਾਫੀ ਨਹੀਂ ਹੋਣ ਦੇਵੇਗੀ। ਉਨ੍ਹਾਂ ਕਿਹਾ ਕਿ 'ਆਪ' ਦੀ ਸਰਕਾਰ ਆਉਣ 'ਤੇ ਕਿਸੇ ਵੀ ਮਹਿਕਮੇ ਵਿੱਚ ਸਿਆਸੀ ਦਖਲਅੰਦਾਜ਼ੀ ਨਹੀਂ ਕੀਤੀ ਜਾਵੇਗੀ ਅਤੇ ਸਿਹਤ ਸਹੂਲਤਾਂ ਤੇ ਮਿਆਰੀ ਸਿੱਖਿਆ ਉਨ੍ਹਾਂ ਦੀਆਂ ਮੁੱਖ ਤਰਜੀਹਾਂ ਹੋਣਗੀਆਂ।

# ਸਿੱਖ ਕਤਲੇਆਮ ਦੇ ਮੁਲਜ਼ਮ ਟਾਈਟਲਰ ਨੇ ਲਾਈ ਡਿਟੈਕਟਰ ਟੈਸਟ ਤੋਂ ਕੀਤਾ ਇਨਕਾਰ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਕਾਂਗਰਸੀ ਨੇਤਾ ਜਗਦੀਸ਼ ਟਾਈਟਲਰ ਨੇ ਦਿੱਲੀ ਦੀ ਇਕ ਅਦਾਲਤ ਨੂੰ ਦੱਸਿਆ ਕਿ ਸੀ.ਬੀ.ਆਈ. ਨੇ ਆਪਣੀ ਪਟੀਸ਼ਨ ਵਿਚ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਇਕ ਮਾਮਲੇ ਵਿਚ ਉਸ ਦਾ ਲਾਈ ਡਿਕਟੈਕਸ਼ਨ ਟੈਸਟ (ਝੂਠ ਦਾ ਪਤਾ ਲਾਉਣ ਵਾਲਾ ਟੈਸਟ) ਕਰਨ ਲਈ ਕੋਈ ਕਾਰਨ ਨਹੀਂ ਦੱਸਿਆ। ਟਾਈਟਲਰ ਨੇ ਟੈਸਟ ਕਰਵਾਉਣ ਤੋਂ ਇਨਕਾਰ ਕਰਦਿਆ ਇਸ ਨੂੰ 'ਬਦਨੀਤੀ' ਦੱਸਿਆ। ਟਾਈਟਲਰ ਜਿਹੜਾ ਅਦਾਲਤ ਸਾਹਮਣੇ ਨਿੱਜੀ ਰੂਪ ਵਿਚ ਪੇਸ਼ ਨਹੀਂ ਹੋਇਆ ਨੇ ਆਪਣੇ ਵਕੀਲ ਰਾਹੀਂ ਦਾਇਰ ਅਰਜ਼ੀ ਵਿਚ ਕਿਹਾ ਕਿ ਸੀ.ਬੀ.ਆਈ. ਦੀ ਪਟੀਸ਼ਨ ਕਾਨੂੰਨ ਦੀ ਘੋਰ ਦੁਰਵਰਤੋਂ ਹੈ ਅਤੇ ਇਹ ਮੰਦਭਾਵਨਾ ਨਾਲ ਭਰੀ ਹੋਈ ਹੈ। ਹਥਿਆਰਾਂ ਦੇ ਵਪਾਰੀ ਅਭਿਸ਼ੇਕ ਵਰਮਾ ਜਿਸ ਨੂੰ ਵੀ ਅਦਾਲਤ ਨੇ ਸੀ.ਬੀ.ਆਈ. ਦੀ ਪਟੀਸ਼ਨ 'ਤੇ ਨੋਟਿਸ ਭੇਜਿਆ ਸੀ, ਅਦਾਲਤ ਵਿਚ ਪੇਸ਼ ਹੋਇਆ ਅਤੇ ਕਿਹਾ ਕਿ ਉਹ ਉਸ ਵਲੋਂ ਜਾਂਚ ਏਜੰਸੀ ਨੂੰ ਦਿੱਤੇ ਪਹਿਲੇ ਬਿਆਨ 'ਤੇ ਕਾਇਮ ਹੈ ਅਤੇ ਜਾਂਚ ਵਿਚ ਸ਼ਾਮਲ ਹੋਣ ਲਈ ਤਿਆਰ ਹੈ। ਵਕੀਲ ਮਨਿੰਦਰ ਸਿੰਘ, ਜਿਹੜੇ ਵਰਮਾ ਵਲੋਂ ਪੇਸ਼ ਹੋਏ, ਨੇ ਵੀ ਕਿਹਾ ਕਿ ਉਸ ਦਾ ਲਾਈ ਡਿਟੈਕਸ਼ਨ ਟੈਸਟ ਕਰਨ ਦਾ ਕੋਈ ਕਾਰਨ ਨਹੀਂ ਦਿੱਤਾ ਅਤੇ ਉਹ ਸੀ.ਆਰ.ਪੀ.ਸੀ. ਦੀ ਧਾਰਾ 164 ਤਹਿਤ ਮਜਿਸਟਰੇਟ ਸਾਹਮਣੇ ਆਪਣਾ ਬਿਆਨ ਦਰਜ ਕਰਵਾਉਣ ਲਈ ਤਿਆਰ ਹੈ। ਉਸ ਨੇ ਪਟੀਸ਼ਨ ਦਾ ਜਵਾਬ ਦੇਣ ਲਈ ਹਫਤੇ ਦਾ ਸਮਾਂ ਮੰਗਿਆ ਹੈ। ਵਧੀਕ ਚੀਫ ਮੈਟਰੋਪੋਲੀਟਨ ਮਜਿਸਟਰੇਟ ਸ਼ਿਵਾਲੀ ਸ਼ਰਮਾ ਨੇ ਵਰਮਾ ਨੂੰ ਆਪਣੇ ਜਵਾਬ ਦੇਣ ਲਈ ਸਮਾਂ ਦੇ ਦਿੱਤਾ ਹੈ ਅਤੇ ਸੀ.ਬੀ.ਆਈ. ਦੀ ਅਰਜ਼ੀ 'ਤੇ ਦਲੀਲਾਂ ਸੁਣਨ ਲਈ ਮਾਮਲੇ ਦੀ ਸੁਣਵਾਈ 23 ਫਰਵਰੀ 'ਤੇ ਪਾ ਦਿੱਤੀ ਹੈ।



# ਸਿੱਖ ਪ੍ਰਚਾਰਕ ਭਾਈ ਜਗਰਾਜ ਸਿੰਘ ਨੂੰ 'ਪੁਆਇੰਟਸ ਆਫ ਲਾਈਟ' ਐਵਾਰਡ

**ਲੰਡਨ/ਬਿਊਰੋ ਨਿਊਜ਼ :** ਯੂ.ਕੇ. ਵਿਚ ਸਿੱਖ ਨੌਜਵਾਨ ਪ੍ਰਚਾਰਕ ਭਾਈ ਜਗਰਾਜ ਸਿੰਘ ਨੂੰ ਬਰਤਾਨੀਆ ਦੀ ਪ੍ਰਧਾਨ ਮੰਤਰੀ ਵੱਲੋਂ 'ਪੁਆਇੰਟਸ ਆਫ ਲਾਈਟ' ਪੁਰਸਕਾਰ ਨਾਲ ਸਨਮਾਨਿਤ ਕਰਨ ਦਾ ਐਲਾਨ ਕੀਤਾ ਗਿਆ ਹੈ। ਇਹ ਐਵਾਰਡ ਭਾਈ ਜਗਰਾਜ ਸਿੰਘ ਦੀਆਂ ਸਿੱਖ ਭਾਈਚਾਰੇ ਪ੍ਰਤੀ ਕੀਤੀਆਂ ਸੇਵਾਵਾਂ ਬਦਲੇ ਦਿੱਤਾ ਗਿਆ ਹੈ। ਜਗਰਾਜ ਸਿੰਘ ਵੱਲੋਂ ਯੂ.ਕੇ. ਦੇ ਸਕੂਲਾਂ, ਯੂਨੀਵਰਸਿਟੀਆਂ ਵਿੱਚ ਸਿੱਖ ਧਰਮ ਤੋਂ ਜਾਣੂ ਕਰਵਾਉਣ ਲਈ ਸਿੱਖੀ ਨਾਮ ਦੀ ਸੰਸਥਾ ਦਾ ਗਠਨ ਕੀਤਾ ਗਿਆ, ਜਿਸ ਤਹਿਤ ਉਹ ਵੱਖ-ਵੱਖ ਸ਼ਹਿਰਾਂ ਦੇ ਗੁਰੂ ਘਰਾਂ ਵਿੱਚ ਪੰਜਾਬੀ ਅਤੇ ਅੰਗਰੇਜ਼ੀ ਵਿੱਚ ਭਾਸ਼ਾ ਵਿੱਚ ਕਥਾ ਵਿਚਾਰਾਂ ਕਰਦੇ ਹਨ। ਉਹ ਅਕਸਰ ਹੀ ਗ਼ੈਰ-ਸਿੱਖ ਲੋਕਾਂ ਨੂੰ ਸਿੱਖੀ ਸਿਧਾਂਤਾਂ ਤੋਂ ਜਾਣੂ ਕਰਵਾਉਂਦੇ ਅਤੇ 'ਮਾਨਸ ਕੀ ਜਾਤ ਸਭੈ ਏਕੇ ਪਹਿਚਾਣਬੋ' ਦੇ ਗੁਰੂ ਉਪਦੇਸ਼ ਨੂੰ ਵੰਡਦੇ ਹਨ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਸਿੱਖ ਕੌਂਸਲ ਯੂ.ਕੇ. ਦੇ ਜਗਤਾਰ ਸਿੰਘ ਗਿੱਲ ਨੇ ਕਿਹਾ ਕਿ ਭਾਈ ਜਗਰਾਜ ਸਿੰਘ ਇਸ ਸਨਮਾਨ ਦੇ ਹੱਕਦਾਰ ਹਨ। ਸੰਗਤਾਂ ਵੱਲੋਂ ਹਮੇਸ਼ਾਂ ਉਨ੍ਹਾਂ ਨੂੰ ਸਨਮਾਨ ਮਿਲਦਾ ਰਿਹਾ ਹੈ, ਇਸੇ ਕਰਕੇ ਉਨ੍ਹਾਂ ਦੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਅੰਤਰਰਾਸ਼ਟਰੀ ਇਨਫਰਮੇਸ਼ਨ ਕੇਂਦਰ ਸਥਾਪਤ ਕਰਨ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਸਥਾਨਕ ਸਿੱਖ ਟੈਲੀਵਿਜ਼ਨ 'ਤੇ ਕੁਝ ਘੰਟਿਆਂ ਵਿੱਚ ਹੀ ਇੱਕ ਲੱਖ ਪੌਂਡ ਇਕੱਤਰ ਕੀਤਾ ਗਿਆ। ਜ਼ਿਕਰਯੋਗ ਹੈ ਕਿ ਭਾਈ ਜਗਰਾਜ ਸਿੰਘ ਕੁਝ ਮਹੀਨਿਆਂ ਤੋਂ ਕੈਂਸਰ ਦੀ ਨਾਮੁਰਾਦ ਬਿਮਾਰੀ ਨਾਲ ਜੂਝ ਰਹੇ ਹਨ।



# ਸਿੱਖ ਭਾਈਚਾਰੇ ਨੂੰ ਸੌਧਾ ਸਾਧ ਦੀ ਫ਼ਿਲਮ ਦੇ ਬਾਈਕਾਟ ਦਾ ਸੱਦਾ

**ਬਠਿੰਡਾ/ਬਿਊਰੋ ਨਿਊਜ਼ :**ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਦੀ ਨਵੀਂ ਫਿਲਮ 'ਤੇ ਵਿਵਾਦ ਛਿੜ ਗਿਆ ਹੈ। ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਗੁਰਮੁੱਖ ਸਿੰਘ ਨੇ ਸਿੱਖ ਭਾਈਚਾਰੇ ਨੂੰ ਸੱਦਾ ਦਿੱਤਾ ਹੈ ਕਿ ਉਹ ਇਸ ਫਿਲਮ ਦਾ ਪੂਰੀ ਤਰਾਂ ਬਾਈਕਾਟ ਕਰਨ, ਜਦੋਂ ਕਿ ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਇਸ ਫਿਲਮ 'ਤੇ ਪੰਜਾਬ ਵਿੱਚ ਪਾਬੰਦੀ ਲਾਈ ਜਾਵੇ। ਦੱਸਣਯੋਗ ਹੈ ਕਿ ਡੇਰਾ ਮੁਖੀ ਦੀ ਨਵੀਂ ਫਿਲਮ 'ਐਮਐਸਜੀ ਹਿੰਦ ਕਾ ਨਾਪਾਕ ਕੋ ਜਵਾਬ' ਪੰਜਾਬ ਦੇ ਸਿਨੇਮਾਘਰਾਂ ਵਿੱਚ ਰਿਲੀਜ਼ ਹੋ ਰਹੀ ਹੈ। ਇਹ ਫਿਲਮ ਸਰਜੀਕਲ ਸਟਰਾਈਕ 'ਤੇ ਬਣਾਈ ਗਈ ਹੈ। ਅਕਾਲੀ ਉਮੀਦਵਾਰਾਂ ਵੱਲੋਂ ਵੋਟਾਂ ਖਾਤਰ ਡੇਰਾ ਸਿਰਸਾ ਜਾਣ ਮਗਰੋਂ ਡੇਰਾ ਵਿਵਾਦ ਮੁੜ ਖੜਾ ਹੋਣ ਲੱਗਿਆ ਹੈ। ਪੰਜਾਬ ਸਰਕਾਰ ਨੇ ਕੁਝ ਸਮਾਂ ਪਹਿਲਾਂ ਡੇਰਾ ਮੁਖੀ ਦੀ ਫਿਲਮ 'ਤੇ ਪਾਬੰਦੀ ਲਾਈ ਸੀ ਅਤੇ ਮਗਰੋਂ ਪੁਲੀਸ ਪਹਿਰਾ ਲਾ ਕੇ ਸਰਕਾਰ ਨੇ ਇਹ ਫਿਲਮ ਸਿਨੇਮਾਘਰਾਂ ਵਿੱਚ ਰਿਲੀਜ਼ ਕਰਾ ਦਿੱਤੀ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਡੇਰਾ ਮੁਖੀ ਖ਼ਿਲਾਫ਼ ਹੁਕਮਨਾਮਾ ਜਾਰੀ ਹੋਇਆ ਹੈ। ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਗੁਰਮੁੱਖ ਸਿੰਘ ਨੇ ਆਖਿਆ ਕਿ ਸਿੱਖ ਭਾਈਚਾਰਾ ਫਿਲਮ ਦਾ ਖੁੱਲਾ ਬਾਈਕਾਟ ਕਰੇ। ਜਥੇਦਾਰ ਨੇ ਆਖਿਆ ਕਿ ਪੰਜਾਬ ਦੇ ਲੋਕ ਅਮਨ ਸ਼ਾਂਤੀ ਚਾਹੁੰਦੇ ਹਨ ਅਤੇ ਫਿਲਮ ਲੱਗਣ ਨਾਲ ਹਾਲਾਤ ਖਰਾਬ ਹੁੰਦੇ ਹਨ ਤਾਂ ਉਸ ਲਈ ਡੇਰਾ ਜ਼ਿੰਮੇਵਾਰ ਹੋਵੇਗਾ।



ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਨੇ ਆਖਿਆ ਕਿ ਕੋਈ ਵੀ ਸਿੱਖ ਇਹ ਫਿਲਮ ਦੇਖਣ ਨਾ ਜਾਵੇ ਅਤੇ ਪੰਜਾਬ ਦੇ ਲੋਕ ਇਸ ਦਾ ਬਾਈਕਾਟ ਕਰਨ। ਉਨਾਂ ਆਖਿਆ ਕਿ ਜੋ ਵੀ ਅਕਾਲ ਤਖ਼ਤ ਸਾਹਿਬ ਨੂੰ ਮੰਨਦਾ ਹੈ, ਉਹ ਫਿਲਮ ਤੋਂ ਦੂਰ ਰਹੇ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਬਾਬਾ ਬੂਟਾ ਸਿੰਘ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਸ ਫਿਲਮ 'ਤੇ ਪੰਜਾਬ ਵਿੱਚ ਪਾਬੰਦੀ ਲਾਈ ਜਾਵੇ। ਉਨਾਂ ਆਖਿਆ ਕਿ ਫਿਲਮ ਲੱਗਣ ਤੋਂ ਲੋਕ ਭੜਕ ਸਕਦੇ ਹਨ, ਜਿਸ ਕਰ ਕੇ ਇਸ 'ਤੇ ਪਾਬੰਦੀ ਲਾਉਣੀ ਬਣਦੀ ਹੈ। ਤਖ਼ਤ ਦਮਦਮਾ ਸਾਹਿਬ ਦੇ ਮੁਤਵਾਜ਼ੀ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਦਾ ਕਹਿਣਾ ਹੈ ਕਿ ਇਨਾਂ ਫਿਲਮਾਂ ਨੂੰ ਪਹਿਲਾਂ ਵੀ ਸਿਰਫ਼ ਡੇਰਾ ਪ੍ਰੇਮੀ ਹੀ ਦੇਖਦੇ ਹਨ, ਪੰਜਾਬ ਦੇ ਲੋਕਾਂ ਨੇ ਕਦੇ ਡੇਰਾ ਮੁਖੀ ਦੀ ਫਿਲਮ ਨਹੀਂ ਵੇਖੀ। ਦੂਜੇ ਪਾਸੇ ਐਸਐਸਪੀ ਸਵੱਪਨ ਸ਼ਰਮਾ ਦਾ ਕਹਿਣਾ ਹੈ ਕਿ ਫਿਲਮ ਰਿਲੀਜ਼ ਦੇ ਮਾਮਲੇ ਨੂੰ ਲੈ ਕੇ ਕਿਸੇ ਵੀ ਤਰਾਂ ਦਾ ਤਣਾਅ ਨਹੀਂ ਹੈ।

ਇਸੇ ਦੌਰਾਨ ਡੇਰਾ ਸਿਰਸਾ ਦੀ 45 ਮੈਂਬਰੀ ਕਮੇਟੀ ਦੇ ਮੈਂਬਰ ਗੁਰਮੇਲ ਸਿੰਘ ਦਾ ਕਹਿਣਾ ਹੈ ਕਿ ਇਸ ਫਿਲਮ ਕੁਝ ਵੀ ਇਤਰਾਜ਼ਯੋਗ ਨਹੀਂ ਹੈ, ਸਗੋਂ ਇਹ ਫਿਲਮ ਦੇਸ਼ ਭਗਤੀ ਦੇ ਜਜ਼ਬੇ ਨੂੰ ਵਧਾਏਗੀ। ਉਨਾਂ ਆਖਿਆ ਕਿ ਪੰਜਾਬ ਵਿੱਚ ਫਿਲਮ ਨੂੰ ਚੰਗਾ ਹੁੰਗਾਰਾ ਮਿਲਣ ਦੀ ਸੰਭਾਵਨਾ ਹੈ।

### ਡੇਰਾ ਬਿਆਸ ਮੁਖੀ ਕੈਂਸਰ ਦੇ ਇਲਾਜ ਲਈ ਸਿੰਗਾਪੁਰ ਰਵਾਨਾ

**ਐੱਸ.ਏ.ਐੱਸ. ਨਗਰ/ਬਿਊਰੋ ਨਿਊਜ਼ :** ਰਾਧਾ ਸਵਾਮੀ ਸਤਿਸੰਗ ਡੇਰਾ ਬਿਆਸ ਦੇ ਮੁਖੀ ਗੁਰਿੰਦਰ ਸਿੰਘ ਢਿੱਲੋਂ, ਜੋ ਕਿ ਪੇਟ ਦਰਦ ਦੀ ਸ਼ਿਕਾਇਤ ਕਾਰਨ ਇਥੋਂ ਦੇ ਫੋਰਟਿਸ ਹਸਪਤਾਲ ਵਿਖੇ ਦਾਖਲ ਕਰਵਾਏ ਗਏ ਸਨ, ਮਾਹਰ ਡਾਕਟਰਾਂ ਦੀ ਵਿਸ਼ੇਸ਼ ਰਾਇ ਤੋਂ ਬਾਅਦ ਸਿੰਗਾਪੁਰ ਵਿਖੇ ਇਲਾਜ ਕਰਾਉਣ ਦਾ ਫ਼ੈਸਲਾ ਕਰਨ ਉਪਰੰਤ ਉਨ੍ਹਾਂ ਨੂੰ ਬਾਅਦ ਦੁਪਹਿਰ ਸਿੰਗਾਪੁਰ ਰਵਾਨਾ ਕੀਤਾ ਗਿਆ। ਭਰੋਸੇਯੋਗ ਸੂਤਰਾਂ ਅਨੁਸਾਰ ਬਾਬਾ ਗੁਰਿੰਦਰ ਸਿੰਘ ਕੈਂਸਰ ਤੋਂ ਪੀੜਤ ਹਨ। ਉਨ੍ਹਾਂ ਵੱਲੋਂ ਕੀਤੇ ਜਾਣ ਵਾਲੇ ਸਾਰੇ ਸਤਿਸੰਗ ਤੇ ਹੋਰ ਰੁਝੇਂਵਿਆਂ ਨੂੰ ਫਿਲਹਾਲ ਮੁਲਤਵੀ ਕਰ ਦਿੱਤਾ ਗਿਆ ਹੈ। ਇਸ ਗੱਲ ਦੀ ਭਿਣਕ ਪੈਣ 'ਤੇ ਫੋਰਟਿਸ ਹਸਪਤਾਲ ਦੇ ਬਾਹਰ ਵੱਡੀ ਗਿਣਤੀ ਵਿਚ ਉਨ੍ਹਾਂ ਦੇ ਸ਼ਰਧਾਲੂ ਇਕੱਤਰ ਹੋ ਗਏ ਤੇ ਉਨ੍ਹਾਂ ਦੀ ਲੰਮੀ ਉਮਰ ਤੇ ਸਿਹਤਯਾਬੀ ਲਈ ਪ੍ਰਮਾਤਮਾ ਅੱਗੇ ਅਰਦਾਸ ਕਰ ਰਹੇ ਸਨ। ਬੇਸ਼ੱਕ ਇਸ ਸਬੰਧ ਵਿਚ ਫੋਰਟਿਸ ਦੇ ਕਿਸੇ ਅਧਿਕਾਰੀ ਜਾਂ ਡੇਰੇ ਦੇ ਕਿਸੇ ਵੀ ਨੁਮਾਇੰਦੇ ਨੇ ਪੱਤਰਕਾਰਾਂ ਨੂੰ ਕੋਈ ਜਾਣਕਾਰੀ ਨਹੀਂ ਦਿੱਤੀ ਤੇ ਫੋਟੋਗ੍ਰਾਫਰਾਂ ਨੂੰ ਵੀ ਤਸਵੀਰ ਨਹੀਂ ਖਿੱਚਣ ਦਿੱਤੀ ਗਈ।



## ਦਿੱਲੀ ਗੁਰਦੁਆਰਾ ਕਮੇਟੀ ਚੋਣਾਂ

# 46 ਹਲਕਿਆਂ 'ਚ 3,80,091 ਵੋਟਰ ਕਰਨਗੇ ਅਧਿਕਾਰਾਂ ਦੀ ਵਰਤੋਂ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ 26 ਫਰਵਰੀ ਨੂੰ ਹੋਣੀਆਂ ਹਨ। ਦਿੱਲੀ ਗੁਰਦੁਆਰਾ ਚੋਣ ਵਿਭਾਗ ਦੀ ਸੂਚੀ ਮੁਤਾਬਕ ਇਸ ਵਾਰ ਸਿਰਫ 3 ਲੱਖ 80 ਹਜ਼ਾਰ 91 ਵੋਟਰ ਹਨ, ਜਿਨ੍ਹਾਂ ਵਿਚੋਂ 1 ਲੱਖ 92 ਹਜ਼ਾਰ 691 ਮਰਦ ਤੇ 1 ਲੱਖ 87 ਹਜ਼ਾਰ 691 ਔਰਤ ਵੋਟਰ ਹਨ ਜਦਕਿ ਸਾਲ 20 13 ਦੀਆਂ ਪਿਛਲੀਆਂ ਚੋਣਾਂ ਵਿਚ ਕੁੱਲ 4 ਲੱਖ 11 ਹਜ਼ਾਰ 218 ਵੋਟਰ ਸਨ। ਦਿੱਲੀ ਗੁਰਦੁਆਰਾ ਐਕਟ-1971 ਹੋਂਦ ਵਿਚ ਆਉਣ ਉਪਰੰਤ ਹੁਣ ਤੱਕ ਦਿੱਲੀ ਕਮੇਟੀ ਦੀਆਂ 6 ਵਾਰ ਆਮ ਚੋਣਾਂ ਹੋ ਚੁੱਕੀਆਂ ਹਨ ਤੇ ਹੁਣ 7ਵੀਂ ਵਾਰ 26 ਫਰਵਰੀ, 2017 ਨੂੰ ਦਿੱਲੀ ਦੇ ਸਿੱਖ ਵੋਟਰ ਆਪਣੀ ਵੋਟ ਦੀ ਵਰਤੋਂ ਕਰਦੇ ਹੋਏ ਦਿੱਲੀ ਦੇ 46 ਹਲਕਿਆਂ ਦੇ ਨੁਮਾਇੰਦੇ ਚੁਣਨਗੇ। ਭਾਰਤ ਸਰਕਾਰ ਵੱਲੋਂ ਦਿੱਲੀ ਸਿੱਖ ਗੁਰਦੁਆਰਾ ਐਕਟ-1971 ਦੀ ਧਾਰਾ 3 ਤਹਿਤ ਸਥਾਪਤ ਕੀਤੀ ਗਈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁੱਖ ਮਨੋਰਥ ਦਿੱਲੀ ਦੇ ਇਤਿਹਾਸਕ ਗੁਰਦੁਆਰਿਆਂ ਤੇ ਕਮੇਟੀ ਅਧੀਨ ਵਿਦਿਅਕ ਅਦਾਰਿਆਂ ਦੀ ਸੇਵਾ-ਸੰਭਾਲ ਕਰਨਾ ਹੈ। ਦਿੱਲੀ ਸਰਕਾਰ ਦੇ ਗੁਰਦੁਆਰਾ ਚੋਣ ਵਿਭਾਗ ਵੱਲੋਂ ਹਰ 4 ਸਾਲ ਬਾਅਦ ਆਮ ਚੋਣਾਂ ਕਰਵਾਏ ਜਾਣ ਦਾ ਨਿਯਮ ਹੈ ਤੇ ਦਿੱਲੀ ਗੁਰਦੁਆਰਾ ਐਕਟ ਲਾਗੂ ਹੋਣ ਉਪਰੰਤ ਪਹਿਲੀਆਂ ਗੁਰਦੁਆਰਾ ਚੋਣਾਂ 30 ਮਾਰਚ 1975 ਵਿਚ ਹੋਈਆਂ ਸਨ ਤੇ 28 ਅਪ੍ਰੈਲ 1975 ਨੂੰ ਪਹਿਲੀ ਗੁਰਦੁਆਰਾ ਕਮੇਟੀ ਹੋਂਦ ਵਿਚ ਆਈ ਸੀ। ਉਸ ਤੋਂ ਬਾਅਦ ਕਈ ਵਾਰ ਆਮ ਚੋਣਾਂ ਸਮੇਂ ਸਿਰ ਨਹੀਂ ਹੋ ਸਕੀਆ, ਜਿਸ ਕਾਰਨ ਜਿਹੜੀਆਂ ਚੋਣਾਂ 4 ਸਾਲ ਦੇ ਨਿਯਮ ਮੁਤਾਬਕ 11 ਵਾਰ ਹੋ ਸਕਦੀਆਂ ਸਨ, ਉਹ ਹਾਲੇ 6 ਵਾਰ ਹੀ ਹੋ ਸਕੀਆਂ ਹਨ ਤੇ ਪਿਛੋਕੜ ਵਿਚ ਕਈ ਵਾਰ ਲੰਮੇ ਸਮੇਂ ਤੱਕ ਚੋਣਾਂ ਵਿਚ ਦੇਰੀ ਹੁੰਦੀ ਰਹੀ ਹੈ। ਪਿਛਲੀਆਂ ਗੁਰਦੁਆਰਾ ਚੋਣਾਂ ਜਨਵਰੀ 2013 ਵਿਚ ਹੋਈਆਂ ਸਨ ਤੇ ਹੁਣ 4 ਸਾਲ ਬਾਅਦ ਅਗਲੀਆਂ ਚੋਣਾਂ ਤਕਰੀਬਨ ਤੈਅ ਸਮੇਂ 'ਤੇ ਹੀ ਹੋ ਰਹੀਆਂ ਹਨ। ਗੁਰਦੁਆਰਾ ਚੋਣਾਂ ਲਈ ਦਿੱਲੀ ਨੂੰ 46 ਹਲਕਿਆਂ ਵਿਚ ਵੰਡਿਆ ਗਿਆ ਹੈ ਤੇ ਹੁਣ ਪਿਛਲੇ ਵਰ੍ਹੇ ਇਨ੍ਹਾਂ ਹਲਕਿਆਂ ਦੀ ਮੁੜ ਤੋਂ ਹੱਦਬੰਦੀ ਕੀਤੀ ਗਈ ਹੈ, ਜਿਸ ਕਾਰਨ ਤਕਰੀਬਨ ਹਰੇਕ ਹਲਕੇ ਦੇ ਸਿਆਸੀ ਸਮੀਕਰਨਾਂ ਵਿਚ ਭਾਰੀ ਬਦਲਾਅ ਆ ਗਿਆ ਹੈ।



ਦਿੱਲੀ ਕਮੇਟੀ ਵਾਸਤੇ 46 ਮੈਂਬਰਾਂ ਦੀ ਚੋਣ ਸਿੱਖ ਵੋਟਰਾਂ ਵੱਲੋਂ ਵੋਟ ਰਾਹੀਂ ਕੀਤੀ ਜਾਂਦੀ ਹੈ ਤੇ ਚੋਣ ਨਤੀਜੇ ਆਉਣ ਉਪਰੰਤ 15 ਦਿਨ ਦੇ ਅੰਦਰ ਚੋਣ ਡਾਇਰੈਕਟਰ ਵੱਲੋਂ 46 ਚੁਣੇ ਹੋਏ ਮੈਂਬਰਾਂ ਦੀ ਮੀਟਿੰਗ ਸੱਦੀ ਜਾਂਦੀ ਹੈ, ਜਿਸ ਵਿਚ 9 ਮੈਂਬਰਾਂ ਨੂੰ ਨਾਮਜ਼ਦ ਕੀਤਾ ਜਾਂਦਾ ਹੈ। ਇਨ੍ਹਾਂ 9 ਮੈਂਬਰਾਂ ਵਿਚ 4 ਤਖਤਾਂ ਦੇ ਜਥੇਦਾਰ ਸਾਹਿਬਾਨ ਤੋਂ ਇਲਾਵਾ 1 ਨੁਮਾਇਦਾ ਸ਼੍ਰੋਮਣੀ ਕਮੇਟੀ ਦਾ ਹੁੰਦਾ ਹੈ ਤੇ ਦਿੱਲੀ ਦੀਆਂ ਰਜਿਸਟਰਡ ਸਿੰਘ ਸਭਾਵਾਂ ਦੇ 2 ਪ੍ਰਧਾਨ ਲਾਟਰੀ ਰਾਹੀਂ ਮੈਂਬਰ ਮਨੋਨੀਤ ਹੁੰਦੇ ਹਨ। ਇਸ ਤੋਂ ਇਲਾਵਾ ਦਿੱਲੀ ਦੇ ਚੁਣੇ ਗਏ 46 ਮੈਂਬਰਾਂ ਵੱਲੋਂ ਦਿੱਲੀ ਦੇ 2 ਸਿੱਖ ਪ੍ਰਤੀਨਿਧੀਆਂ ਨੂੰ ਵੋਟਾਂ ਰਾਹੀਂ ਚੁਣ ਕੇ ਨਾਮਜ਼ਦ ਕੀਤਾ ਜਾਂਦਾ ਹੈ ਤੇ ਇਸ ਤਰ੍ਹਾਂ ਕੁੱਲ 55 ਮੈਂਬਰਾਂ ਵਾਲੀ ਕਮੇਟੀ ਤਿਆਰ ਹੋ ਜਾਂਦੀ ਹੈ। 55 ਮੈਂਬਰੀ ਕਮੇਟੀ ਤਿਆਰ ਹੋਣ ਉਪਰੰਤ ਦਿੱਲੀ ਗੁਰਦੁਆਰਾ ਚੋਣ ਡਾਇਰੈਕਟਰ ਵੱਲੋਂ 15 ਦਿਨ ਦੇ ਅੰਦਰ ਕਮੇਟੀ ਦੀ ਪਹਿਲੀ ਮੀਟਿੰਗ ਸੱਦੀ ਜਾਂਦੀ ਹੈ, ਜਿਸ ਵਿਚ ਦਿੱਲੀ ਕਮੇਟੀ ਦੇ 5 ਮੁਖੀ ਅਹੁਦੇਦਾਰਾਂ ਤੇ ਕਾਰਜਕਾਰੀ ਬੋਰਡ ਦੇ 10 ਮੈਂਬਰਾਂ ਦੀ ਚੋਣ ਕੀਤੀ ਜਾਂਦੀ ਹੈ। ਇਸ ਕਾਰਜਕਾਰੀ ਬੋਰਡ ਦੀ ਮਿਆਦ 2 ਸਾਲ ਦੀ ਹੁੰਦੀ ਹੈ ਤੇ 2 ਸਾਲ ਬਾਅਦ ਨਵੇਂ ਅਹੁਦੇਦਾਰਾਂ ਤੇ ਕਾਰਜਕਾਰੀ ਬੋਰਡ ਦੇ ਮੈਂਬਰਾਂ ਦੀ ਚੋਣ ਮੁੜ ਤੋਂ ਗੁਰਦੁਆਰਾ ਚੋਣ ਵਿਭਾਗ ਵੱਲੋਂ ਕਰਵਾਈ ਜਾਂਦੀ ਹੈ। ਦਿੱਲੀ ਗੁਰਦੁਆਰਾ ਚੋਣਾਂ ਵਿਚ ਹਿੱਸਾ ਲੈਣ ਲਈ ਉਮੀਦਵਾਰ ਦੀ ਉਮਰ 25 ਤੋਂ ਵੱਧ ਹੋਣੀ ਚਾਹੀਦੀ ਹੈ ਤੇ ਉਹ ਅੰਮ੍ਰਿਤਧਾਰੀ, ਭਾਰਤ ਦਾ ਨਾਗਰਿਕ ਤੇ ਗੁਰਦੁਆਰਾ ਵੋਟਰ ਸੂਚੀ ਵਿਚ ਉਸ ਦਾ ਨਾਂਅ ਦਰਜ ਹੋਣਾ ਚਾਹੀਦਾ ਹੈ। ਉਹ ਪਤਿਤ, ਪਾਗਲ ਜਾ ਦਿਵਾਲੀਆ ਨਾ ਹੋਵੇ, ਸਜ਼ਾ ਯਾਫਤਾ ਨਾ ਹੋਵੇ ਤੇ ਦਿੱਲੀ ਕਮੇਟੀ ਜਾਂ ਦਿੱਲੀ ਦੇ ਕਿਸੇ ਹੋਰ ਸਥਾਨਕ ਗੁਰਦੁਆਰੇ ਦਾ ਮੁਲਾਜ਼ਮ ਨਾ ਹੋਵੇ। ਇਸ ਤੋਂ ਇਲਾਵਾ ਉਸ ਨੂੰ ਪੰਜਾਬੀ ਪੜ੍ਹਨੀ ਤੇ ਲਿਖਣੀ ਆਉਣੀ ਚਾਹੀਦੀ ਹੈ।

# ਜੀਕੇ, ਸਿਰਸਾ ਤੇ ਹਿੱਤ ਤੋਂ ਪੰਜਾਬ ਪੁਲੀਸ ਨੇ ਗੰਨਮੈਨ ਤੇ ਜਿਪਸੀਆਂ ਵਾਪਸ ਲਈਆਂ

### *ਸੁਖਬੀਰ ਬਾਦਲ ਦੀਆਂ ਸਿਫ਼ਾਰਸ਼ਾਂ ਵੀ ਨਾ ਆਈਆਂ ਕੰਮ*

**ਬਠਿੰਡਾ/ਬਿਊਰੋ ਨਿਊਜ਼ :**

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਮੁੱਖ ਨੇਤਾਵਾਂ ਤੋਂ ਪੰਜਾਬ ਪੁਲੀਸ ਨੇ ਜਿਪਸੀਆਂ ਤੇ ਗੰਨਮੈਨ ਵਾਪਸ ਲੈ ਲਏ ਹਨ। ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ ਕੇ, ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਤੇ ਕਾਰਜਕਾਰੀ ਮੈਂਬਰ ਅਵਤਾਰ ਸਿੰਘ ਹਿੱਤ ਤੋਂ ਪੁਲੀਸ ਨੇ ਤਿੰਨ ਜਿਪਸੀਆਂ ਤੇ ਤਕਰੀਬਨ ਦੋ ਦਰਜਨ ਗੰਨਮੈਨ ਵਾਪਸ ਲੈ ਲਏ ਹਨ। ਜਿਪਸੀਆਂ ਸਮੇਤ ਗੰਨਮੈਨ ਵਾਪਸ ਪੰਜਾਬ ਆ ਗਏ ਹਨ। ਚੋਣ ਕਮਿਸ਼ਨ ਨੇ ਕੁਝ ਸਮਾਂ ਪਹਿਲਾਂ ਦਿੱਲੀ ਦੇ ਨੇਤਾਵਾਂ ਤੋਂ ਗੰਨਮੈਨ ਵਾਪਸ ਲੈਣ ਦੀ ਹਦਾਇਤ ਕੀਤੀ ਸੀ ਪਰ ਪੰਜਾਬ ਪੁਲੀਸ ਦੇ ਕੁਝ ਸੀਨੀਅਰ ਅਫ਼ਸਰਾਂ ਨੇ ਇਸ ਤੋਂ ਟਾਲਾ ਵੱਟ ਲਿਆ ਸੀ। ਸੀਨੀਅਰ ਪੱਤਰਕਾਰ ਚਰਨਜੀਤ ਭੁੱਲਰ ਵਲੋਂ ਅਖ਼ਬਾਰ ਵਿਚ ਦਿੱਤੀ ਰਿਪੋਰਟ ਮਗਰੋਂ ਇਹ ਮੁੱਦਾ ਚਰਚਾ ਵਿਚ ਆ ਗਿਆ, ਜਿਸ ਮਗਰੋਂ ਇਹ ਗੰਨਮੈਨ ਤੇ ਜਿਪਸੀਆਂ ਵਾਪਸ ਲੈ ਲਈਆਂ।

ਸੂਤਰਾਂ ਮੁਤਾਬਕ ਦਿੱਲੀ ਕਮੇਟੀ ਦਾ ਇੱਕ ਆਗੂ ਇਸ ਗੱਲੋਂ ਪੁਲੀਸ ਅਫ਼ਸਰਾਂ ਨਾਲ ਔਖਾ-ਭਾਰਾ ਵੀ ਹੋਇਆ। ਮਾਮਲਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੱਕ ਵੀ ਪੁੱਜਾ। ਸੁਖਬੀਰ ਨੇ ਵੀ ਪੁਲੀਸ ਅਫ਼ਸਰਾਂ ਨੂੰ ਸੁਰੱਖਿਆ ਵਾਪਸ ਨਾ ਲੈਣ ਲਈ ਜ਼ੋਰ ਪਾਇਆ ਪਰ ਕਿਸੇ ਨੇ ਉਨ੍ਹਾਂ ਦੀ ਇਕ ਨਾ ਸੁਣੀ। ਸੂਤਰਾਂ ਮੁਤਾਬਕ ਸਿਆਸੀ ਆਗੂਆਂ ਨੇ ਤਾਂ ਪੁਲੀਸ ਅਫ਼ਸਰਾਂ ਨੂੰ ਇੱਥੋਂ ਤਕ ਸਲਾਹ ਦਿੱਤੀ ਕਿ ਕਾਗਜ਼ਾਂ



ਵਿਚ ਗੰਨਮੈਨਾਂ ਦੀ ਵਾਪਸੀ ਪਾ ਲਓ, ਉਂਜ ਦਿੱਲੀ ਹੀ ਰਹਿਣ ਦਿਓ। ਕਿਸੇ ਪੁਲੀਸ ਅਫ਼ਸਰ ਨੇ ਇਹ ਖ਼ਤਰਾ ਮੁੱਲ ਲੈਣ ਦੀ ਹਿੰਮਤ ਨਹੀਂ ਦਿਖਾਈ। ਪੰਜਾਬ ਸਰਕਾਰ ਵੱਲੋਂ ਦਿੱਲੀ ਦੇ ਵਸਨੀਕ ਆਗੂਆਂ ਨੂੰ ਜਿਪਸੀਆਂ ਤੇ ਗੰਨਮੈਨ ਦਿੱਤੇ ਹੋਏ ਸਨ, ਜਿਨ੍ਹਾਂ ਦਾ ਖਰਚਾ ਪੰਜਾਬ ਸਰਕਾਰ ਝੱਲ ਰਹੀ ਸੀ। ਏਡੀਜੀਪੀ (ਸੁਰੱਖਿਆ) ਬੀ.ਕੇ. ਬਾਵਾ ਨੇ ਫੋਨ ਨਹੀਂ ਚੁੱਕਿਆ ਪਰ ਇੱਕ ਹੋਰ ਅਧਿਕਾਰੀ ਨੇ ਪੁਸ਼ਟੀ ਕੀਤੀ ਕਿ ਦਿੱਲੀ ਤੋਂ ਗੰਨਮੈਨ ਤੇ ਜਿਪਸੀਆਂ ਵਾਪਸ ਲੈ ਲਈਆਂ ਗਈਆਂ ਹਨ।

ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਨੇ ਪ੍ਰਤੀ ਜਿਪਸੀ 290 ਲਿਟਰ ਪ੍ਰਤੀ ਮਹੀਨਾ ਤੇਲ ਦੀ ਸਹੂਲਤ ਵੀ ਦਿੱਤੀ ਹੋਈ ਸੀ। ਚੋਣ ਕਮਿਸ਼ਨ ਦੀ ਹਦਾਇਤ ਮਗਰੋਂ ਪੂਰੇ ਪੰਜਾਬ ਵਿਚੋਂ ਤਕਰੀਬਨ 30 ਜਿਪਸੀਆਂ ਵਾਪਸ ਲਈਆਂ ਗਈਆਂ ਹਨ। ਇਹ ਜਿਪਸੀਆਂ ਨਿਯਮਾਂ ਤੋਂ ਉਲਟ ਜਾ ਕੇ ਸਿਆਸੀ ਲੋਕਾਂ ਨੂੰ ਅਲਾਟ ਕੀਤੀਆਂ ਹੋਈਆਂ ਸਨ।

ਏਡੀਜੀਪੀ ਵੀ.ਕੇ. ਭਾਵਰਾ ਨੇ ਦੱਸਿਆ ਕਿ ਜਿਨ੍ਹਾਂ ਤੋਂ ਸੁਰੱਖਿਆ ਵਾਪਸ ਲਈ ਹੈ, ਉਹ ਮੁੜ ਸੁਰੱਖਿਆ ਮੰਗਣ ਲੱਗੇ ਹਨ। ਜਾਣਕਾਰੀ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਜ਼ਿਲ੍ਹਾ ਮੁਕਤਸਰ ਦੇ ਪ੍ਰਧਾਨ ਦਿਆਲ ਸਿੰਘ ਕੋਲਿਆਂਵਾਲੀ ਤੋਂ ਦਰਜਨ ਦੇ ਕਰੀਬ ਗੰਨਮੈਨ ਵਾਪਸ ਲੈ ਗਏ ਸਨ। ਉਸ ਨੇ ਹੁਣ ਚੋਣ ਕਮਿਸ਼ਨ ਤੇ ਡੀਜੀਪੀ ਨੂੰ ਪੱਤਰ ਭੇਜ ਕੇ ਮੁੜ ਗੰਨਮੈਨ ਮੰਗੇ ਹਨ। ਇਸ ਬਾਰੇ ਸ੍ਰੀ ਕੋਲਿਆਂਵਾਲੀ ਨੇ ਕਿਹਾ ਕਿ ਉਸ ਨੂੰ ਤੇ ਉਸ ਦੇ ਮੁੰਡੇ ਨੂੰ ਸਿਆਸੀ ਲੋਕਾਂ ਤੋਂ ਧਮਕੀਆਂ ਮਿਲ ਰਹੀਆਂ ਹਨ, ਜਿਸ ਕਾਰਨ ਪੁਰਾਣੀ ਸੁਰੱਖਿਆ ਬਹਾਲ ਕਰਨ ਲਈ ਚੋਣ ਕਮਿਸ਼ਨ ਨੂੰ ਪੱਤਰ ਲਿਖਿਆ ਹੈ।

## ਭਾਈ ਮੋਹਕਮ ਸਿੰਘ ਵਲੋਂ ਦਿੱਲੀ ਕਮੇਟੀ ਚੋਣਾਂ 'ਚ ਬਾਦਲਾਂ ਨੂੰ ਹਰਾਉਣ ਦੀ ਅਪੀਲ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਯੂਨਾਈਟਿਡ ਅਕਾਲੀ ਦਲ ਦੇ ਪ੍ਰਧਾਨ ਭਾਈ ਮੋਹਕਮ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਡੇਰੇ ਦੀ ਹਮਾਇਤ ਪ੍ਰਾਪਤ ਕਰਨ ਮਗਰੋਂ 'ਡੇਰਾ ਸਿਰਸਾ ਅਕਾਲੀ ਦਲ' ਦਾ ਨਾਂ ਦਿੰਦਿਆਂ ਦਿੱਲੀ ਕਮੇਟੀ ਦੇ ਮੌਜੂਦਾ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੂੰ ਸਲਾਹ ਦਿੱਤੀ ਹੈ ਕਿ ਉਹ ਸ਼੍ਰੋਮਣੀ ਅਕਾਲੀ ਦਲ ਛੱਡ ਦੇਣ। ਉਨਾਂ ਦਿੱਲੀ ਦੇ ਸਿੱਖਾਂ ਨੂੰ ਅਪੀਲ ਕੀਤੀ ਕਿ ਉਹ ਬਾਦਲ ਦਲ ਨੂੰ ਵੋਟਾਂ ਨਾ ਪਾਉਣ ਅਤੇ ਉਨਾਂ ਨੂੰ ਬੇਰੰਗ ਵਾਪਸ ਭੇਜਣ।



ਇੱਕ ਬਿਆਨ ਵਿੱਚ ਭਾਈ ਮੋਹਕਮ ਸਿੰਘ ਨੇ ਦਿੱਲੀ ਦੇ ਸੰਤਾਂ-ਮਹਾਂਪੁਰਸ਼ਾਂ, ਸਿੰਘ ਸਭਾਵਾਂ, ਸਭਾ ਸੁਸਾਇਟੀਆਂ ਅਤੇ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਸ਼੍ਰੋਮਣੀ ਅਕਾਲੀ ਦਲ ਨੂੰ ਦਿੱਲੀ ਕਮੇਟੀ ਦੀਆਂ ਚੋਣਾਂ ਵਿੱਚ ਨਕਾਰ ਕੇ ਪੰਥਕ ਪ੍ਰੰਪਰਾਵਾਂ 'ਤੇ ਪਹਿਰਾ ਦੇਣ। ਉਨਾਂ ਦੋਸ਼ ਲਾਇਆ ਕਿ ਸ਼੍ਰੋਮਣੀ ਅਕਾਲੀ ਦਲ ਨੇ ਤਖ਼ਤ ਸਾਹਿਬਾਨਾਂ ਦੀ ਮਾਣ ਮਰਿਆਦਾ ਅਤੇ ਗੁਰੂ ਘਰਾਂ ਦੇ ਪ੍ਰਬੰਧਾਂ ਨੂੰ ਵੱਡੀ ਢਾਹ ਲਾਈ ਹੈ ਪਰ ਇਨਾਂ ਦੀਆਂ ਆਪਣੀਆਂ ਜਾਇਦਾਦਾਂ ਤੇ ਹੋਰ ਵਸੀਲਿਆਂ ਵਿੱਚ ਨਿਰੰਤਰ ਵਾਧਾ ਹੋਇਆ ਹੈ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਾਰ-ਵਾਰ ਹੋਣਾ ਵੀ ਸਾਬਿਤ ਕਰਦਾ ਹੈ ਕਿ ਇਸ ਪਿੱਛੇ ਕੋਈ ਡੂੰਘੀ ਸਾਜਿਸ਼ ਹੈ, ਜਿਸ ਨੂੰ ਬੇਨਿਕਾਬ ਕਰਨਾ ਬਹੁਤ ਜ਼ਰੂਰੀ ਹੈ। ਉਨਾਂ ਕਿਹਾ ਕਿ ਪੰਜਾਬ ਵਿੱਚ 96 ਥਾਵਾਂ 'ਤੇ ਬੇਅਦਬੀ ਹੋਈ ਹੈ ਪਰ ਕਿਸੇ ਵੀ ਕਥਿਤ ਦੋਸ਼ੀ ਨੂੰ ਫੜਿਆ ਨਹੀਂ ਗਿਆ।

## ਯੂਨਾਈਟਿਡ ਖਾਲਸਾ ਦਲ ਵਲੋਂ ਦਿੱਲੀ ਕਮੇਟੀ ਚੋਣਾਂ ਵਿਚ ਉਮੀਦਵਾਰ ਸਵਰਨ ਸਿੰਘ ਦੇ ਸਮਰਥਨ ਦੀ ਅਪੀਲ

**ਲੰਡਨ/ਬਿਊਰੋ ਨਿਊਜ਼ :** ਯੂਨਾਈਟਿਡ ਖਾਲਸਾ ਦਲ ਯੂ.ਕੇ. ਨੇ ਦਿੱਲੀ ਦੇ ਵਸਨੀਕ ਸਿੱਖਾਂ ਨੂੰ ਅਪੀਲ ਕੀਤੀ ਹੈ ਕਿ ਉਹ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦੌਰਾਨ ਸ. ਸਵਰਨ ਸਿੰਘ ਸਮੇਤ ਸਿੱਖ ਸਿਧਾਂਤਾਂ ਅਤੇ ਕੌਮੀ ਹੱਕਾਂ ਹਿਤਾਂ 'ਤੇ ਪਹਿਰਾ ਦੇਣ ਵਾਲੇ ਕੌਮੀ ਆਜ਼ਾਦੀ



ਲਈ ਵਚਨਬੱਧ ਗੁਰਸਿੱਖ ਉਮੀਦਵਾਰਾਂ ਦਾ ਡੱਟ ਕੇ ਸਮਰਥਨ ਕਰਨ। ਯੂਨਾਈਟਿਡ ਖਾਲਸਾ ਦਲ ਯੂ.ਕੇ. ਦੇ ਪ੍ਰਧਾਨ ਨਿਰਮਲ ਸਿੰਘ ਸੰਧੂ ਅਤੇ ਜਨਰਲ ਸਕੱਤਰ ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਵਾਰਡ ਨੰਬਰ 39 ਤੋਂ ਸਿੱਖ ਸਦਭਾਵਨਾ ਦਲ ਵਲੋਂ ਚੋਣ ਲੜ ਰਹੇ ਸ. ਸਵਰਨ ਸਿੰਘ ਦਾ ਵਿਸ਼ੇਸ਼ ਤੌਰ 'ਤੇ ਸਾਥ ਦੇਣ ਲਈ ਸਮੂਹ ਸਿੱਖ ਵੋਟਰਾਂ ਨੂੰ ਅਪੀਲ ਕੀਤੀ ਗਈ ਹੈ। ਗੌਰਤਲਬ ਹੈ ਕਿ ਸਵਰਨ ਸਿੰਘ ਦਾ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵਲੋਂ ਅਰੰਭੇ ਸੰਘਰਸ਼ ਵਿੱਚ ਖਾਸ ਯੋਗਦਾਨ ਰਿਹਾ ਹੈ, ਜਿਨ੍ਹਾਂ ਦੇ ਤਿੰਨ ਪੁੱਤਰ ਭਾਈ ਸੁਰਜੀਤ ਸਿੰਘ ਪੈਂਟਾ, ਭਾਈ ਪਰਮਜੀਤ ਸਿੰਘ ਕਾਲਾ, ਭਾਈ ਰਾਜਵਿੰਦਰ ਸਿੰਘ ਰਾਜਾ, ਇੱਕ ਸਾਲ ਦੀ ਉਮਰ ਦਾ ਪੋਤਾ ਕਾਕਾ ਸਮਸ਼ੇਰ ਸਿੰਘ, ਜਵਾਈ ਭਾਈ ਚੈਂਚਲ ਸਿੰਘ ਉਦੋਕੇ ਸਮੇਤ 17 ਪਰਿਵਾਰਕ ਮੈਂਬਰ ਅਤੇ ਕਰੀਬੀ ਰਿਸ਼ਤੇਦਾਰ ਖਾਲਿਸਤਾਨ ਦੇ ਸੰਘਰਸ਼ ਦੌਰਾਨ ਸ਼ਹੀਦ ਹੋ ਚੁੱਕੇ ਹਨ। ਦਿੱਲੀ ਕਮੇਟੀ ਦੀਆਂ ਚੋਣਾਂ ਵਾਸਤੇ ਸਿੱਖ ਸਦਭਾਵਨਾ ਦਲ ਦੇ ਸੰਚਾਲਕ ਭਾਈ ਬਲਦੇਵ ਸਿੰਘ ਵਡਾਲਾ ਅਤੇ ਭਾਈ ਰਣਜੀਤ ਸਿੰਘ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਹਿਬ ਵਿੱਚਕਾਰ ਹੋਈ ਏਕਤਾ ਦਾ ਯੂਨਾਈਟਿਡ ਖਾਲਸਾ ਦਲ ਯੂ.ਕੇ. ਵਲੋਂ ਸਵਾਗਤ ਕੀਤਾ ਗਿਆ।

# ਈਵੀਐਮ ਮਸ਼ੀਨਾਂ ਚੁੱਕਦੇ ਮੁਲਾਜ਼ਮਾਂ ਨੂੰ 'ਆਪ' ਵਲੰਟੀਅਰਾਂ ਨੇ ਘੇਰਿਆ

**ਪਟਿਆਲਾ/ਬਿਊਰੋ ਨਿਊਜ਼ :** ਇਥੋਂ ਦੇ ਫਿਜ਼ੀਕਲ ਕਾਲਜ ਵਿੱਚ ਨਾਭਾ ਅਤੇ ਪਟਿਆਲਾ ਦਿਹਾਤੀ ਦੀਆਂ ਰੱਖੀਆਂ ਈਵੀਐਮਾਂ ਦੇ 40 ਟਰੰਕਾਂ, ਜਿਨ੍ਹਾਂ ਵਿਚ 400 ਤੋਂ ਵੱਧ ਮਸ਼ੀਨਾਂ ਸਨ, ਨੂੰ ਲਿਜਾਂਦਿਆਂ ਸਰਕਾਰੀ ਮੁਲਾਜ਼ਮਾਂ ਨੂੰ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਤੇ ਵਾਲੰਟੀਅਰਾਂ ਨੇ ਦਬੋਚ ਲਿਆ। ਆਮ ਆਦਮੀ ਪਾਰਟੀ ਦੇ ਪਟਿਆਲਾ ਤੋਂ ਉਮੀਦਵਾਰ ਡਾ. ਬਲਬੀਰ ਸਿੰਘ, ਨਾਭਾ ਤੋਂ ਦੇਵ ਮਾਨ, ਪਟਿਆਲਾ ਦਿਹਾਤੀ ਤੋਂ ਕਰਨਵੀਰ ਸਿੰਘ ਟਿਵਾਣਾ, ਸਮਾਣਾ ਤੋਂ ਜਗਤਾਰ ਸਿੰਘ ਰਾਜਲਾ ਨੇ ਸਰਕਾਰੀ ਅਧਿਕਾਰੀਆਂ 'ਤੇ ਦੋਸ਼ ਲਾਇਆ ਹੈ ਕਿ ਪੰਜਾਬ ਦੇ ਅਧਿਕਾਰੀ ਈਵੀਐਮ ਵਿਚ ਹੇਰਾਫੇਰੀ ਕਰਨ ਦੇ ਇਰਾਦੇ ਨਾਲ ਅਜਿਹਾ ਗ਼ਲਤ ਕੰਮ ਕਰ ਰਹੇ ਹਨ। ਇਸ ਬਾਰੇ ਆਗੂਆਂ ਨੇ ਚੋਣ ਕਮਿਸ਼ਨ ਨੂੰ ਸ਼ਿਕਾਇਤ ਕਰ ਕੇ ਡੀ ਸੀ ਪਟਿਆਲਾ, ਐਸਡੀਐਮ ਨਾਭਾ ਅਤੇ ਮਸ਼ੀਨਾਂ ਚੁੱਕਣ ਲਈ ਆਏ ਮੁਲਾਜ਼ਮਾਂ ਨੂੰ ਤੁਰੰਤ ਬਰਖ਼ਾਸਤ ਕਰਨ ਦੀ ਮੰਗ ਕੀਤੀ ਹੈ। ਨਾਭਾ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਦੇਵ ਮਾਨ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਸ ਨੂੰ ਸਵੇਰੇ ਫੋਨ 'ਤੇ ਦੱਸਿਆ ਗਿਆ ਕਿ ਕੁੱਝ ਮੁਲਾਜ਼ਮ ਫਿਜ਼ੀਕਲ ਕਾਲਜ ਵਿਚੋਂ ਕੁੱਝ ਕਾਗ਼ਜ਼ਾਤ ਚੁੱਕਣਗੇ। ਕਾਲਜ ਦੇ ਬਾਹਰ ਪੱਕਾ ਮੋਰਚਾ ਲਾ ਕੇ ਬੈਠੇ 'ਆਪ' ਵਾਲੰਟੀਅਰਾਂ ਨੇ ਉਸ ਨੂੰ ਦੱਸਿਆ ਕਿ ਇੱਥੇ ਟਰੱਕਾਂ ਵਿਚ ਟਰੰਕ ਰੱਖੇ ਜਾ ਰਹੇ ਹਨ ਤਾਂ ਉਹ ਤੁਰੰਤ ਮੌਕੇ 'ਤੇ ਪੁੱਜੇ। ਉਨ੍ਹਾਂ ਟਰੱਕ 'ਤੇ ਲੱਦੇ ਗਏ ਟਰੰਕ ਚੈੱਕ ਕੀਤੇ ਤਾਂ ਉਨ੍ਹਾਂ ਵਿਚ 10 ਤੋਂ 12 ਈਵੀਐਮ ਮਸ਼ੀਨਾਂ ਸਨ। ਉਨ੍ਹਾਂ ਸਟਾਫ ਤੋਂ ਇਸ ਸਬੰਧੀ ਪੁੱਛਿਆ ਜਿਨ੍ਹਾਂ ਨੇ ਦੱਸਿਆ ਕਿ ਉਹ ਇਹ ਮਸ਼ੀਨਾਂ ਤ੍ਰਿਪੜੀ ਲੈ ਕੇ ਜਾ ਰਹੇ ਹਨ ਜੋ ਨਗਰ ਨਿਗਮ ਚੋਣਾਂ ਵਿਚ ਵਰਤੀਆਂ ਜਾਣਗੀਆਂ। ਇਸ 'ਤੇ ਉਨ੍ਹਾਂ ਨੂੰ ਸ਼ੱਕ ਹੋਇਆ। ਇਸੇ ਦੌਰਾਨ ਡੀਸੀ ਪਟਿਆਲਾ ਅਤੇ ਐਸਡੀਐਮ ਨਾਭਾ ਵੀ ਉਥੇ ਆ ਗਏ। ਡਾ. ਬਲਬੀਰ ਸਿੰਘ ਨੇ ਦੋਸ਼ ਲਾਇਆ ਕਿ ਪ੍ਰਸ਼ਾਸਨ ਅਤੇ ਪੁਲੀਸ ਅਕਾਲੀ ਦਲ, ਭਾਜਪਾ ਅਤੇ ਕਾਂਗਰਸ ਨਾਲ ਮਿਲ ਕੇ ਈਵੀਐਮ ਵਿਚ ਵੱਡੀ ਹੇਰਾਫੇਰੀ ਕਰਾਉਣ ਦੀ ਸਾਜ਼ਿਸ਼ ਘੜ ਰਿਹਾ ਹੈ।

ਪਟਿਆਲਾ ਦੇ ਡੀ.ਸੀ. ਰਾਮਵੀਰ ਸਿੰਘ ਨੇ ਦੱਸਿਆ ਕਿ ਨਿਗਮ ਚੋਣਾਂ ਲਈ ਵਰਤੀਆਂ ਪੁਰਾਣੀਆਂ ਮਸ਼ੀਨਾਂ ਦੀ ਕੰਪਨੀ ਪੀਆਈਸੀਐਲ ਹੈ ਜਦ ਕਿ ਵਿਧਾਨ ਸਭਾ ਚੋਣਾਂ ਨਾਲ ਸਬੰਧਤ ਮਸ਼ੀਨਾਂ ਦੀ ਕੰਪਨੀ ਬੀਐੱਚਈਐਲ ਹੈ। 'ਆਪ' ਵਰਕਰਾਂ ਨੂੰ ਜੋ ਭੁਲੇਖਾ ਪਿਆ ਹੈ, ਉਹ ਦੂਰ ਕਰ ਦਿੱਤਾ ਗਿਆ ਹੈ। ਉਨ੍ਹਾਂ ਈਵੀਐਮ ਨਾਲ ਛੇੜਛਾੜ ਤੋਂ ਇਨਕਾਰ ਕੀਤਾ ਹੈ।



ਆਮ ਆਦਮੀ ਪਾਰਟੀ ਦੇ ਉਮੀਦਵਾਰ ਪੱਤਰਕਾਰਾਂ ਨੂੰ ਮਾਮਲੇ ਦੀ ਜਾਣਕਾਰੀ ਦਿੰਦੇ ਹੋਏ।

## ਸਟਰਾਂਗ ਰੂਮ ਵਿੱਚ ਜਾਣ ਦੀ ਆਗਿਆ ਦੇਣਾ ਗ਼ਲਤ : ਕੇਜਰੀਵਾਲ

ਪਟਿਆਲਾ ਵਿਚ ਈਵੀਐਮ ਤਬਦੀਲ ਕਰਨ ਦੇ ਮਾਮਲੇ ਵਿਚ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਟਵੀਟ ਕੀਤਾ ਹੈ ਕਿ ਆਰਓ ਨੇ ਚਾਰ ਮੁਲਾਜ਼ਮਾਂ ਨੂੰ ਕਾਗ਼ਜ਼ਾਤ ਚੁੱਕਣ ਲਈ ਸਟਰਾਂਗ ਰੂਮ ਵਿਚ ਦਾਖਲ ਕਰਨ ਦੀ ਆਗਿਆ ਦਿੱਤੀ, ਜਿਨ੍ਹਾਂ ਨੇ ਈਵੀਐਮ ਚੁੱਕ ਲਈਆਂ। ਇਹ ਗ਼ਲਤ ਹੈ।

# ਬਾਦਲ-ਸਿੱਧੂ ਦੀਆਂ ਰੈਲੀਆਂ 'ਚ ਭਾਰੀ ਭੀੜ ਦੇ ਦਾਅਵੇ, ਖ਼ਰਚ ਮਹਿਜ਼ 3-4 ਹਜ਼ਾਰ

## ਆਮਦਨ ਕਰ ਵਿਭਾਗ ਨੇ 300 ਉਮੀਦਵਾਰਾਂ ਖ਼ਿਲਾਫ਼ ਸ਼ਿਕੰਜਾ ਕੱਸਿਆ



**ਚੰਡੀਗੜ੍ਹ/ਬਿਊਰੋ ਨਿਊਜ਼ :** ਚੋਣ ਰੌਲੇ ਵਿਚ ਆਪਣੀ ਹਰੇਕ ਰੈਲੀ ਨੂੰ ਦੂਸਰਿਆਂ ਨਾਲੋਂ ਵੱਡੀ ਦੱਸਣ ਵਾਲੇ ਆਗੂ ਜਦੋਂ ਹਿਸਾਬ ਦੇਣ ਲੱਗੇ ਤਾਂ ਚਾਲਾਕੀਆਂ 'ਤੇ ਉਤਰ ਆਏ। ਸਿਰਫ਼ 2768 ਰੁਪਏ, ਜਿਸ, ਵਿਚ ਕਿਸੇ ਪਰਿਵਾਰ ਦਾ ਛੋਟਾ-ਮੋਟਾ ਇਕੱਠ ਹੁੰਦਾ ਹੈ, ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਏਨੇ ਵਿਚ ਨਾਮਜ਼ਦਗੀ ਮਗਰੋਂ ਲੰਬੀ ਵਿਚ ਆਪਣੀ ਪਹਿਲੀ ਰੈਲੀ ਕਰ ਗਏ। ਠੀਕ ਅਜਿਹੀ ਹੀ ਚਾਲਾਕੀ ਨਵਜੋਤ ਸਿੰਘ ਸਿੱਧੂ ਨੇ ਵੀ ਕੀਤੀ। ਉਨ੍ਹਾਂ ਨੇ 21 ਜਨਵਰੀ ਨੂੰ ਅੰਮ੍ਰਿਤਸਰ ਈਸਟ ਹਲਕੇ ਦੇ ਈਸਟ ਮੋਹਨ ਨਗਰ ਵਿਚ ਜੋ ਰੈਲੀ ਕੀਤੀ, ਉਸ ਦਾ ਕੁੱਲ ਖ਼ਰਚ 4135 ਰੁਪਏ ਦਰਸਾਇਆ ਹੈ। ਕਾਂਗਰਸ ਨੇ ਉਦੋਂ ਇਸ ਰੈਲੀ ਬਾਰੇ ਦਾਅਵਾ ਕੀਤਾ ਸੀ ਕਿ ਇਸ ਵਿਚ ਪੰਜ ਹਜ਼ਾਰ ਤੋਂ ਜ਼ਿਆਦਾ ਲੋਕ ਸਨ। ਹੁਣ ਇਹ ਗੱਲਾਂ ਚੋਣ ਕਮਿਸ਼ਨ ਨੂੰ ਰੜਕ ਰਹੀਆਂ ਹਨ।

ਚੋਣ ਖ਼ਰਚਿਆਂ ਲਈ ਖੋਲ੍ਹੇ ਗਏ ਬੈਂਕ ਖਾਤਿਆਂ ਵਿਚੋਂ ਹਫ਼ਤੇ ਵਿਚ ਸਿਰਫ਼ 24 ਹਜ਼ਾਰ ਨਿਕਲ ਸਕਦਾ ਸੀ। ਸਿੱਧੂ ਨੇ ਚੋਣ ਕਮਿਸ਼ਨ ਨੂੰ ਚੋਣ ਖ਼ਰਚ ਦਾ ਜੋ ਬਿਊਰਾ ਦਿੱਤਾ ਹੈ, ਉਸ ਮੁਤਾਬਕ ਉਹ 23 ਜਨਵਰੀ ਨੂੰ ਇੰਡੀਅਨ ਓਵਰਸੀਜ਼ ਬੈਂਕ ਤੋਂ ਇਕ ਲੱਖ ਰੁਪਏ ਨਗਦ ਲਿਆਏ। ਨੋਟਬੰਦੀ ਦੇ ਅਸਰ ਵਿਚ ਅੰਮ੍ਰਿਤਸਰ ਦੇ ਮੁਕਾਬਲੇ ਲੰਬੀ ਦੇ ਬੈਂਕਾਂ ਵਿਚ ਨਗਦੀ ਦੀ ਕਿਲਤ ਸੀ, ਇਸ ਲਈ ਮੁੱਖ ਮੰਤਰੀ 12 ਜਨਵਰੀ ਨੂੰ ਸੈਂਟਰਲ ਬੈਂਕ ਆਫ਼ ਇੰਡੀਆ ਵਿਚ ਆਪਣੇ ਖਾਤੇ ਵਿਚੋਂ ਦੋ ਚੈੱਕਾਂ ਰਾਹੀਂ 15000 ਰੁਪਏ ਨਗਦ ਕਢਵਾ ਸਕੇ। ਉਨ੍ਹਾਂ ਨੇ ਐਚ.ਡੀ.ਐਫ.ਸੀ. ਰਾਹੀਂ 5 ਲੱਖ ਰੁਪਏ ਮੰਗੇ।

ਉਧਰ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ 'ਧਨ ਸ਼ਕਤੀ' ਦਾ ਦਿਖਾਵਾ ਕਰਨ ਵਾਲੇ ਉਮੀਦਵਾਰਾਂ ਦੁਆਲੇ ਆਮਦਨ ਕਰ ਵਿਭਾਗ ਨੇ ਸ਼ਿਕੰਜਾ ਕੱਸਣਾ ਸ਼ੁਰੂ ਕਰ ਦਿੱਤਾ ਹੈ। ਸੂਤਰਾਂ ਮੁਤਾਬਕ ਕਾਂਗਰਸ, ਸ਼੍ਰੋਮਣੀ ਅਕਾਲੀ ਦਲ, ਭਾਰਤੀ ਜਨਤਾ ਪਾਰਟੀ, ਆਮ ਆਦਮੀ ਪਾਰਟੀ ਅਤੇ ਕੁੱਝ ਆਜ਼ਾਦ ਉਮੀਦਵਾਰਾਂ ਸਮੇਤ 300 ਦੇ ਕਰੀਬ ਉਮੀਦਵਾਰਾਂ ਨੂੰ ਆਮਦਨ ਕਰ ਵਿਭਾਗ ਨੇ ਨੋਟਿਸ ਜਾਰੀ ਕੀਤੇ ਹਨ। ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨੇ ਆਪਣਾ ਨਾਮ ਗੁਪਤ ਰੱਖਦਿਆਂ ਇਸ ਕਾਰਵਾਈ ਦੀ ਪੁਸ਼ਟੀ ਕੀਤੀ ਹੈ।

### 93 ਸਿਆਸਤਦਾਨਾਂ ਦੀ ਸੰਪਤੀ ਵਿੱਚ ਰਿਕਾਰਡ ਵਾਧਾ

ਪੰਜਾਬ ਵਿੱਚ 10 ਸਾਲ ਵਿਰੋਧੀ ਧਿਰ ਵਿੱਚ ਰਹਿਣ ਵਾਲੀ ਕਾਂਗਰਸ ਦੇ 41 ਉਮੀਦਵਾਰਾਂ ਦੇ ਅਸਾਸੇ ਪੰਜ ਸਾਲਾਂ ਦੌਰਾਨ 35.64 ਫੀਸਦੀ ਦੇ ਹਿਸਾਬ ਨਾਲ ਵਧੇ ਹਨ। ਸ਼੍ਰੋਮਣੀ ਅਕਾਲੀ ਦਲ ਦੇ 41 ਉਮੀਦਵਾਰਾਂ ਦੇ ਅਸਾਸੇ 17.26 ਫੀਸਦੀ ਤੇ ਭਾਜਪਾ ਦੇ 9 ਉਮੀਦਵਾਰਾਂ ਦੇ ਅਸਾਸਿਆਂ ਵਿੱਚ 44 ਫੀਸਦੀ ਵਾਧਾ ਹੋਇਆ ਹੈ। ਲੁਧਿਆਣਾ ਦੇ ਬੈਂਸ ਭਰਾਵਾਂ ਦੀ ਜਾਇਦਾਦ ਵਿੱਚ 43.91 ਫੀਸਦੀ ਦਾ ਵਾਧਾ ਦਰਜ ਹੋਇਆ ਹੈ। ਸਰਕਾਰ ਨਾਲ ਟਕਰਾਅ ਦੇ ਬਾਵਜੂਦ ਵਿਰੋਧੀ ਧਿਰ ਦੇ ਵਿਧਾਇਕਾਂ ਦੀ ਜਾਇਦਾਦ ਵਧਣੀ ਹੈਰਾਨੀ ਦਾ ਵਿਸ਼ਾ ਹੈ।

ਜਮਹੂਰੀ ਸੁਧਾਰਾਂ ਸਬੰਧੀ ਕੰਮ ਕਰਨ ਵਾਲੀ ਗ਼ੈਰ ਸਰਕਾਰੀ ਸੰਸਥਾ 'ਏਡੀਆਰ' ਨੇ ਸਮੂਹ ਉਮੀਦਵਾਰਾਂ ਵੱਲੋਂ ਰਿਟਰਨਿੰਗ ਅਫ਼ਸਰਾਂ ਨੂੰ ਦਿੱਤੇ ਹਲਫੀਆ ਬਿਆਨਾਂ ਦੇ ਆਧਾਰ 'ਤੇ ਜੋ ਰਿਪੋਰਟ ਤਿਆਰ ਕੀਤੀ ਹੈ, ਉਸ ਮੁਤਾਬਕ ਸ਼੍ਰੋਮਣੀ ਅਕਾਲੀ ਦਲ ਦੇ ਸਭ ਤੋਂ ਜ਼ਿਆਦਾ 93 ਫੀਸਦੀ ਉਮੀਦਵਾਰ ਕਰੋੜਪਤੀ ਹਨ। ਕਾਂਗਰਸ ਦੇ 88 ਫੀਸਦੀ, ਭਾਜਪਾ ਦੇ 87 ਫੀਸਦੀ, ਆਮ ਆਦਮੀ ਪਾਰਟੀ ਦੇ 63 ਫੀਸਦੀ, ਆਪਣਾ ਪੰਜਾਬ ਪਾਰਟੀ ਦੇ 31 ਫੀਸਦੀ, ਆਜ਼ਾਦ 23 ਫੀਸਦੀ ਤੇ ਸ਼੍ਰੋਮਣੀ ਅਕਾਲੀ ਦਲ (ਅ) ਦੇ 22 ਫੀਸਦੀ ਉਮੀਦਵਾਰਾਂ ਨੇ ਕਰੋੜਪਤੀ ਹੋਣ ਦਾ ਦਾਅਵਾ ਕੀਤਾ ਹੈ। ਵਿਧਾਨ ਸਭਾ ਚੋਣਾਂ ਵਿੱਚ ਉਤਰੇ 178 ਉਮੀਦਵਾਰਾਂ ਨੇ 5 ਕਰੋੜ ਰੁਪਏ ਤੋਂ ਜ਼ਿਆਦਾ ਦੀ ਜਾਇਦਾਦ ਹੋਣ ਦਾ ਗੱਲ ਕਹੀ। 136 ਉਮੀਦਵਾਰਾਂ ਨੇ ਦੋ ਤੋਂ ਪੰਜ ਕਰੋੜ ਰੁਪਏ ਦਰਮਿਆਨ ਜਾਇਦਾਦ ਦੱਸੀ, ਜਦੋਂ ਕਿ 252 ਉਮੀਦਵਾਰ 50 ਲੱਖ ਤੋਂ 2 ਕਰੋੜ ਤੱਕ ਦੀ ਜਾਇਦਾਦ ਵਾਲੇ ਹਨ, 10 ਲੱਖ ਤੋਂ 50 ਲੱਖ ਤੱਕ ਦੀ ਜਾਇਦਾਦ ਵਾਲੇ 238 ਅਤੇ 10 ਲੱਖ ਤੋਂ ਘੱਟ ਵਾਲਿਆਂ ਦੀ ਗਿਣਤੀ 341 ਹੈ।

ਭਾਰਤੀ ਜਨਤਾ ਪਾਰਟੀ ਦੀ ਭੋਆ ਤੋਂ ਉਮੀਦਵਾਰ ਸੀਮਾ ਕੁਮਾਰੀ ਦੇ ਅਸਾਸਿਆਂ ਵਿੱਚ ਹੈਰਾਨੀਜਨਕ ਵਾਧਾ ਹੋਇਆ ਸੀ। ਇਸ ਵਿਧਾਇਕ ਨੇ ਸਾਲ 2012 ਦੌਰਾਨ 2 ਲੱਖ 81 ਹਜ਼ਾਰ 55 ਰੁਪਏ ਦੀ ਸੰਪਤੀ ਐਲਾਨੀ ਸੀ। ਪੰਜ ਸਾਲਾਂ ਦੌਰਾਨ ਉਸ ਦੀ ਸੰਪਤੀ 81 ਲੱਖ 1 ਹਜ਼ਾਰ 719 ਰੁਪਏ ਹੋ ਗਈ। ਇਹ ਵਾਧਾ 2783 ਫੀਸਦੀ ਬਣਦਾ ਹੈ। ਸੂਤਰਾਂ ਮੁਤਾਬਕ ਆਮਦਨ ਕਰ ਵਿਭਾਗ ਵੱਲੋਂ ਇਹ ਕਾਰਵਾਈ ਉਮੀਦਵਾਰਾਂ ਵੱਲੋਂ ਨਾਮਜ਼ਦਗੀ ਪੱਤਰ ਦਾਖਲ ਕਰਨ ਸਮੇਂ ਹਲਫੀਆ ਬਿਆਨਾਂ ਵਿੱਚ ਜਾਇਦਾਦਾਂ ਦੇ ਕੀਤੇ ਖੁਲਾਸਿਆਂ ਦੇ ਆਧਾਰ ਉਤੇ ਕੀਤੀ ਹੈ। ਹਲਫ਼ੀਆ ਬਿਆਨਾਂ ਵਿੱਚ ਦਰਜ ਜਾਇਦਾਦ ਦੇ ਵੇਰਵੇ ਆਮਦਨ ਕਰ ਵਿਭਾਗ ਨੇ ਇਕੱਤਰ ਕਰ ਲਏ ਹਨ। ਉਮੀਦਵਾਰਾਂ ਨੂੰ ਜਾਇਦਾਦ ਤੇ ਆਮਦਨ ਦੇ ਸਰੋਤ ਦਾ ਵੇਰਵਾ ਦੇਣ ਲਈ ਕਿਹਾ ਗਿਆ ਹੈ। ਵਿਭਾਗ ਨੇ ਉਨ੍ਹਾਂ ਉਮੀਦਵਾਰਾਂ ਦੇ ਅਸਾਸਿਆਂ 'ਤੇ ਖਾਸ ਤੌਰ 'ਤੇ ਨਜ਼ਰ ਮਾਰੀ ਹੈ, ਜਿਨ੍ਹਾਂ ਦੀ ਜਾਇਦਾਦ ਤੇ ਆਮਦਨ ਪਿਛਲੇ ਸਾਲਾਂ ਦੌਰਾਨ ਛੜੱਪੇ ਮਾਰ ਕੇ ਵਧੀ ਹੈ।

ਨੋਟਿਸ ਹਾਸਲ ਕਰਨ ਵਾਲੇ ਕੁੱਝ ਉਮੀਦਵਾਰਾਂ ਨੇ ਚੋਣ ਕਮਿਸ਼ਨ ਕੋਲ ਵੀ ਇਹ ਦੁੱਖ ਰੋਇਆ ਕਿ ਉਨ੍ਹਾਂ ਲਈ ਬੇਵਜ੍ਹਾ ਸਿਰਦਰਦੀ ਪੈਦਾ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਰਾਣਾ ਗੁਰਜੀਤ ਸਿੰਘ, ਸ਼ਾਮ ਸੁੰਦਰ ਅਰੋੜਾ, ਸੁਨੀਲ ਕੁਮਾਰ ਜਾਖੜ, ਬਿਕਰਮ ਸਿੰਘ ਮਜੀਠੀਆ, ਸੁਰਿੰਦਰ ਕੁਮਾਰ ਡਾਵਰ, ਸੁਖਬੀਰ ਸਿੰਘ ਬਾਦਲ, ਪ੍ਰਕਾਸ਼ ਸਿੰਘ ਬਾਦਲ, ਕੈਪਟਨ ਅਮਰਿੰਦਰ ਸਿੰਘ, ਕੇਵਲ ਸਿੰਘ ਢਿੱਲੋਂ, ਰਾਜਿੰਦਰ ਕੌਰ ਭੱਠਲ, ਅਮਰਪਾਲ ਬੋਨੀ ਅਜਨਾਲਾ, ਵਿਰਸਾ ਸਿੰਘ ਵਲਟੋਹਾ, ਆਦੇਸ਼ ਪ੍ਰਤਾਪ ਸਿੰਘ ਕੈਰੋਂ ਦੀ ਜਾਇਦਾਦ ਦੇ ਵਾਧੇ ਬਾਰੇ ਏਡੀਆਰ ਨੇ ਵੀ ਆਪਣੀ ਰਿਪੋਰਟ ਵਿੱਚ ਜ਼ਿਕਰ ਕੀਤਾ ਸੀ। ਇਸ ਗੱਲ ਦੀ ਪੁਸ਼ਟੀ ਨਹੀਂ ਹੋ ਸਕੀ ਕਿ ਨੋਟਿਸ ਵਾਲੇ ਉਮੀਦਵਾਰਾਂ ਵਿੱਚ ਇਨ੍ਹਾਂ ਰਾਜਸੀ ਹਸਤੀਆਂ ਦਾ ਨਾਮ ਸ਼ਾਮਲ ਹਨ ਜਾਂ ਨਹੀਂ।

### ਨੋਟਿਸ ਦੇਣ ਲਈ ਅਨੋਖਾ ਢੰਗ

ਆਮਦਨ ਕਰ ਵਿਭਾਗ ਨੇ ਉਮੀਦਵਾਰਾਂ ਨੂੰ ਨੋਟਿਸ ਦੇਣ ਲਈ ਰਾਹ ਵੀ ਅਨੋਖਾ ਲੱਭਿਆ ਹੈ। ਸੂਤਰਾਂ ਦਾ ਦੱਸਣਾ ਹੈ ਕਿ ਵਿਧਾਨ ਸਭਾ ਹਲਕਿਆਂ ਦੇ ਰਿਟਰਨਿੰਗ ਅਫ਼ਸਰਾਂ ਨੂੰ ਨੋਟਿਸ ਸੌਂਪਦਿਆਂ ਇਹ ਜ਼ਰੂਰੀ ਬਣਾਉਣ ਲਈ ਕਿਹਾ ਹੈ ਕਿ ਨੋਟਿਸ ਸਬੰਧਤ ਉਮੀਦਵਾਰ ਤੱਕ ਹਰ ਹੀਲੇ ਪਹੁੰਚ ਜਾਣਾ ਚਾਹੀਦਾ ਹੈ। ਨੋਟਿਸ ਮਿਲਣ ਤੋਂ ਕਈ ਉਮੀਦਵਾਰ ਬਹੁਤ ਨਾਖ਼ੁਸ਼ ਹਨ। ਕਈਆਂ ਨੇ ਇਸ ਸਬੰਧੀ ਮੁੱਖ ਚੋਣ ਅਫਸਰ ਕੋਲ ਸ਼ਿਕਵੇ ਵੀ ਕੀਤੇ ਹਨ।

# ਮ੍ਰਿਤਕ ਡਾਂਸਰ ਕੁਲਵਿੰਦਰ ਕੌਰ ਦੇ ਪਤੀ ਦੀ ਵੀ ਭੇਤਭਰੀ ਹਾਲਤ ਵਿੱਚ ਮੌਤ

**ਸ੍ਰੀ ਮੁਕਤਸਰ ਸਾਹਿਬ/ਬਿਊਰੋ ਨਿਊਜ਼ :** ਜ਼ਿਲ੍ਹਾ ਬਠਿੰਡਾ ਦੇ ਕਸਬਾ ਮੌੜ ਮੰਡੀ ਵਿੱਚ ਇੱਕ ਵਿਆਹ ਸਮਾਗਮ ਦੌਰਾਨ ਮੈਰਿਜ ਪੈਲੇਸ ਵਿੱਚ ਚੱਲੀ ਗੋਲੀ ਨਾਲ ਮਾਰੀ ਗਈ ਆਰਕੈਸਟਰਾ ਡਾਂਸਰ ਦੇ ਪਤੀ ਦੀ ਮਲੋਟ ਵਿੱਚ ਭੇਤਭਰੀ ਹਾਲਤ ਵਿੱਚ ਮੌਤ ਹੋ ਗਈ ਹੈ। ਦੱਸਣਯੋਗ ਹੈ ਕਿ ਆਰਕੈਸਟਰਾ ਡਾਂਸਰ ਕੁਲਵਿੰਦਰ ਕੌਰ ਉਰਫ਼ ਜਾਨੂੰ ਮਲੋਟ ਦੀ ਰਹਿਣ ਵਾਲੀ ਸੀ। ਉਸ ਦਾ ਪਤੀ ਹਰਜਿੰਦਰ ਸਿੰਘ ਆਪਣੇ ਸਹੁਰੇ ਘਰ ਮਲੋਟ ਰਹਿ ਰਿਹਾ ਸੀ, ਜਿੱਥੇ ਉਸ ਦੀ ਮੌਤ ਹੋਈ ਹੈ। ਥਾਣਾ ਸਿਟੀ ਮਲੋਟ ਦੀ ਪੁਲੀਸ ਨੇ ਹਾਲ ਦੀ ਘੜੀ ਮ੍ਰਿਤਕ ਹਰਜਿੰਦਰ ਸਿੰਘ ਦੇ ਪਿਤਾ ਸੁਖਦੇਵ ਸਿੰਘ ਦੇ ਬਿਆਨ ਦਰਜ ਕਰ ਕੇ ਧਾਰਾ 174 ਅਧੀਨ ਕਾਰਵਾਈ ਕਰਦਿਆਂ ਲਾਸ਼ ਦਾ ਪੋਸਟਮਾਰਟਮ ਕਰਾਉਣ ਉਪਰੰਤ ਵਾਰਸਾਂ ਨੂੰ ਸੌਂਪ ਦਿੱਤੀ ਹੈ। ਹਰਜਿੰਦਰ ਸਿੰਘ ਦੇ ਪਿਤਾ ਸੁਖਦੇਵ ਸਿੰਘ ਤੋਂ ਮਿਲੀ ਜਾਣਕਾਰੀ ਅਨੁਸਾਰ ਕਰੀਬ ਡੇਢ ਸਾਲ ਪਹਿਲਾਂ ਹਰਜਿੰਦਰ ਅਤੇ ਕੁਲਵਿੰਦਰ ਦਾ ਵਿਆਹ ਹੋਇਆ ਸੀ। ਵਿਆਹ ਤੋਂ ਬਾਅਦ ਉਹ ਦੋਵੇਂ ਮਲੋਟ ਛੱਡ ਕੇ ਬਠਿੰਡਾ ਰਹਿਣ ਲੱਗੇ ਸੀ। ਹਰਜਿੰਦਰ ਨੇ ਕੁਲਵਿੰਦਰ 'ਤੇ ਗੋਲੀ ਚਲਾਉਣ ਵਾਲੇ ਵਿਅਕਤੀਆਂ ਵਿਰੁੱਧ ਕੇਸ ਕੀਤਾ ਹੋਇਆ ਸੀ, ਜਿਸ ਦੀ ਕਾਨੂੰਨੀ ਕਾਰਵਾਈ ਚੱਲ ਰਹੀ ਹੈ। ਸੁਖਦੇਵ ਸਿੰਘ ਨੇ ਦੱਸਿਆ ਕਿ ਹਰਜਿੰਦਰ ਦੀ ਸੱਸ ਮਨਜੀਤ ਉਰਫ਼ ਭੋਲੀ ਅਤੇ ਸਹੁਰਾ ਬਲਦੇਵ ਸਿੰਘ, ਕੁਲਵਿੰਦਰ ਦੇ ਕਤਲ ਕੇਸ ਦੇ ਕਥਿਤ ਦੋਸ਼ੀਆਂ ਨਾਲ ਸਮਝੌਤਾ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੇ ਸਨ ਪਰ ਹਰਜਿੰਦਰ ਸਮਝੌਤੇ ਦੇ ਹੱਕ ਵਿੱਚ ਨਹੀਂ ਸੀ। ਸਹੁਰਾ ਪਰਿਵਾਰ ਹਰਜਿੰਦਰ ਦੇ ਬਿਮਾਰ ਹੋਣ ਮਗਰੋਂ ਉਸ ਨੂੰ ਇਸ ਕਰਕੇ ਸਰਕਾਰੀ ਹਸਪਤਾਲ ਨਹੀਂ ਲੈ ਕੇ ਗਿਆ ਕਿ ਉਥੇ ਪੁਲੀਸ ਕੇਸ ਪੈ ਜਾਵੇਗਾ ਅਤੇ ਇੱਕ ਨਿੱਜੀ ਹਸਪਤਾਲ ਵਿੱਚ ਲੈ ਗਏ। ਪੁਲੀਸ ਨੇ ਸੁਖਦੇਵ ਸਿੰਘ ਦੇ ਬਿਆਨਾਂ 'ਤੇ ਕਾਰਵਾਈ ਕਰਦਿਆਂ ਲਾਸ਼ ਸਰਕਾਰੀ ਹਸਪਤਾਲ ਮਲੋਟ ਵਿੱਚ ਪੋਸਟਮਾਰਟਮ ਲਈ ਭੇਜ ਦਿੱਤੀ। ਥਾਣੇਦਾਰ ਜਗਦੀਸ਼ ਸਿੰਘ ਦਾ ਕਹਿਣਾ ਹੈ ਕਿ ਮ੍ਰਿਤਕ ਦੇ ਪਿਤਾ ਸੁਖਦੇਵ ਸਿੰਘ ਦੇ ਬਿਆਨਾਂ 'ਤੇ 174 ਤਹਿਤ ਕਾਰਵਾਈ ਕੀਤੀ ਜਾ ਰਹੀ ਹੈ। ਪੋਸਟਮਾਰਟਮ ਰਿਪੋਰਟ ਆਉਣ ਉਪਰੰਤ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਇਸੇ ਦੌਰਾਨ ਹਰਜਿੰਦਰ ਦੇ ਸਹੁਰਾ ਪਰਿਵਾਰ ਨੇ ਸਾਰੇ ਦੋਸ਼ਾਂ ਨੂੰ ਨਕਾਰਦਿਆਂ ਆਖਿਆ ਕਿ ਹਰਜਿੰਦਰ ਅਚਾਨਕ ਬਿਮਾਰ ਹੋ ਗਿਆ। ਉਨ੍ਹਾਂ ਨੇ ਉਸ ਦੀ ਜਾਨ ਬਚਾਉਣ ਦੀ ਬਹੁਤ ਕੋਸ਼ਿਸ਼ ਕੀਤੀ। ਉਹ ਉਸ ਨੂੰ ਹਸਪਤਾਲ ਵੀ ਲੈ ਕੇ ਗਏ ਪਰ ਉਸ ਦੀ ਮੌਤ ਹੋ ਗਈ।



# ਪੰਜ ਜ਼ਿਲਿਆਂ ਦੇ 48 ਬੂਥਾਂ 'ਤੇ ਮੁੜ ਹੋਈ ਵੋਟਿੰਗ

## ਮਜੀਠਾ 'ਚ 76%, ਸਰਦੂਲਗੜ੍ਹ 'ਚ 90.33% ਵੋਟਿੰਗ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਦੇ ਪੰਜ ਵਿਧਾਨ ਸਭਾ ਹਲਕਿਆਂ ਮਜੀਠਾ, ਮਾਨਸਾ, ਸੰਗਰੂਰ, ਮੁਕਤਸਰ, ਸਰਦੂਲਗੜ੍ਹ ਅਤੇ ਅੰਮ੍ਰਿਤਸਰ ਸੰਸਦੀ ਹਲਕੇ ਵਿੱਚ ਪੈਂਦੇ 48 ਪੋਲਿੰਗ ਬੂਥਾਂ 'ਤੇ ਮੁੜ ਵੋਟਾਂ ਪੈਣ ਦਾ ਕੰਮ ਅਮਨ-ਅਮਾਨ ਨਾਲ ਨੇਪਰੇ ਚੜ੍ਹ ਗਿਆ। ਇਨ੍ਹਾਂ ਵਿਧਾਨ ਸਭਾ ਹਲਕਿਆਂ ਵਿੱਚ ਮੁੜ ਪਈਆਂ ਵੋਟਾਂ ਦੌਰਾਨ ਪ੍ਰਤੀਸ਼ਤ ਵਧ ਗਈ ਹੈ। ਸਭ ਤੋਂ ਜ਼ਿਆਦਾ ਸਰਦੂਲਗੜ੍ਹ ਦੇ ਪੋਲਿੰਗ ਬੂਥ ਵਿੱਚ 90.33 ਫੀਸਦੀ ਵੋਟਾਂ ਪਈਆਂ। ਮਹੱਤਵਪੂਰਨ ਤੱਥ ਇਹ ਹੈ ਕਿ ਅੰਮ੍ਰਿਤਸਰ ਸੰਸਦੀ ਹਲਕੇ ਵਿੱਚ 4 ਫਰਵਰੀ ਨੂੰ ਪਈਆਂ ਵੋਟਾਂ ਨਾਲੋਂ ਪ੍ਰਤੀਸ਼ਤ ਵਿੱਚ ਗਿਰਾਵਟ ਆਈ ਹੈ। ਜ਼ਿਕਰਯੋਗ ਹੈ ਕਿ ਚਾਰ ਫਰਵਰੀ ਨੂੰ ਪਈਆਂ ਵੋਟਾਂ ਦੌਰਾਨ ਇਲੈਕਟ੍ਰਾਨਿਕਸ ਵੋਟਿੰਗ ਮਸ਼ੀਨਾਂ ਨਾਲ ਲਾਈਆਂ ਵੀਵੀਪੀਏਟੀ ਮਸ਼ੀਨਾਂ ਵਿੱਚ ਖ਼ਰਾਬੀ ਕਾਰਨ ਵੋਟਰਾਂ ਨੂੰ ਵੋਟਾਂ ਪਾਉਣ ਲਈ ਘੱਟ ਸਮਾਂ ਮਿਲਣ ਅਤੇ ਮਸ਼ੀਨਾਂ ਖ਼ਰਾਬ ਹੋਣ ਕਾਰਨ ਕਮਿਸ਼ਨ ਨੇ ਅਚਨਚੇਤੀ ਮੁੜ ਵੋਟਾਂ ਪਵਾਉਣ ਦਾ ਫੈਸਲਾ ਲਿਆ ਸੀ। ਚੋਣ ਕਮਿਸ਼ਨ ਵੱਲੋਂ ਜਾਰੀ ਅੰਕੜਿਆਂ ਮੁਤਾਬਕ ਜ਼ਿਆਦਾਤਰ ਪੋਲਿੰਗ ਬੂਥਾਂ 'ਤੇ 4 ਫਰਵਰੀ ਨੂੰ ਪਈਆਂ ਵੋਟਾਂ ਨਾਲੋਂ ਜ਼ਿਆਦਾ ਗਿਣਤੀ ਵਿੱਚ ਵੋਟਾਂ ਭੁਗਤੀਆਂ।



ਸਰਦੂਲਗੜ੍ਹ ਅਤੇ ਮੁਕਤਸਰ ਵਿਧਾਨ ਸਭਾ ਹਲਕਿਆਂ ਦੇ ਪੋਲਿੰਗ ਬੂਥਾਂ 'ਤੇ ਇਹ ਅੰਕੜਾ 90 ਫੀਸਦੀ ਤੱਕ ਪਹੁੰਚ ਗਿਆ ਹੈ। ਮਜੀਠਾ ਹਲਕੇ ਵਿੱਚ ਰਾਜਸੀ ਪਾਰਟੀਆਂ ਅਤੇ ਉਮੀਦਵਾਰਾਂ ਦਾ ਵੱਕਾਰ ਦਾਅ 'ਤੇ ਲੱਗਿਆ ਹੋਣ ਕਾਰਨ ਸਾਰਾ ਦਿਨ ਸਥਿਤੀ ਤਣਾਅ ਵਾਲੀ ਬਣੀ ਰਹੀ। ਕਮਿਸ਼ਨ ਨੇ ਇਸ ਹਲਕੇ ਵਿੱਚ ਸਥਿਤੀ ਨੂੰ ਨਾਜ਼ੁਕ ਮੰਨਦਿਆਂ ਤਿੰਨ-ਤਿੰਨ ਪਿੰਡਾਂ ਦੇ ਜ਼ੋਨ ਬਣਾ ਕੇ ਸਿਵਲ ਅਤੇ ਪੁਲੀਸ ਅਧਿਕਾਰੀਆਂ ਦੀ ਤਾਇਨਾਤੀ ਕੀਤੀ ਹੋਈ ਸੀ। ਅਕਾਲੀ ਦਲ ਦੇ ਬਿਕਰਮ ਸਿੰਘ ਮਜੀਠੀਆ, ਕਾਂਗਰਸ ਦੇ ਲਾਲੀ ਮਜੀਠੀਆ ਅਤੇ ਆਮ ਆਦਮੀ ਪਾਰਟੀ ਦੇ ਹਿੰਮਤ ਸਿੰਘ ਸ਼ੇਰਗਿੱਲ ਨੇ ਵੋਟਾਂ ਭੁਗਤਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ। ਇਹੀ ਕਾਰਨ ਹੈ ਕਿ ਇਸ ਹਲਕੇ ਦੇ ਕੁੱਝ ਬੂਥਾਂ 'ਤੇ ਪੋਲਿੰਗ 80 ਫੀਸਦੀ ਤੋਂ ਵੀ ਟੱਪ ਗਈ ਹੈ। ਇਸ ਤਰ੍ਹਾਂ ਸੰਗਰੂਰ, ਮੁਕਤਸਰ, ਸਰਦੂਲਗੜ੍ਹ ਅਤੇ ਮੋਗਾ ਵਿਧਾਨ ਸਭਾ ਅਤੇ ਅੰਮ੍ਰਿਤਸਰ ਸੰਸਦੀ ਹਲਕੇ ਦੇ ਪੋਲਿੰਗ ਬੂਥਾਂ 'ਤੇ ਵੀ ਵੋਟਾਂ ਭੁਗਤਾਉਣ ਲਈ ਸਾਰੇ ਉਮੀਦਵਾਰਾਂ ਨੇ ਆਪਣੇ ਹਮਾਇਤੀਆਂ ਨੂੰ ਨਾਲ ਲੈ ਕੇ ਸਾਰਾ ਦਿਨ ਭੱਜ-ਨੱਠ ਕੀਤੀ ਤਾਂ ਜੋ ਬਾਜ਼ੀ ਜਿੱਤੀ ਜਾ ਸਕੇ। ਰਾਜ ਦੇ ਮੁੱਖ ਚੋਣ ਅਫ਼ਸਰ ਵੀ ਕੇ ਸਿੰਘ ਨੇ ਦੱਸਿਆ ਕਿ ਸਰਦੂਲਗੜ੍ਹ ਹਲਕੇ ਦੇ ਪੋਲਿੰਗ ਸਟੇਸ਼ਨ ਕੋਰੇਵਾਲਾ ਵਿੱਚ ਪੋਲਿੰਗ 90.33 ਫੀਸਦੀ ਰਹੀ। ਇਸ ਬੂਥ 'ਤੇ 4 ਫਰਵਰੀ ਨੂੰ 89.80 ਫੀਸਦੀ ਵੋਟਾਂ ਪਈਆਂ ਸਨ। ਮੋਗਾ ਹਲਕੇ ਦੇ ਇਕ ਪੋਲਿੰਗ ਬੂਥ 'ਤੇ 81.26 ਫੀਸਦੀ ਪੋਲਿੰਗ ਹੋਈ, ਇੱਥੇ 4 ਫਰਵਰੀ ਨੂੰ 76.84 ਫੀਸਦੀ ਵੋਟਾਂ ਭੁਗਤੀਆਂ ਸਨ। ਮਜੀਠਾ ਵਿਧਾਨ ਸਭਾ ਹਲਕੇ ਦੇ ਸਭ ਤੋਂ ਵੱਧ 12 ਪੋਲਿੰਗ ਬੂਥਾਂ 'ਤੇ ਮੁੜ ਤੋਂ ਵੋਟਾਂ ਪਈਆਂ। ਇਨ੍ਹਾਂ 12 ਬੂਥਾਂ 'ਤੇ 4 ਫਰਵਰੀ ਨੂੰ 80 ਫੀਸਦੀ ਵੋਟਾਂ ਪਈਆਂ ਸਨ ਤੇ ਅੱਜ ਇਨ੍ਹਾਂ ਬੂਥਾਂ 'ਤੇ 80.80 ਫੀਸਦੀ ਵੋਟਾਂ ਪੈ ਗਈਆਂ। ਅੰਮ੍ਰਿਤਸਰ ਸੰਸਦੀ ਹਲਕੇ ਨਾਲ ਸਬੰਧਤ 16 ਪੋਲਿੰਗ ਬੂਥਾਂ 'ਤੇ ਪੰਜ ਦਿਨ ਪਹਿਲਾਂ ਪਈਆਂ ਵੋਟਾਂ ਨਾਲੋਂ ਵੋਟ ਪ੍ਰਤੀਸ਼ਤ ਘਟ ਗਈ ਹੈ। ਇਨ੍ਹਾਂ ਪੋਲਿੰਗ ਬੂਥਾਂ ਉਪਰ 4 ਫਰਵਰੀ ਨੂੰ 79.47 ਫੀਸਦੀ ਵੋਟਾਂ ਪਈਆਂ ਸਨ ਤੇ ਅੱਜ 75.80 ਫੀਸਦੀ ਹੀ ਭੁਗਤ ਸਕੀਆਂ। ਸੰਗਰੂਰ ਵਿਧਾਨ ਸਭਾ ਹਲਕੇ ਦੇ 9 ਪੋਲਿੰਗ ਬੂਥਾਂ 'ਤੇ ਅੱਜ 85.68 ਫੀਸਦੀ ਵੋਟਾਂ ਪਈਆਂ। ਇੱਥੇ 4 ਫਰਵਰੀ ਨੂੰ 81.61 ਫੀਸਦੀ ਵੋਟਾਂ ਪਈਆਂ। ਇਸ ਤਰ੍ਹਾਂ ਮੁਕਤਸਰ ਹਲਕੇ ਦੇ ਨੌਂ ਬੂਥਾਂ 'ਤੇ ਵੀ 89.55 ਫੀਸਦੀ ਰਿਕਾਰਡ ਮਤਦਾਨ ਹੋਇਆ। ਇਨ੍ਹਾਂ ਬੂਥਾਂ 'ਤੇ 4 ਫਰਵਰੀ ਨੂੰ 86.31 ਫੀਸਦੀ ਵੋਟਾਂ ਪਈਆਂ ਸਨ।

## ਪਿੰਡ ਬਾਬੋਵਾਲ 'ਚੋਂ ਪੁਲੀਸ ਨੇ 'ਆਪ' ਦੇ 10 ਵਾਲੰਟੀਅਰਾਂ ਨੂੰ ਚੁੱਕਿਆ, ਅਧਿਕਾਰੀਆਂ ਦੇ ਦਖ਼ਲ ਮਗਰੋਂ ਛੱਡਿਆ



**ਅੰਮ੍ਰਿਤਸਰ/ਬਿਊਰੋ ਨਿਊਜ਼ :** ਹਲਕਾ ਮਜੀਠਾ ਦੇ ਪਿੰਡ ਬਾਬੋਵਾਲ ਵਿੱਚ ਵੋਟਾਂ ਪਾਉਣ ਦੇ ਕੰਮ ਦੌਰਾਨ 10 'ਆਪ' ਵਾਲੰਟੀਅਰਾਂ ਨੂੰ ਪੁਲੀਸ ਨੇ ਕਾਬੂ ਕਰ ਲਿਆ ਸੀ ਜੋ ਉੱਚ ਅਧਿਕਾਰੀਆਂ ਦੇ ਦਖ਼ਲ ਉਪਰੰਤ ਪੁਲੀਸ ਵੱਲੋਂ ਛੱਡੇ ਜਾਣ 'ਤੇ ਇੱਕ ਘੰਟੇ ਮਗਰੋਂ ਹੀ ਮੁੜ ਬੂਥ 'ਤੇ ਪਹੁੰਚ ਗਏ। 'ਆਪ' ਉਮੀਦਵਾਰ ਹਿੰਮਤ ਸਿੰਘ ਸ਼ੇਰਗਿੱਲ, ਆਗੂ ਸੁਖਦੀਪ ਸਿੰਘ ਸਿੱਧੂ, ਪ੍ਰਗਟ ਸਿੰਘ ਚੋਗਾਵਾਂ ਅਤੇ ਹੋਰਾਂ ਨੇ ਦੋਸ਼ ਲਾਇਆ ਕਿ ਟਾਹਲੀ ਸਾਹਿਬ ਨੇੜੇ ਪਿੰਡ ਬਾਬੋਵਾਲ ਵਿੱਚ ਪੁਲੀਸ ਨੇ 10 'ਆਪ' ਵਾਲੰਟੀਅਰਾਂ ਨੂੰ ਹਿਰਾਸਤ ਵਿੱਚ ਲੈ ਲਿਆ, ਜੋ ਕਿ ਮਜੀਠਾ ਹਲਕੇ ਦੇ ਪਿੰਡਾਂ ਦੇ ਹੀ ਵਸਨੀਕ ਹਨ। ਇਹ ਵਾਲੰਟੀਅਰ ਬਾਬੋਵਾਲ ਪਿੰਡ ਦੇ ਬਾਹਰੀ ਬੂਥ 'ਤੇ ਬੈਠੇ ਸਨ ਕਿ ਅਕਾਲੀ ਵਰਕਰਾਂ, ਜਿਨ੍ਹਾਂ ਵਿਚ ਖ਼ੁਦ ਅੰਮ੍ਰਿਤਸਰ ਸ਼ਹਿਰ ਦੇ ਦੋ ਕੌਂਸਲਰ ਸ਼ਾਮਲ ਸਨ, ਨੇ ਇਨ੍ਹਾਂ ਨੂੰ ਬਾਹਰੀ ਵਿਅਕਤੀ ਦੱਸ ਕੇ ਝਗੜਾ ਕਰਨ ਦਾ ਯਤਨ ਕੀਤਾ। ਆਮ ਆਦਮੀ ਪਾਰਟੀ ਦੇ ਉਮੀਦਵਾਰ ਐਡਵੋਕੇਟ ਹਿੰਮਤ ਸਿੰਘ ਸ਼ੇਰਗਿੱਲ ਦੇ ਚੋਣ ਇੰਚਾਰਜ ਐਡਵੋਕੇਟ ਫ਼ੈਰੀ ਨੇ ਮੌਕੇ 'ਤੇ ਪੁੱਜ ਕੇ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ

ਬਾਕੀ ਸਫ਼ਾ 32 'ਤੇ

ਅਮਰੀਕੀ ਰਿਪੋਰਟ

# ਭਾਰਤ 'ਚ ਧਾਰਮਿਕ ਘੱਟ ਗਿਣਤੀਆਂ ਤੇ ਦਲਿਤਾਂ ਉਪਰ ਹੋ ਰਿਹੈ ਅਤਿਆਚਾਰ

## ਸਿੱਖ, ਮੁਸਲਮਾਨ, ਈਸਾਈ ਅਤੇ ਜੈਨੀ ਆਪਣੇ ਭਵਿੱਖ ਬਾਰੇ ਚਿੰਤਤ

**ਵਾਸ਼ਿੰਗਟਨ/ਬਿਊਰੋ ਨਿਊਜ਼** :ਅਮਰੀਕਾ ਦੀਆਂ ਦੋਵੇਂ ਪ੍ਰਮੁੱਖ ਪਾਰਟੀਆਂ 'ਤੇ ਆਧਾਰਤ ਇਕ ਆਜ਼ਾਦ ਸੰਸਥਾ ਨੇ ਦਾਅਵਾ ਕੀਤਾ ਹੈ ਕਿ ਭਾਰਤ ਵਿੱਚ ਧਾਰਮਿਕ ਘੱਟ ਗਿਣਤੀਆਂ ਅਤੇ ਦਲਿਤਾਂ ਨੂੰ ਵਿਤਕਰੇ ਤੇ ਅੱਤਿਆਚਾਰਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਵਿਦੇਸ਼ਾਂ ਵਿੱਚ ਧਾਰਮਿਕ ਆਜ਼ਾਦੀ ਦੀ ਉਲੰਘਣਾ ਦੀ ਨਜ਼ਰਸਾਨੀ ਕਰਦੇ 'ਯੂਐਸ ਕਮਿਸ਼ਨ ਫਾਰ ਇੰਟਰਨੈਸ਼ਨਲ ਰਿਲੀਜੀਅਸ ਫਰੀਡਮ' ਵੱਲੋਂ ਜਾਰੀ ਰਿਪੋਰਟ ਵਿੱਚ ਕਿਹਾ ਗਿਆ ਕਿ ਕਾਂਗਰਸ ਪਾਰਟੀ ਅਤੇ ਭਾਜਪਾ ਦੀ ਅਗਵਾਈ ਵਾਲੀਆਂ ਸਰਕਾਰਾਂ ਅਧੀਨ ਧਾਰਮਿਕ ਘੱਟ ਗਿਣਤੀਆਂ ਅਤੇ ਦਲਿਤਾਂ ਨੂੰ ਪੱਖਪਾਤ ਤੇ ਅਤਿਆਚਾਰਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਾਰਤੀ ਹਾਕਮਾਂ ਅਤੇ ਉਨ੍ਹਾਂ ਦੇ ਦੇਸ਼-ਵਿਦੇਸ਼ ਵਿਚਲੇ ਦੁਮਛੱਲਿਆਂ ਵਲੋਂ ਭਾਰਤ ਨੂੰ 'ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਐਲਾਨਣ' ਅਤੇ ਭਾਰਤੀ ਸੰਵਿਧਾਨ ਨੂੰ ਸੈਕੂਲਰ ਗਰਦਾਨ ਕੇ ਇਸ ਸੰਵਿਧਾਨ ਵਿੱਚ ਘੱਟਗਿਣਤੀਆਂ ਦੇ ਹੱਕਾਂ ਦੀ ਸੁਰੱਖਿਆ ਦੇ ਦਾਅਵਿਆਂ ਦੀ ਪੋਲ ਖੁੱਲ੍ਹਦੀ ਜਾ ਰਹੀ ਹੈ।

ਇਸ ਦਾ ਕਾਰਨ ਚੰਗੀ ਤਰ੍ਹਾਂ ਪ੍ਰਭਾਸ਼ਤ ਨਾ ਕੀਤੇ ਕਾਨੂੰਨ, ਪ੍ਰਭਾਵਸ਼ਾਲੀ ਫੌਜਦਾਰੀ ਨਿਆਂ ਪ੍ਰਣਾਲੀ ਤੇ ਕਾਨੂੰਨੀ ਪ੍ਰਣਾਲੀ ਵਿੱਚ ਇਕਸਾਰਤਾ ਦੀ ਘਾਟ ਹੈ। ਇਕਤਿਦਾਤ ਕਰਾਮਤ ਚੀਮਾ ਵੱਲੋਂ ਲਿਖੀ 'ਭਾਰਤ ਵਿੱਚ ਧਾਰਮਿਕ ਘੱਟ ਗਿਣਤੀਆਂ ਨੂੰ ਦਰਪੇਸ਼ ਸੰਵਿਧਾਨਕ ਤੇ ਕਾਨੂੰਨੀ ਚੁਣੌਤੀਆਂ' ((ਕੰਸਟੀਚਿਊਸ਼ਨਲ ਐਂਡ ਲੀਗਲ ਚੈਲਿੰਜਜ਼ ਫੇਸਡ ਬਾਈ ਰਿਲੀਜੀਅਸ ਮਾਈਨੋਰਿਟੀਜ਼ ਇਨ ਇੰਡੀਆ) ) ਦੇ ਸਿਰਲੇਖ ਵਾਲੀ ਇਸ ਰਿਪੋਰਟ ਵਿੱਚ ਕਿਹਾ ਗਿਆ ਕਿ ਖ਼ਾਸ ਤੌਰ ਉਤੇ ਸਾਲ 2014 ਮਗਰੋਂ ਨਸਲੀ ਅਪਰਾਧ, ਸਮਾਜਿਕ ਬਾਈਕਾਟ ਅਤੇ ਜਬਰੀ ਧਰਮ ਪਰਿਵਰਤਨ ਦੀਆਂ ਘਟਨਾਵਾਂ ਵਿੱਚ ਨਾਟਕੀ ਵਾਧਾ ਹੋਇਆ ਹੈ।

ਰਿਪੋਰਟ ਵਿੱਚ ਸਿਫ਼ਾਰਸ਼ ਕੀਤੀ ਗਈ ਕਿ ਅਮਰੀਕਾ ਸਰਕਾਰ ਭਾਰਤ ਨਾਲ ਕੂਟਨੀਤਕ ਤੇ ਵਪਾਰਕ ਵਿਚਾਰ-ਵਟਾਂਦਰੇ ਦੌਰਾਨ ਧਾਰਮਿਕ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਦੇ ਮਸਲੇ ਵੀ ਉਠਾਏ। ਕਮਿਸ਼ਨ ਦੇ ਚੇਅਰਮੈਨ ਥੌਮਸ ਜੀ ਰੀਸ ਨੇ ਕਿਹਾ ਕਿ ਭਾਰਤ ਵੱਖ ਵੱਖ ਧਰਮਾਂ ਵਾਲਾ ਜਮਹੂਰੀ ਸਮਾਜ ਹੈ, ਜਿਸ ਦਾ ਸੰਵਿਧਾਨ ਆਪਣੇ ਨਾਗਰਿਕਾਂ ਨੂੰ ਬਰਾਬਰ ਕਾਨੂੰਨੀ ਅਧਿਕਾਰ ਦਿੰਦਾ ਹੈ ਪਰ ਅਸਲੀਅਤ ਇਸ ਤੋਂ ਉਲਟ ਹੈ। ਭਾਰਤ ਦੇ ਬਹੁਭਾਂਤੀ ਸਭਿਆਚਾਰ ਨੂੰ ਇਸ ਦੇ ਰਾਜਾਂ ਦੀ ਵੱਡੀ ਗਿਣਤੀ ਕਾਰਨ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਰੀਸ ਨੇ ਕਿਹਾ ਕਿ ਪਿਛਲੇ ਕੁਝ ਸਾਲਾਂ ਵਿੱਚ ਧਾਰਮਿਕ ਸਹਿਣਸ਼ੀਲਤਾ ਨੂੰ ਵੱਡੀ ਪੱਧਰ ਉਤੇ ਖੋਰਾ ਲੱਗਿਆ ਹੈ ਅਤੇ ਭਾਰਤ ਦੇ ਕਈ ਇਲਾਕਿਆਂ ਵਿੱਚ ਧਾਰਮਿਕ ਆਜ਼ਾਦੀ ਦੀ ਉਲੰਘਣਾ ਦੀਆਂ ਘਟਨਾਵਾਂ ਵਧੀਆਂ ਹਨ। ਇਸ ਨਾਂਹ-ਪੱਖੀ ਵਰਤਾਰੇ ਨੂੰ ਬਦਲਣ ਲਈ ਕੇਂਦਰ ਤੇ ਰਾਜ ਸਰਕਾਰਾਂ ਨੂੰ ਆਪਣੇ ਕਾਨੂੰਨਾਂ ਨੂੰ ਇਕ ਸੂਤਰੀ ਕਰਨਾ ਪਵੇਗਾ। ਇਸ ਤੋਂ ਇਲਾਵਾ ਭਾਰਤ ਤੇ ਅਮਰੀਕਾ ਨੂੰ ਆਪਣੀ ਸੰਵਿਧਾਨਕ ਵਚਨਬੱਧਤਾ ਅਤੇ ਕੌਮਾਂਤਰੀ ਮਨੁੱਖੀ ਅਧਿਕਾਰਾਂ ਦੇ ਮਾਪਦੰਡ ਅਪਨਾਉਣੇ ਪੈਣਗੇ। 22 ਪੰਨਿਆਂ ਦੀ ਇਸ ਰਿਪੋਰਟ ਵਿੱਚ ਦੋਸ਼ ਲਾਇਆ ਗਿਆ ਕਿ ਭਾਰਤ ਵਿੱਚ ਕਈ ਸੰਵਿਧਾਨਕ ਤਜਵੀਜ਼ਾਂ ਅਤੇ ਸੂਬਾਈ ਤੇ ਕੌਮੀ ਕਾਨੂੰਨ ਹਨ, ਜਿਹੜੇ ਧਾਰਮਿਕ ਆਜ਼ਾਦੀ ਬਾਰੇ ਕੌਮਾਂਤਰੀ ਮਾਪਦੰਡਾਂ ਨਾਲ ਮੇਲ ਨਹੀਂ ਖਾਂਦੇ। ਭਾਰਤੀ ਸੰਵਿਧਾਨ ਦੇ ਅੱਡ-ਅੱਡ ਪਹਿਲੂਆਂ ਨੂੰ ਘੱਟ ਗਿਣਤੀਆਂ ਲਈ ਬਰਾਬਰੀ ਜਾਂ ਵਿਤਕਰੇ ਦੇ ਦ੍ਰਿਸ਼ਟੀਕੋਣ ਤੋਂ ਘੋਖਿਆ ਗਿਆ ਹੈ।

ਰਿਪੋਰਟ ਵਿੱਚ ਕਿਹਾ ਗਿਆ ਕਿ ਭਾਰਤ ਵਿੱਚ ਮੁਸਲਮਾਨ, ਈਸਾਈ, ਸਿੱਖ ਤੇ ਜੈਨੀ ਆਪਣੇ ਭਵਿੱਖ ਨੂੰ ਲੈ ਕੇ ਡਰੇ ਹੋਏ ਹਨ। ਹਿੰਦੂਆਂ ਦੇ ਹੀ ਵਰਗ ਪੱਛੜੀਆਂ ਜਾਤਾਂ ਜਾਂ ਕਬੀਲੇ, ਜਿਨ੍ਹਾਂ ਨੂੰ ਆਮ ਤੌਰ 'ਤੇ ਦਲਿਤ ਸੱਦਿਆ ਜਾਂਦਾ ਹੈ, ਉਨ੍ਹਾਂ ਉਪਰ ਵੀ ਹਮਲੇ ਵਧ ਰਹੇ ਹਨ। ਰਿਪੋਰਟ ਵਿੱਚ ਦੋਸ਼ ਲਾਇਆ ਗਿਆ ਕਿ ਭਾਰਤ ਵਿੱਚ ਕੇਂਦਰ ਤੇ ਰਾਜ ਸਰਕਾਰਾਂ ਅਕਸਰ ਧਾਰਮਿਕ ਘੱਟ ਗਿਣਤੀਆਂ ਦੇ ਅਧਿਕਾਰਾਂ ਦੀ ਰੱਖਿਆ ਲਈ ਆਪਣੀਆਂ ਸੰਵਿਧਾਨ ਜ਼ਿੰਮੇਵਾਰੀਆਂ ਨੂੰ ਨਜ਼ਰਅੰਦਾਜ਼ ਕਰਦੀਆਂ ਹਨ।

ਭਾਰਤ ਦਾ ਪਿਛੋਕੜ ਦੇਣ ਤੋਂ ਬਾਅਦ, ਪਹਿਲਾ ਵਿਸ਼ਾ ਹੈ - 'ਕੀ ਭਾਰਤ ਇੱਕ ਸੈਕੂਲਰ ਦੇਸ਼ ਹੈ ?' ਦੂਸਰਾ ਵਿਸ਼ਾ ਭਾਰਤ ਵਿੱਚ ਸੰਵਿਧਾਨਕ 'ਭਾਈ-ਭਤੀਜਾਵਾਦ' ਦਾ ਵੇਰਵਾ ਦਿੰਦਾ ਹੈ। ਤੀਸਰੇ ਟਾਈਟਲ ਵਿੱਚ ਕਿਹਾ ਗਿਆ ਹੈ ਕਿ ਭਾਰਤੀ ਸੰਵਿਧਾਨ ਵਿੱਚ 'ਘੱਟ ਗਿਣਤੀ' ਸ਼ਬਦ ਨੂੰ ਅਪਰੀਭਾਸ਼ਤ ਰਹਿਣ ਦਿੱਤਾ ਗਿਆ ਹੈ। ਚੌਥਾ ਵਿਸ਼ਾ ਭਾਰਤੀ ਸੰਵਿਧਾਨ ਵਿੱਚ ਧਰਮ-ਪਰਿਵਰਤਨ ਸਬੰਧੀ 'ਗੁੰਮਰਾਹਕੁਨ' ਕਲਾਜ਼ ਨਾਲ ਸਬੰਧਤ ਹੈ। ਆਰਟੀਕਲ 25 ਬੀ ਦੇ ਵੇਰਵੇ ਸਹਿਤ ਜ਼ਿਕਰ ਕਰਦਿਆਂ ਦੱਸਿਆ ਗਿਆ ਹੈ ਕਿ ਕਿਵੇਂ ਸਿੱਖਾਂ, ਬੋਧੀਆਂ, ਜੈਨੀਆਂ ਨੂੰ ਸੰਵਿਧਾਨਕ ਤੌਰ 'ਤੇ ਹਿੰਦੂ ਬਣਾ ਦਿੱਤਾ ਗਿਆ ਹੈ। ਇਸ ਨਾਲ ਸਬੰਧਤ ਦੂਸਰੇ ਚਾਰ ਕਾਨੂੰਨਾਂ ਦਾ ਵੀ ਜ਼ਿਕਰ ਕੀਤਾ ਗਿਆ ਹੈ, ਜਿਨ੍ਹਾਂ ਵਿੱਚ ਹਿੰਦੂ ਸਕਸੈਸ਼ਨ ਐਕਟ, ਹਿੰਦੂ ਮੈਰਿਜ ਐਕਟ, ਹਿੰਦੂ ਮਾਨੌਰਿਟੀ ਐਂਡ ਗਾਰਡੀਅਨਸ਼ਿੱਪ ਐਕਟ, ਹਿੰਦੂ ਐਡਾਪਸ਼ਨ ਐਂਡ ਮੈਨਟੇਨੈਂਸ ਐਕਟ ਸ਼ਾਮਲ ਹਨ। ਇਹ ਚਾਰੋ ਕਾਨੂੰਨ ਸਿੱਖਾਂ, ਬੋਧੀਆਂ, ਜੈਨੀਆਂ 'ਤੇ ਵੀ ਲਾਗੂ ਹੁੰਦੇ ਹਨ। ਯੂ.ਐਸ. ਕਮਿਸ਼ਨ ਰਿਪੋਰਟ ਵਿੱਚ, ਫੌਰਨ ਕੰਟਰੀਬਿਊਸ਼ਨ ਰੈਗੂਲੇਸ਼ਨ ਐਕਟ ਅਤੇ ਪ੍ਰੋਟੈਕਸ਼ਨ ਆਫ ਕਾਊਜ਼ (ਗਾਵਾਂ) ਲੈਜੀਸਲੇਸ਼ਨ (ਆਰਟੀਕਲ -48) ਐਕਟਸ ਨੂੰ ਵੀ ਘੋਖਿਆ ਗਿਆ ਹੈ। ਇਸੇ ਤਰ੍ਹਾਂ ਇੱਕ ਸਿਰਲੇਖ ਹੈ - 'ਛੂਆਛਾਤ ਅਤੇ ਦਲਿਤਾਂ ਸਬੰਧੀ ਸੰਵਿਧਾਨਕ ਪਹੁੰਚ।'

ਬਾਕੀ ਸਫ਼ਾ 32 'ਤੇ

### ਏਜੀਪੀਸੀ ਨੇ ਵਲੋਂ ਰਿਪੋਰਟ ਦਾ ਸਵਾਗਤ

**ਸਾਨ ਫਰਾਂਸਿਸਕੋ** : ਅਮਰੀਕੀ ਗੁਰਦੁਆਰਾ ਪ੍ਰਬੰਧਕ ਕਮੇਟੀ (ਏਜੀਪੀਸੀ) ਨੇ ਅਮਰੀਕਾ ਕਮਿਸ਼ਨ ਆਨ ਇੰਟਰਨੈਸ਼ਨਲ ਰਿਲੀਜੀਅਸ ਫ਼ਰੀਡਮ (ਯੂ.ਐਸ.ਸੀ.ਆਈ.ਆਰ.ਐਫ਼) ਵੱਲੋਂ ਭਾਰਤ 'ਚ ਧਾਰਮਿਕ ਸਹਿਣਸ਼ੀਲਤਾ ਦੇ ਵਧਦੇ ਨਿਘਾਰ ਸਬੰਧੀ ਪੇਸ਼ ਕੀਤੀ ਰਿਪੋਰਟ ਦਾ ਸਵਾਗਤ ਕੀਤਾ ਹੈ। ਏਜੀਪੀਸੀ ਦੇ ਪ੍ਰਧਾਨ ਜੇ.ਐੱਸ. ਹੋਠੀ ਅਤੇ ਕੋਆਰਡੀਨੇਟਰ ਪ੍ਰਿਤਪਾਲ ਸਿੰਘ ਨੇ ਕਿਹਾ ਕਿ ਪਿਛਲੇ ਕੁਝ ਸਾਲਾਂ ਦੌਰਾਨ ਧਾਰਮਿਕ ਸਹਿਣਸ਼ੀਲਤਾ 'ਚ ਨਿਘਾਰ ਆਇਆ ਹੈ ਅਤੇ ਧਾਰਮਿਕ ਆਜ਼ਾਦੀ ਦੀ ਉਲੰਘਣਾ ਸਬੰਧੀ ਭਾਰਤ ਦੇ ਕਈ ਖੇਤਰਾਂ 'ਚ ਵਾਧਾ ਹੋਇਆ ਹੈ। ਉਨ੍ਹਾਂ ਕਿਹਾ ਕਿ ਇਸ ਰਿਪੋਰਟ ਨਾਲ ਉਨ੍ਹਾਂ ਦੇ ਵਿਚਾਰਾਂ, ਕਿ ਭਾਰਤ 'ਚ ਘੱਟ ਗਿਣਤੀਆਂ ਦੇ ਮੁੱਢਲੇ ਅਧਿਕਾਰ ਸੁਰੱਖਿਅਤ ਨਹੀਂ ਹਨ, ਨੂੰ ਬੱਲ ਮਿਲਿਆ ਹੈ। ਫਰੈਂਡਸ ਆਫ਼ ਸਿੱਖ ਕਾਂਗਰੇਸਸ਼ਨਲ ਕਾਕਸ ਦੇ ਪ੍ਰਧਾਨ ਸ. ਹਰਪ੍ਰੀਤ ਸਿੰਘ ਸੰਧੂ ਨੇ ਵੀ ਇਸ ਅਧਿਐਨ ਸਬੰਧੀ ਰਿਪੋਰਟ ਦਾ ਸਵਾਗਤ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਪਹਿਲਾਂ ਵੀ ਟਾਮ ਲੈਂਟਸ ਕਮਿਸ਼ਨ ਆਫ਼ ਹਿਊਮਨ ਰਾਈਟਸ ਦੀ ਸੁਣਵਾਈ ਕਰਵਾਈ ਗਈ ਸੀ, ਜਿਸ 'ਚ ਇਸੇ ਤਰ੍ਹਾਂ ਹੀ ਭਾਰਤ ਵਿਚ ਧਾਰਮਿਕ ਆਜ਼ਾਦੀ ਨੂੰ ਖ਼ਤਰਿਆਂ ਸਬੰਧੀ ਖਦਸ਼ੇ ਪ੍ਰਗਟ ਕੀਤੇ ਗਏ ਸਨ।

# ਗੁਰਦਾਸ ਮਾਨ ਦੇ ਨਸ਼ਿਆਂ ਬਾਰੇ ਨਵੇਂ ਗੀਤ 'ਪੰਜਾਬ' ਕਾਰਨ ਛਿੜਿਆ ਵਿਵਾਦ



**ਜਲੰਧਰ/ਬਿਊਰੋ ਨਿਊਜ਼** : ਪ੍ਰਸਿੱਧ ਪੰਜਾਬੀ ਗਾਇਕ ਗੁਰਦਾਸ ਮਾਨ ਦੀ ਨਵੇਂ ਗੀਤ 'ਪੰਜਾਬ' ਕਾਰਨ ਸੋਸ਼ਲ ਮੀਡੀਆ 'ਤੇ ਹੁਣ ਆਲੋਚਨਾ ਸ਼ੁਰੂ ਹੋ ਗਈ ਹੈ। ਜਿੱਥੇ ਕੁਝ ਸਰੋਤੇ ਗੁਰਦਾਸ ਮਾਨ ਦੀ ਦੇਰੀ ਨੂੰ ਲੈ ਕੇ ਨਰਾਜ਼ ਹੋਏ ਦਿਖਾਈ ਦੇ ਰਹੇ ਹਨ, ਉੱਥੇ ਹੀ ਇਕ ਧੜਾ ਗੁਰਦਾਸ ਮਾਨ ਦੇ ਹੱਕ ਵਿੱਚ ਵੀ ਨਿੱਤਰ ਕੇ ਸਾਹਮਣੇ ਆਇਆ ਹੈ। 9 ਫਰਵਰੀ ਦੀ ਸ਼ਾਮ ਨੂੰ ਪੰਜਾਬ ਦੇ ਮੌਜੂਦਾ ਦੁਖਾਂਤ ਨੂੰ ਪੇਸ਼ ਕਰਦਾ ਗੀਤ 'ਪੰਜਾਬ' ਰਿਲੀਜ਼ ਹੋਇਆ ਸੀ ਅਤੇ ਇਸ ਵਿੱਚ ਪੰਜਾਬ ਦੇ ਮੌਜੂਦਾ ਮੁੱਦਿਆਂ ਨਸ਼ੇ, ਜ਼ਹਿਰੀਲੀ ਖੇਤੀ, ਸਿਹਤ ਅਤੇ ਸੂਬੇ ਦੇ ਵਿਗੜੇ ਹਾਲਾਤਾਂ ਦੀ ਪੇਸ਼ਕਾਰੀ ਕੀਤੀ ਗਈ ਹੈ। ਹਾਲਾਂਕਿ ਇਸ ਗੀਤ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ ਤੇ ਹੁਣ ਤੱਕ ਪੌਣੇ ਪੰਜ ਮਿਲੀਅਨ ਲੋਕ ਇਸ ਨੂੰ ਦੇਖ ਚੁੱਕੇ ਹਨ। ਅਸਲ ਵਿੱਚ ਚੋਣਾਂ ਤੋਂ ਬਾਅਦ ਅਜਿਹਾ ਗੀਤ ਰਿਲੀਜ਼ ਕਰਨ ਕਰਕੇ ਗੁਰਦਾਸ ਮਾਨ ਨੂੰ ਤਿੱਖੀ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਲੋਕਾਂ ਦਾ ਕਹਿਣਾ ਹੈ ਕਿ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਇਹੀ ਮੁੱਦੇ ਪ੍ਰਮੁੱਖ ਸਨ, ਜੋ ਗੀਤ ਵਿੱਚ ਦਿਖਾਏ ਗਏ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਲੋਕਾਂ ਨੂੰ ਜਾਗਰੂਕ ਕਰਨ ਲਈ ਗੁਰਦਾਸ ਮਾਨ ਨੂੰ ਇਹ ਗੀਤ 4 ਫਰਵਰੀ ਤੋਂ ਪਹਿਲਾਂ ਰਿਲੀਜ਼ ਕਰਨਾ ਚਾਹੀਦਾ ਸੀ। ਸੋਸ਼ਲ ਮੀਡੀਆ 'ਤੇ ਵੱਡੀ ਗਿਣਤੀ 'ਤੇ ਲੋਕ ਇਸ ਗੀਤ ਨੂੰ ਹੁਣ 'ਸੱਪ ਲੰਘ ਜਾਣ ਤੋਂ ਬਾਅਦ ਲਕੀਰ ਕੁੱਟਣ' ਵਾਲੀ ਗੱਲ ਕਰਾਰ ਦੇ ਰਹੇ ਹਨ। ਇਸ ਦੇ ਨਾਲ ਹੀ ਕੁਝ ਲੋਕਾਂ ਨੇ ਪੁਰਾਣੇ ਗੀਤਾਂ ਨੂੰ ਲੈ ਕੇ ਵੀ ਗੁਰਦਾਸ ਮਾਨ ਦੀ ਆਲੋਚਨਾ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਮਾਨ ਨੇ ਕੁਝ ਸਾਲ ਪਹਿਲਾਂ 'ਆਪਣਾ ਪੰਜਾਬ ਹੋਵੇ, ਘਰ ਦੀ ਸ਼ਰਾਬ ਹੋਵੇ' ਗੀਤ ਗਾ ਕੇ ਸ਼ਰਾਬੀਆਂ ਨੂੰ ਹੋਰ ਉਤਸ਼ਾਹਤ ਹੁਲਾਰਾ ਦੇਣ ਵਾਲਾ ਗੀਤ ਗਾਇਆ ਸੀ, ਜਿਸ 'ਤੇ ਸਾਰਾ ਪੰਜਾਬ ਨੱਚਿਆ ਸੀ ਤੇ ਹੁਣ ਇਸ ਗੀਤ ਵਿੱਚ ਗੁਰਦਾਸ ਮਾਨ ਦੁੱਧ ਨੂੰ ਸ਼ਰਾਬ ਦੇ ਬਰਾਬਰ ਜ਼ਹਿਰੀਲਾ ਦੱਸ ਰਿਹਾ ਹੈ। ਉੱਥੇ ਹੀ ਕੁਝ ਲੋਕਾਂ ਨੇ ਗੁਰਦਾਸ ਮਾਨ 'ਤੇ ਪੈਸੇ ਕਮਾਉਣ ਖਾਤਰ ਪੰਜਾਬ ਨੂੰ ਬਦਨਾਮ ਕਰਨ ਦੇ ਦੋਸ਼ ਲਾਏ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਪੰਜਾਬ ਦੇ ਹਾਲਾਤਾਂ ਨੂੰ ਕਾਫੀ ਵਧਾਅ ਚੜ੍ਹਾਅ ਕੇ ਗੀਤ ਵਿੱਚ ਪੇਸ਼ ਕੀਤਾ ਗਿਆ ਹੈ ਜਦਕਿ ਸਚਾਈ ਅਜਿਹੀ ਨਹੀਂ ਹੈ। ਉੱਥੇ ਹੀ ਕੁਝ ਲੋਕ ਗੁਰਦਾਸ ਮਾਨ ਦਾ ਪੱਖ ਪੂਰਦੇ ਵੀ ਨਜ਼ਰ ਆ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਮਾਨ ਸਿਰਫ ਇਕ ਕਲਾਕਾਰ ਹੈ ਅਤੇ ਉਸ ਨੇ ਆਪਣਾ ਫ਼ਰਜ਼ ਪੂਰਾ ਕੀਤਾ ਹੈ। ਉਹ ਨਾਲ ਹੀ ਇਹ ਤਰਕ ਵੀ ਦੇ ਰਹੇ ਹਨ ਕਿ ਚੋਣਾਂ ਦਾ ਐਲਾਨ ਹੋਣ ਤੋਂ ਪਹਿਲਾਂ ਹੀ ਮਾਨ ਨੇ ਗੀਤ ਰਿਲੀਜ਼ ਕਰਨ ਦੀ ਤਰੀਕ ਦਾ ਐਲਾਨ ਕਰ ਦਿੱਤਾ ਸੀ।

# ਨਾਭਾ ਜੇਲ੍ਹ ਬਰੇਕ ਕਾਂਡ ਦਾ ਮਾਸਟਰ ਮਾਈਂਡ ਗੁਰਪ੍ਰੀਤ ਸੇਖੋਂ ਸਾਥੀਆਂ ਸਮੇਤ ਗ੍ਰਿਫ਼ਤਾਰ

## ਪਰਵਾਸੀ ਪੰਜਾਬੀ ਦੀ ਕੋਠੀ ਵਿੱਚ ਲੁਕੇ ਹੋਏ ਸਨ ਗੈਂਗਸਟਰ

**ਮੋਗਾ/ਅਜੀਤਵਾਲ/ਬਿਊਰੋ ਨਿਊਜ਼** :

ਇੱਥੇ ਪਿੰਡ ਢੁੱਡੀਕੇ ਵਿੱਚ ਗੋਲੀਬਾਰੀ ਤੋਂ ਬਾਅਦ ਪੁਲੀਸ ਨੇ ਸੁੱਖਾ ਕਾਹਲਵਾਂ ਹੱਤਿਆ ਅਤੇ ਨਾਭਾ ਜੇਲ੍ਹ ਬਰੇਕ ਕਾਂਡ ਵਿੱਚ ਲੋੜੀਂਦੇ ਖ਼ਤਰਨਾਕ ਗੈਂਗਸਟਰ ਗੁਰਪ੍ਰੀਤ ਸੇਖੋਂ ਸਮੇਤ ਚਾਰ ਗੈਂਗਸਟਰਾਂ ਨੂੰ ਗ੍ਰਿਫ਼ਤਾਰ ਕਰ ਲਿਆ। ਇਹ ਗੈਂਗਸਟਰ ਇਕ ਪਰਵਾਸੀ ਪੰਜਾਬੀ ਦੀ ਕੋਠੀ ਵਿੱਚ ਲੁਕੇ ਹੋਏ ਸਨ। ਪੁਲੀਸ ਨੇ ਮੌਕੇ ਤੋਂ ਤਿੰਨ ਪਿਸਤੌਲ ਅਤੇ ਇਕ 12 ਬੋਰ ਦੀ ਬੰਦੂਕ ਤੇ ਦੋ ਗੱਡੀਆਂ ਕਬਜ਼ੇ ਵਿੱਚ ਲਈਆਂ ਹਨ।



ਪਿੰਡ ਢੁੱਡੀਕੇ ਵਿੱਚ ਜ਼ਿਲ੍ਹਾ ਪੁਲੀਸ ਮੁਖੀ ਮੋਗਾ ਗੁਰਪ੍ਰੀਤ ਸਿੰਘ ਤੂਰ ਅਤੇ ਏਆਈਜੀ ਕਾਊਂਟਰ ਇੰਟੈਲੀਜੈਂਸ ਪਟਿਆਲਾ ਗੁਰਮੀਤ ਸਿੰਘ ਚੌਹਾਨ ਨੇ ਦੱਸਿਆ ਕਿ ਪਟਿਆਲਾ ਪੁਲੀਸ ਦੀ ਕਾਊਂਟਰ ਇੰਟੈਲੀਜੈਂਸ ਨੂੰ ਸੂਚਨਾ ਮਿਲੀ ਸੀ ਕਿ ਪਿੰਡ ਢੁੱਡੀਕੇ ਵਿੱਚ ਖ਼ਤਰਨਾਕ ਗੈਂਗਸਟਰ ਗੁਰਪ੍ਰੀਤ ਸਿੰਘ ਸੇਖੋਂ ਜੋ ਜ਼ਿਲ੍ਹਾ ਫ਼ਰੀਦਕੋਟ ਦੇ ਕਸਬਾ ਮੁੱਦਕੀ ਦਾ ਰਹਿਣ ਵਾਲਾ ਹੈ, ਨੇ ਆਪਣੇ ਤਿੰਨ ਸਾਥੀਆਂ ਨਾਲ ਪਰਵਾਸੀ ਪੰਜਾਬੀ ਦੇ ਘਰ ਪਨਾਹ ਲਈ ਹੋਈ ਹੈ। ਪਟਿਆਲਾ ਪੁਲੀਸ ਦੇ ਐਸਪੀ ਦੀ ਅਗਵਾਈ ਹੇਠ ਪੁਲੀਸ ਨੇ ਦੁਪਹਿਰ ਬਾਅਦ ਪਿੰਡ ਢੁੱਡੀਕੇ ਵਿੱਚ ਸਬੰਧਤ ਘਰ ਨੂੰ ਘੇਰਾ ਪਾ ਲਿਆ ਅਤੇ ਪਿੰਡ ਵਾਸੀਆਂ ਨੂੰ ਆਪਣੇ ਘਰਾਂ ਅੰਦਰ ਜਾਣ ਲਈ ਕਹਿ ਦਿੱਤਾ। ਇਸ ਤੋਂ ਬਾਅਦ ਪੰਦਰਾਂ ਮਿੰਟ ਗੋਲੀ ਚੱਲਣ ਦੀਆਂ ਆਵਾਜ਼ਾਂ ਸੁਣਾਈ ਦਿੱਤੀਆਂ ਪਰ ਜ਼ਿਲ੍ਹਾ ਪੁਲੀਸ ਮੁਖੀ ਗੁਰਪ੍ਰੀਤ ਸਿੰਘ ਤੂਰ ਨੇ ਕਿਹਾ ਕਿ ਕੋਈ ਗੋਲੀਬਾਰੀ ਨਹੀਂ ਹੋਈ, ਜਿਸ ਮਕਾਨ ਵਿੱਚ ਇਹ ਖ਼ਤਰਨਾਕ ਗੈਂਗਸਟਰ ਰੁਕੇ ਹੋਏ ਸਨ, ਉਹ ਮਕਾਨ ਲਾਲਾ ਲਾਜਪਤ ਰਾਏ ਯਾਦਗਾਰੀ ਭਵਨ ਦੇ ਬਿਲਕੁਲ ਨੇੜੇ ਹੈ ਅਤੇ ਇਸ ਮਕਾਨ ਵਿੱਚ ਪਰਵਾਸੀ ਪੰਜਾਬੀ ਰਹਿ ਰਿਹਾ ਹੈ। ਇਸ ਮੁਕਾਬਲੇ ਵਿੱਚ ਕਿਸੇ ਵੀ ਗੈਂਗਸਟਰ ਜਾਂ ਪੁਲੀਸ ਮੁਲਾਜ਼ਮ ਦੇ ਜ਼ਖ਼ਮੀ ਹੋਣ ਦੀ ਕੋਈ ਜਾਣਕਾਰੀ ਨਹੀਂ ਹੈ। ਇਸ ਤੋਂ ਬਾਅਦ ਪੁਲੀਸ ਨੇ ਨਾਭਾ ਜੇਲ੍ਹ ਬਰੇਕ ਕਾਂਡ ਦੇ ਮੁੱਖ ਸਰਗਨਾ ਗੈਂਗਸਟਰ ਗੁਰਪ੍ਰੀਤ ਸਿੰਘ ਸੇਖੋਂ ਅਤੇ ਉਸ ਦੇ ਤਿੰਨ ਸਾਥੀ ਮਨਵੀਰ ਸਿੰਘ ਸੇਖੋਂ, ਰਾਜਵਿੰਦਰ ਸਿੰਘ ਰਾਜਾ ਉਰਫ ਸੁਲਤਾਨ ਪਿੰਡ ਮੰਗੇਵਾਲਾ, ਕੁਲਵਿੰਦਰ ਸਿੰਘ ਢਿੰਬਰੀ ਵਾਸੀ ਸਿਧਾਣਾ ਨੂੰ ਕਾਬੂ ਕਰ ਲਿਆ। ਇਸ ਘਟਨਾ ਸਮੇਂ ਪਿੰਡ ਪੁਲੀਸ ਛਾਉਣੀ ਵਿੱਚ ਤਬਦੀਲ ਹੋ ਗਿਆ ਅਤੇ ਪੁਲੀਸ ਦਾ ਦੰਗਾ ਰੋਕੂ ਦਸਤਾ ਤੇ ਹੋਰ ਤਕਰੀਬਨ ਡੇਢ ਦਰਜਨ ਗੱਡੀਆਂ ਪਿੰਡ ਵਿੱਚ ਘੁੰਮ ਰਹੀਆਂ ਸਨ, ਜਿਸ ਕਾਰਨ ਲੋਕਾਂ ਵਿੱਚ ਦਹਿਸ਼ਤ ਸੀ।

### ਮੁਲਜ਼ਮਾਂ ਨੂੰ ਪਟਿਆਲਾ ਲਿਆਂਦਾ

**ਪਟਿਆਲਾ** : ਗੁਰਪ੍ਰੀਤ ਸੇਖੋਂ ਅਤੇ ਉਸ ਦੇ ਸਾਥੀਆਂ ਨੂੰ ਲੈ ਕੇ ਪੁਲੀਸ ਪਟਿਆਲਾ ਪੁੱਜ ਗਈ ਹੈ। ਗ੍ਰਿਫ਼ਤਾਰ ਗੈਂਗਸਟਰਾਂ ਨੂੰ ਸੀਆਈਏ ਸਟਾਫ ਪਟਿਆਲਾ ਵਿੱਚ ਰੱਖਿਆ ਗਿਆ ਹੈ। ਇਹ ਗ੍ਰਿਫ਼ਤਾਰੀਆਂ ਕਾਊਂਟਰ ਇੰਟੈਲੀਜੈਂਸ ਅਤੇ ਮੋਗਾ ਪੁਲੀਸ ਦੀ ਮਦਦ ਨਾਲ ਪਟਿਆਲਾ ਦੇ ਐਸ.ਪੀ (ਡੀ) ਹਰਵਿੰਦਰ ਵਿਰਕ ਦੀ ਅਗਵਾਈ ਹੇਠ ਸੀਆਈਏ ਸਟਾਫ਼ ਪਟਿਆਲਾ ਦੇ ਮੁਖੀ ਇੰਸਪੈਕਟਰ ਬਿਕਰਮਜੀਤ ਸਿੰਘ ਬਰਾੜ ਤੇ ਟੀਮ ਨੇ ਕੀਤੀਆਂ। ਇਨ੍ਹਾਂ ਚਾਰਾਂ ਗੈਂਗਸਟਰਾਂ ਨੂੰ ਭਲਕੇ ਨਾਭਾ ਦੀ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਨਾਭਾ ਜੇਲ੍ਹ ਬਰੇਕ ਕਾਂਡ ਦੇ ਛੇ ਮੁਲਜ਼ਮਾਂ ਵਿੱਚੋਂ ਤਿੰਨ ਫੜੇ ਗਏ ਹਨ। ਇਨ੍ਹਾਂ ਵਿੱਚ ਖਾਲਿਸਤਾਨ ਲਿਬਰੇਸ਼ਨ ਫੋਰਸ ਦਾ ਹਰਮਿੰਦਰ ਸਿੰਘ ਮਿੰਟੂ ਪਹਿਲੀ ਰਾਤ ਹੀ ਦਿੱਲੀ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਇਨ੍ਹਾਂ ਨੂੰ ਭਜਾਉਣ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲਾ ਪਲਵਿੰਦਰ ਪਿੰਦਾ ਉਸੇ ਦਿਨ ਉੱਤਰ ਪ੍ਰਦੇਸ਼ ਤੋਂ ਫੜ ਲਿਆ ਗਿਆ ਸੀ, ਜਦੋਂ ਕਿ ਇਕ ਹੋਰ ਭਗੌੜਾ ਗੈਂਗਸਟਰ ਨੀਟਾ ਦਿਓਲ ਪਿਛਲੇ ਮਹੀਨੇ ਇੰਦੌਰ ਵਿੱਚ ਗ੍ਰਿਫ਼ਤਾਰ ਕੀਤਾ ਗਿਆ।

**ਵਿਦੇਸ਼ ਭੱਜਣ ਦੀ ਤਿਆਰੀ ਕਰ ਰਿਹਾ ਸੀ ਸੇਖੋਂ**

ਗੁਰਪ੍ਰੀਤ ਸੇਖੋਂ ਵਿਦੇਸ਼ ਭੱਜਣ ਦੀ ਤਾਕ ਵਿੱਚ ਸੀ। ਉਸ ਨੇ ਫ਼ਰਜ਼ੀ ਨਾਮ ਤੇ ਪਤੇ ਉਤੇ ਪਾਸਪੋਰਟ ਵੀ ਬਣਾਇਆ ਹੋਇਆ ਸੀ, ਜੋ ਪੁਲੀਸ ਦੇ ਹੱਥ ਲੱਗ ਗਿਆ। ਉਨ੍ਹਾਂ ਕੋਲੋਂ ਬਰਾਮਦ ਹੋਏ ਹਥਿਆਰਾਂ ਨਾਲ ਉਹ ਕਿਸੇ ਹੋਰ ਵੱਡੀ ਵਾਰਦਾਤ ਨੂੰ ਅੰਜ਼ਾਮ ਦੇਣ ਦੇ ਰੌਂਅ ਵਿੱਚ ਸਨ। ਬਰਾਮਦ ਹੋਈਆਂ ਦੋਵੇਂ ਗੱਡੀਆਂ ਵੀ ਉਨ੍ਹਾਂ ਹਥਿਆਰਾਂ ਦੀ ਨੋਕ 'ਤੇ ਖੋਹੀਆਂ ਸਨ। ਪੁਲੀਸ ਨੂੰ ਚਮਕਾ ਦੇਣ ਲਈ ਸੇਖੋਂ ਹੁਣ ਪੱਗ ਬੰਨ੍ਹ ਕੇ ਰੱਖਦਾ ਸੀ।

ਅੰਮ੍ਰਿਤਸਰ ਟਾਈਮਜ਼ AMRITSAR TIMES

15 ਫਰਵਰੀ 2017 ਤੋਂ 21 ਫਰਵਰੀ 2017

## ਦਿੱਲੀ ਕਮੇਟੀ ਚੋਣਾਂ 'ਤੇ ਬੇਅਦਬੀ ਤੇ ਡੇਰੇ ਦਾ ਪ੍ਰਛਾਵਾਂ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ 'ਤੇ ਪੰਜਾਬ ਵਿਧਾਨ ਸਭਾ ਚੋਣਾਂ ਵਾਲਾ ਹੀ ਅਸਰ ਨਜ਼ਰ ਆ ਰਿਹਾ ਹੈ। ਦਿੱਲੀ ਕਮੇਟੀ ਲਈ 26 ਫਰਵਰੀ ਨੂੰ ਪੈ ਰਹੀਆਂ ਵੋਟਾਂ ਦੌਰਾਨ ਪੰਜਾਬ ਵਿਚ ਵਾਪਰੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਤੇ ਡੇਰਾ ਸੌਦਾ ਸਾਧ ਤੋਂ ਲਿਆ ਸਮਰਥਨ ਵੀ ਵੱਡੇ ਪੱਧਰ 'ਤੇ ਅਸਰ ਪਾ ਰਿਹਾ ਹੈ। ਅਕਾਲੀ ਦਲ (ਬਾਦਲ) ਲਈ ਪੰਜਾਬ ਵਿਧਾਨ ਸਭਾ ਤੇ ਦਿੱਲੀ ਕਮੇਟੀ ਚੋਣਾਂ ਵੱਕਾਰ ਦਾ ਸਵਾਲ ਬਣੀਆਂ ਹੋਈਆਂ ਹਨ। ਇਸ ਦਾ ਵੱਡਾ ਕਾਰਨ ਪੰਜਾਬ ਵਿਚ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਅਤੇ ਚੋਣਾਂ ਦੌਰਾਨ ਡੇਰਾ ਸੌਦਾ ਸਾਧ ਵਲੋਂ ਲਈ ਗਈ ਹਮਾਇਤ ਬਾਦਲ ਲਈ ਗਲੇ ਦੀ ਹੱਡੀ ਬਣ ਗਿਆ ਹੈ। ਪੰਜਾਬ ਤੋਂ ਜਿਹੜੇ ਅਕਾਲੀ ਆਗੂ ਡੇਰੇ ਗਏ ਸਨ, ਉਨ੍ਹਾਂ ਨੂੰ ਤਾਂ ਦਿੱਲੀ ਕਮੇਟੀ ਚੋਣਾਂ ਤੋਂ ਦੂਰ ਹੀ ਰੱਖਿਆ ਜਾ ਰਿਹਾ ਹੈ। ਅਜਿਹੇ ਸਮੇਂ ਦੋਵੇਂ ਬਾਦਲਾਂ ਦਾ ਦਿੱਲੀ ਕਮੇਟੀ ਚੋਣਾਂ ਛੱਡ ਕੇ ਅਮਰੀਕਾ ਜਾਣਾ ਵੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਬਾਦਲ ਦਲ ਵਲੋਂ ਆਪਣੇ ਆਗੂਆਂ ਮਨਜੀਤ ਸਿੰਘ ਜੀ.ਕੇ. ਮਨਜਿੰਦਰ ਸਿੰਘ ਸਿਰਸਾ ਤੇ ਅਵਤਾਰ ਸਿੰਘ ਹਿਤ ਨੂੰ ਜਿਪਸੀਆਂ ਤੇ ਗੰਨਮੈਨ ਦੇਣ ਦਾ ਮਾਮਲਾ ਵੀ ਭਖਿਆ ਪਰ ਨੁਕਤਾਚੀਨੀ ਹੋਣ ਕਾਰਨ ਚੋਣ ਕਮਿਸ਼ਨ ਦੀਆਂ ਹਦਾਇਤਾਂ 'ਤੇ ਉਨ੍ਹਾਂ ਨੂੰ ਇਹ ਸਹੂਲਤਾਂ ਵਾਪਸ ਲੈਣੀਆਂ ਪਈਆਂ। ਇਥੋਂ ਤਕ ਕਿ ਸੁਖਬੀਰ ਸਿੰਘ ਬਾਦਲ ਦੀ ਵੀ ਇਸ ਮਾਮਲੇ ਵਿਚ ਨਾ ਚੱਲੀ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁੱਖ ਮਕਸਦ ਦਿੱਲੀ ਦੇ ਇਤਿਹਾਸਕ ਗੁਰਦੁਆਰਿਆਂ ਤੇ ਕਮੇਟੀ ਅਧੀਨ ਵਿਦਿਅਕ ਅਦਾਰਿਆਂ ਦੀ ਸੇਵਾ-ਸੰਭਾਲ ਕਰਨਾ ਹੈ ਪਰ ਚੋਣ ਮੈਦਾਨ ਵਿਚਲੀਆਂ ਸਾਰੀਆਂ ਧਿਰਾਂ ਵਲੋਂ ਕਿਸੇ ਨਾ ਕਿਸੇ ਰੂਪ ਵਿਚ ਗੋਲਕਾਂ ਦੀ ਹੁੰਦੀ ਲੁੱਟ ਕਾਰਨ ਸਿੱਖਾਂ ਵਿਚ ਰੋਸ ਪਾਇਆ ਜਾ ਰਿਹਾ ਹੈ। ਸਿੱਖ ਜਿਥੇ ਇਤਿਹਾਸਕ ਗੁਰਦੁਆਰਿਆਂ ਦੀ ਸਾਂਭ-ਸੰਭਾਲ ਪੱਖੋਂ ਨਿਰਾਸ਼ ਹਨ, ਉਥੇ ਜ਼ਿਆਦਾ ਦੁੱਖ ਗੋਲਕਾਂ ਦੀ ਲੁੱਟ ਹੈ। ਇਤਿਹਾਸਕ ਗੁਰਦੁਆਰਿਆਂ ਦੇ ਮੁਲਾਜ਼ਮ ਵੀ ਇਸ ਵਾਰ ਅਹਿਮ ਰੋਲ ਅਦਾ ਕਰਨਗੇ। ਦਿੱਲੀ ਕਮੇਟੀ ਨੇ ਇਨ੍ਹਾਂ ਮੁਲਾਜ਼ਮਾਂ ਲਈ ਗੁਰਦੁਆਰਿਆਂ ਵਿਚ ਰਿਹਾਇਸ਼ ਦਾ ਪ੍ਰਬੰਧ ਕਰਕੇ ਦਿੱਤਾ ਸੀ। ਮੁਲਾਜ਼ਮਾਂ ਦੀਆਂ ਵੋਟਾਂ ਚੋਣ ਸਮੀਕਰਨ ਬਦਲਣ ਵਿਚ ਮਦਦਗਾਰ ਵੀ ਸਿੱਧ ਹੁੰਦੀਆਂ ਹਨ, ਇਸੇ ਲਈ ਆਗੂ ਇਨ੍ਹਾਂ ਮੁਲਾਜ਼ਮਾਂ ਨੂੰ ਭਰਮਾਉਣ ਵਿਚ ਲੱਗੇ ਹੋਏ ਹਨ। ਸ਼੍ਰੋਮਣੀ ਅਕਾਲੀ ਦਲ (ਦਿੱਲੀ) ਨੂੰ ਆਪਣੇ ਕਾਰਜਕਾਲ ਦੌਰਾਨ 44 ਮੁਲਾਜ਼ਮਾਂ ਦੇ ਰੋਹ ਦਾ ਉਸ ਵੇਲੇ ਸਾਹਮਣਾ ਕਰਨਾ ਪਿਆ ਸੀ ਜਦੋਂ ਗੁਰਦੁਆਰਾ ਸੀਸਗੰਜ ਵਿਚ ਉਨ੍ਹਾਂ ਨੇ ਕਮੀਜ਼ਾਂ ਲਾਹ ਕੇ ਪ੍ਰਦਰਸ਼ਨ ਕੀਤਾ ਤੇ ਇਨ੍ਹਾਂ ਨੂੰ ਮੁਅੱਤਲ ਕਰਨ ਦਾ ਮਾਮਲਾ ਏਨਾ ਭਖਿਆ ਕਿ ਇਸ ਧੜੇ ਨੂੰ ਅੰਦਰੋਂ-ਅੰਦਰੀ ਖਾਸਾ ਖੋਰਾ ਲੱਗਾ। ਇਸ ਲਈ ਸਾਰੀਆਂ ਧਿਰਾਂ ਮੁਲਾਜ਼ਮਾਂ ਨੂੰ ਤਨਖ਼ਾਹਾਂ-ਭੱਤਿਆਂ ਸਮੇਤ ਹੋਰ ਕਈ ਤਰ੍ਹਾਂ ਦੇ ਵਾਅਦਿਆਂ ਨਾਲ ਭਰਮਾ ਰਹੀਆਂ ਹਨ। ਦਿੱਲੀ ਕਮੇਟੀ ਦੇ ਦੋ ਹਜ਼ਾਰ ਦੇ ਕਰੀਬ ਸਥਾਈ ਤੇ 500 ਦੇ ਕਰੀਬ ਕੱਚੇ ਮੁਲਾਜ਼ਮ ਕਿਸ ਧਿਰ ਦਾ ਪੱਖ ਪੂਰਦੇ ਹਨ, ਇਹ ਤਾਂ ਵਕਤ ਹੀ ਦੱਸੇਗਾ। ਇਸ ਵਾਰ ਦਿੱਲੀ ਕਮੇਟੀ ਦੇ ਵਾਰਡਾਂ ਦੀ ਨਵੀਂ ਹੱਦਬੰਦੀ ਵੀ ਆਗੂਆਂ ਲਈ ਮੁਸ਼ਕਲਾਂ ਖੜ੍ਹੀਆਂ ਕਰ ਰਹੀ ਹੈ। ਇਸ ਕਾਰਨ ਉਮੀਦਵਾਰਾਂ ਨੂੰ ਵੀ ਵੱਧ ਮਿਹਨਤ ਕਰਨੀ ਪੈ ਰਹੀ ਹੈ ਤੇ ਉਨ੍ਹਾਂ ਦਾ ਪੂਰਾ ਪਰਿਵਾਰ ਵੋਟਰਾਂ ਨੂੰ ਭਰਮਾਉਣ ਲਈ ਦਰ-ਦਰ ਪੁਜ ਰਿਹਾ ਅਤੇ ਹਰ ਢੰਗ ਰਾਹੀਂ ਅਪੀਲਾਂ ਕਰ ਰਿਹਾ ਹੈ। ਇਥੋਂ ਤਕ ਕਿ ਕਈ ਉਮੀਦਵਾਰਾਂ ਨੇ ਆਪਣੀਆਂ ਜਾਂ ਕਾਰੋਬਾਰ ਨਾਲ ਜੁੜੇ ਮੁਲਾਜ਼ਮ ਵੀ ਪ੍ਰਚਾਰ ਵਿਚ ਲਗਾ ਰੱਖੇ ਹਨ।

ਸਾਰੇ 46 ਵਾਰਡਾਂ ਲਈ ਨਤੀਜਾ ਪਹਿਲੀ ਮਾਰਚ ਨੂੰ ਆ ਜਾਵੇਗਾ। ਇਸ ਵਾਰ ਕਰੀਬ 3 ਲੱਖ 81 ਹਜ਼ਾਰ ਸਿੱਖ ਵੋਟਰ ਚੋਣ ਪ੍ਰਕਿਰਿਆ ਵਿਚ ਹਿੱਸਾ ਲੈਣਗੇ। ਸ਼੍ਰੋਮਣੀ ਅਕਾਲੀ ਦਲ (ਬਾਦਲ) ਦਾ ਮੁਕਾਬਲਾ ਪਰਮਜੀਤ ਸਿੰਘ ਸਰਨਾ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਅਤੇ ਆਮ ਆਦਮੀ ਪਾਰਟੀ ਦੇ ਵਿਧਾਇਕ ਅਵਤਾਰ ਸਿੰਘ ਵੱਲੋਂ ਬਣਾਏ ਪੰਥਕ ਸੇਵਾ ਦਲ, ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਦੇ ਗਰੁੱਪ ਅਤੇ ਅਕਾਲੀ ਦਲ ਤੋਂ ਵੱਖ ਹੋਏ ਆਮ ਅਕਾਲੀ ਦਲ ਨਾਲ ਹੋਣ ਦੇ ਆਸਾਰ ਹਨ। ਆਮ ਆਦਮੀ ਪਾਰਟੀ ਭਾਵੇਂ ਸਿੱਧੇ ਤੌਰ ਉੱਤੇ ਹਿੱਸਾ ਨਹੀਂ ਲੈ ਰਹੀ ਪਰ ਕੁਝ ਆਗੂਆਂ ਦੀ ਹਮਾਇਤ ਕਰ ਰਹੀ ਹੈ।

ਦੇਸ਼-ਵਿਦੇਸ਼ ਵਿਚ ਵਸਦੇ ਸਿੱਖਾਂ ਦੀਆਂ ਨਜ਼ਰਾਂ ਗੁਰਦੁਆਰਾ ਚੋਣਾਂ 'ਤੇ ਲੱਗੀਆਂ ਹੋਈਆਂ ਹਨ। ਦਿੱਲੀ ਕਮੇਟੀ 'ਤੇ ਲੰਬਾ ਸਮਾਂ ਸਰਨਾ ਧੜਾ ਹੀ ਕਾਬਜ਼ ਰਿਹਾ ਹੈ ਪਰ ਪਿਛਲੀਆਂ ਚੋਣਾਂ ਵਿਚ ਬਾਦਲ ਦਲ ਦਾ ਕਬਜ਼ਾ ਹੋ ਗਿਆ। ਕੁੱਲ 335 ਉਮੀਦਵਾਰਾਂ ਵਿੱਚ ਸ਼੍ਰੋਮਣੀ ਅਕਾਲੀ (ਬਾਦਲ) ਤੇ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਵੱਲੋਂ ਸਾਰੀਆਂ ਸੀਟਾਂ (46-46) ਉੱਤੇ ਉਮੀਦਵਾਰ ਚੋਣ ਲੜ ਰਹੇ ਹਨ। ਇਸ ਦੇ ਨਾਲ ਪੰਥਕ ਸੇਵਾ ਦਲ ਦੇ 39 ਉਮੀਦਵਾਰ, ਭਾਈ ਰਣਜੀਤ ਸਿੰਘ ਦੀ ਸਰਪ੍ਰਸਤੀ ਵਾਲੀ ਅਕਾਲ ਸਹਾਇ ਵੈਲਫੇਅਰ ਐਸੋਸੀਏਸ਼ਨ ਦੇ 11 ਮੈਂਬਰ ਹਨ। ਸਾਰੀਆਂ ਸੀਟਾਂ ਤੋਂ ਆਜ਼ਾਦ ਉਮੀਦਵਾਰਾਂ ਦੀ ਗਿਣਤੀ 184 ਹੈ ਤੇ 85 ਉਮੀਦਵਾਰਾਂ ਨੇ ਆਪਣੇ ਕਾਗਜ਼ ਵਾਪਸ ਲਏ ਹਨ। ਦਿੱਲੀ ਕਮੇਟੀ ਲਈ ਸਿੱਖ ਸੰਗਤ ਵੱਲੋਂ 46 ਉਮੀਦਵਾਰ ਵੋਟਾਂ ਰਾਹੀਂ ਚੁਣੇ ਜਾਂਦੇ ਹਨ, ਦੋ ਮੈਂਬਰ ਦਿੱਲੀ ਦੀਆਂ ਸਿੰਘ ਸਭਾਵਾਂ ਦੇ ਨੁਮਾਇੰਦਿਆਂ ਵਜੋਂ ਸਰਬ ਸੰਮਤੀ ਨਾਲ ਚੁਣੇ ਜਾਂਦੇ ਹਨ, ਦੋ ਮੈਂਬਰ ਨਾਮਜ਼ਦ ਕੀਤੇ ਜਾਂਦੇ ਹਨ ਤੇ ਇੱਕ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਾਮਜ਼ਦ ਕੀਤਾ ਜਾਂਦਾ ਹੈ। ਇਸ ਤਰ੍ਹਾਂ ਕੁੱਲ 51 ਮੈਂਬਰੀ ਕਮੇਟੀ ਵਿੱਚ ਬਹੁਮਤ ਲਈ 26 ਮੈਂਬਰਾਂ ਦਾ ਸਮਰਥਨ ਜ਼ਰੂਰੀ ਹੁੰਦਾ ਹੈ। ਹਾਲਾਂਕਿ ਚਾਰ ਤਖਤਾਂ ਦੇ ਸਿੰਘ ਸਾਹਿਬਾਨ ਵੀ ਕਮੇਟੀ ਦੇ ਮੈਂਬਰ ਹੁੰਦੇ ਹਨ ਪਰ ਉਨ੍ਹਾਂ ਨੂੰ ਵੋਟ ਪਾਉਣ ਦਾ ਅਧਿਕਾਰ ਨਹੀਂ ਹੁੰਦਾ। ਪਿਛਲੀਆਂ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ (ਬਾਦਲ) ਧੜੇ ਦੇ 37 ਮੈਂਬਰ ਜਿੱਤੇ ਸਨ ਜਦਕਿ ਸਰਨਾ ਧੜੇ ਦੇ ਸਿਰਫ 8 ਮੈਂਬਰ ਜਿੱਤੇ ਸਨ। ਕੁੱਲ 46 ਉਮੀਦਵਾਰਾਂ ਵਿਚੋਂ 1 ਮੈਂਬਰ ਕੇਂਦਰੀ ਗੁਰੂ ਸਿੰਘ ਸਭਾ ਦਾ ਜਿੱਤਿਆ ਸੀ। ਦਿੱਲੀ ਗੁਰਦੁਆਰਾ ਐਕਟ 1971 ਮੁਤਾਬਕ ਹਰ 4 ਸਾਲ ਬਾਅਦ ਚੋਣਾਂ ਕਰਵਾਉਣ ਦਾ ਨਿਯਮ ਹੈ। ਇਹ ਐਕਟ ਲਾਗੂ ਹੋਣ ਤੋਂ ਬਾਅਦ ਪਹਿਲੀ ਵਾਰ ਕਮੇਟੀ ਚੋਣਾਂ 30 ਮਾਰਚ 1975 ਨੂੰ ਹੋਈਆਂ ਸਨ ਤੇ ਨਿਯਮ ਮੁਤਾਬਕ ਅਗਲੀਆਂ ਚੋਣਾਂ 1979 ਵਿਚ ਹੋਈਆਂ ਪਰ ਇਸ ਤੋਂ ਬਾਅਦ ਅਗਲੀਆਂ ਚੋਣਾਂ 1983 ਵਿਚ ਹੋਈਆਂ। ਕਈ ਅਜਿਹੇ ਕਾਰਨ ਬਣੇ ਕਿ ਚੋਣਾਂ ਸਮੇਂ ਸਿਰ ਨਾ ਹੋ ਸਕੀਆਂ, ਸਗੋਂ ਇਸ ਤੋਂ ਬਾਅਦ ਸਿੱਖ ਵੋਟਰਾਂ ਨੂੰ ਅਗਲੀਆਂ ਚੋਣਾਂ ਲਈ 16 ਸਾਲ ਤਕ ਉਡੀਕ ਕਰਨੀ ਪਈ। ਇਸ ਤੋਂ ਬਾਅਦ 1995 ਵਿਚ ਜਾ ਕੇ ਚੋਣ ਅਮਲ ਸਿਰੇ ਚੜ੍ਹਿਆ। ਮਗਰੋਂ ਵੀ ਚੋਣਾਂ ਸਮੇਂ ਸਿਰ ਨਹੀਂ ਹੋਈਆਂ। ਇਹ ਵੀ ਦੁੱਖ ਵਾਲੀ ਗੱਲ ਹੈ ਕਿ ਹਰ ਵਾਰ ਅਦਾਲਤੀ ਦਖ਼ਲਅੰਦਾਜ਼ੀ ਮਗਰੋਂ ਹੀ ਚੋਣਾਂ ਦਾ ਕੰਮ ਸਿਰੇ ਚੜ੍ਹਦਾ ਰਿਹਾ ਹੈ। ਸਿੱਖੀ ਦੇ ਪ੍ਰਚਾਰ-ਪਾਸਾਰ ਲਈ, ਗੁਰਦੁਆਰਿਆਂ ਦੀ ਸਹੀ ਸਾਂਭ-ਸੰਭਾਲ, ਸਿੱਖ ਮਸਲਿਆਂ ਨੂੰ ਕੌਮਾਂਤਰੀ ਪੱਧਰ 'ਤੇ ਉਠਾਉਣ ਲਈ ਜ਼ਰੂਰੀ ਹੈ ਕਿ ਸਿਆਸਤ ਦੀ ਬੇਲੋੜੀ ਦਖ਼ਲਅੰਦਾਜ਼ੀ ਖ਼ਤਮ ਕੀਤੇ ਜਾਵੇ। ਸਿੱਖ ਵੋਟਰ ਅਜਿਹੇ ਆਗੂਆਂ ਦੀ ਚੋਣ ਕਰਨ ਜੋ ਸਿੱਖ ਭਾਈਚਾਰੇ ਦੀ ਭਲਾਈ ਲਈ ਕੰਮ ਕਰਨ। ਲੋੜ ਹੈ ਅਜਿਹੇ ਨੁਮਾਇੰਦੇ ਚੁਣਨ ਅਤੇ ਸੁਚੱਜੇ ਪ੍ਰਬੰਧ ਕਰਨ ਦੀ ਜਿਨ੍ਹਾਂ ਨਾਲ ਗੁਰਦੁਆਰਿਆਂ ਦੀਆਂ ਗੋਲਕਾਂ ਦੀ ਸੌੜੇ ਰਾਜਸੀ ਅਤੇ ਨਿੱਜੀ ਹਿਤਾਂ ਲਈ ਦੁਰਵਰਤੋਂ ਨੂੰ ਠੱਲ ਪਾਈ ਜਾ ਸਕੇ। ਸਭਨਾਂ ਧਿਰਾਂ ਨੂੰ ਇਸ ਸਬੰਧੀ ਸਾਂਝੇ ਤੌਰ ਉੱਤੇ ਸੁਹਿਰਦ ਯਤਨ ਕਰਨੇ ਬਣਦੇ ਹਨ।

# ਅਕਾਲੀ ਦਲ ਅਤੇ ਉਸ ਦੇ ਬੌਧਿਕ ਹਮਾਇਤੀਆਂ ਦਾ ਭਵਿੱਖ

**ਜੇ ਅਸੀਂ ਪਿਛਲੇ 3 ਦਹਾਕਿਆਂ ਦੇ ਅਖਬਾਰ ਫੋਲ ਕੇ ਵੇਖੀਏ ਤਾਂ ਸਹਿਜੇ ਹੀ ਇਹ ਗੱਲ ਸਪਸ਼ਟ ਹੋ ਜਾਵੇਗੀ ਕਿ ਸਿੱਖਾਂ ਦਾ ਹਮਾਇਤੀ ਅਖ਼ਬਾਰ ਕਿਵੇਂ ਕਦਮ ਕਦਮ ਤੇ ਸਿੱਖ ਰਵਾਇਤਾਂ ਦਾ ਘਾਣ ਕਰਦਾ ਆ ਰਿਹਾ ਹੈ ਅਤੇ ਕਿਵੇਂ ਇੱਕ ਸੁਚੇਤ ਨੀਤੀ ਦੇ ਤੌਰ ਤੇ ਸਿੱਖਾਂ ਦੀਆਂ ਮਾਣਮੱਤੀਆਂ ਰਵਾਇਤਾਂ ਨੂੰ ਖੋਰਾ ਲਾਉਣ ਦੇ ਯਤਨ ਕਰਦਾ ਆ ਰਿਹਾ ਸੀ। ਸਿੱਖ ਰਹਿਤ ਮਰਯਾਦਾ ਵਿੱਚ ਜਿਨ੍ਹਾਂ ਡੇਰਿਆਂ ਨੂੰ ਗੁਰੂ-ਡੰਮ ਦੇ ਤੌਰ ਤੇ ਭੰਡਿਆ ਗਿਆ ਸੀ ਇਸ ਅਖਬਾਰ ਨੇ ਜਾਣਬੁਝ ਕੇ ਉਨ੍ਹਾਂ ਦੇ ਮੁਖੀਆਂ ਦੇ ਬਰਾਬਰ ਸਤਿਗੁਰੂ' ਵਰਗੇ ਸ਼ਬਦ ਵਰਤ ਕੇ ਨਾ ਕੇਵਲ ਸਿੱਖ ਸੰਗਤਾਂ ਵਿੱਚ ਭੁਲੇਖਾ ਪਾਉਣ ਦਾ ਯਤਨ ਕੀਤਾ ਬਲਕਿ ਰਾਧਾ ਸੁਆਮੀ ਅਤੇ ਨਿਰੰਕਾਰੀ ਗੁਰੂਡੰਮ ਨੂੰ ਸਿੱਖ ਸਮਾਜ ਦਾ ਇੱਕ ਹਿੱਸਾ ਦੱਸ ਕੇ ਸਿੱਖਾਂ ਦੇ ਬਰਾਬਰ ਸ਼ਰੀਕ ਧਿਰ ਵੱਜੋਂ ਉਭਾਰਨ ਅਤੇ ਉਸਾਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਅਤੇ ਅਜਿਹਾ ਅਚੇਤ ਤੌਰ ਉੱਤੇ ਨਹੀਂ ਹੋਇਆ ਬਲਕਿ ਸੁਚੇਤ ਤੌਰ ਤੇ ਕੀਤੇ ਯਤਨ ਹਨ।**

**ਅਵਤਾਰ ਸਿੰਘ**
ਸੀਨੀਅਰ ਪੱਤਰਕਾਰ ਯੂ.ਕੇ.

ਕਹਾਵਤ ਹੈ ਕਿ ਡੁਬਦੀ ਬੇੜੀ ਵਿਚੋਂ ਮੌਕਾਪ੍ਰਸਤ ਮੁਸਾਫ਼ਰ ਹਮਸਫ਼ਰਾਂ ਨਾਲ ਰਲ ਕੇ ਬਚਾਓ ਲਈ ਸਾਂਝੇ ਯਤਨ ਕਰਨ ਦੀ ਥਾਂ



ਛਾਲਾਂ ਮਾਰ ਜਾਂਦੇ ਹਨ। ਇਹ ਬੜਾ ਕੌੜਾ ਸੱਚ ਹੈ ਕਿ ਸੁੱਖ ਵਿੱਚ ਤਾਂ ਸਾਰੇ ਹੀ ਸਾਥ ਰਹਿੰਦੇ ਹਨ ਪਰ ਖੁਦਗਰਜ਼ ਸਹਿਯੋਗੀ ਦੁੱਖ ਦੀ ਘੜੀ ਕਿਤੇ ਨਜ਼ਰ ਹੀ ਨਹੀਂ ਆਉਂਦੇ। ਰਾਜਨੀਤੀ ਵਿੱਚ ਤਾਂ ਖ਼ੈਰ ਮੌਕਾਪ੍ਰਸਤੀ ਅਤੇ ਦਲ ਬਦਲੀ ਅੱਜ ਕਲ੍ਹ ਆਮ ਜਿਹੀ ਗੱਲ ਹੈ। ਪੰਜਾਬ ਵਿਧਾਨ ਸਭਾ ਦੀਆਂ ਹਾਲ ਵਿੱਚ ਹੋਈਆਂ ਚੋਣਾਂ, ਜਿਸਦੇ ਨਤੀਜੇ ਆਉਣ ਵਿੱਚ ਅਜੇ ਲਗਭਗ ਤਿੰਨ ਹਦਾ ਸਮਾਂ ਹੈ, ਨੇ ਸੂਬੇ ਦੀ ਰਾਜਨੀਤੀ ਖ਼ਾਸ ਕਰ ਸੱਤਾਧਾਰੀ ਅਕਾਲੀ ਦਲ (ਬਾਦਲ) ਦੇ ਭਵਿੱਖ ਬਾਰੇ ਫੈਸਲਾਕੁਨ ਭੂਮਿਕਾ ਨਿਭਾਉਣੀ ਹੈ। ਦਿਲਸਚਪ ਗੱਲ ਇਹ ਹੈ ਬਾਦਲ ਪਰਿਵਾਰ ਦੇ ਲੋਟੂ ਰਾਜ ਦੇ ਅਸਿੱਧੇ ਤੌਰ ਤੇ ਪੱਥਪ੍ਰਦਰਸ਼ਕ ਅਤੇ ਭਾਈਵਾਲ ਰਹੇ ਬਹੁਤ ਸਾਰੇ ਅਖੌਤੀ ਸਿੱਖ ਅਤੇ ਪੰਜਾਬ ਹਿਤੈਸ਼ੀਆਂ ਨੇ ਹੁਣ ਅਪਣੇ ਆਪ ਨੂੰ ਦੁੱਧ ਧੋਤਾ ਸਿੱਧ ਕਰਨ ਲਈ ਪੈਂਤੜੇ ਬਦਲਣੇ ਸ਼ੁਰੂ ਕਰ ਦਿੱਤੇ ਹਨ। ਸਭ ਤੋਂ ਅਹਿਮ ਹੈ ਧਾਰਮਿਕ ਅਤੇ ਸਿਆਸੀ ਮਸਲਿਆਂ ਉੱਤੇ ਸੱਤਾਧਾਰੀ ਬਾਦਲਾਂ ਦੇ ਸਲਾਹਕਾਰ ਚਲੇ ਆ ਰਹੇ ਇੱਕ ਉੱਘੇ ਮੀਡੀਆ ਕਰਮੀ ਦਾ।

ਜਲੰਧਰ ਤੋਂ ਛਪਦੇ ਪੰਜਾਬੀ ਦੇ ਇਸ ਸਿੱਖ ਪੱਖੀ ਸਮਝੇ ਜਾਂਦੇ ਪੰਜਾਬੀ ਅਖਬਾਰ ਦੇ 8 ਫਰਵਰੀ ਦੇ ਅੰਕ ਵਿੱਚ ਉਸ ਅਖਬਾਰ ਦੇ ਪ੍ਰਸਿੱਧ ਨੀਤੀਘਾੜੇ ਦਾ ਲੇਖ ਛਪਿਆ ਹੈ। ਵੈਸੇ ਤਾਂ ਉਹ ਲੇਖ ਪੰਜਾਬ ਵਿੱਚ ਹੁਣੇ ਜਿਹੇ ਹੋਈਆਂ ਵਿਧਾਨ ਸਭਾ ਦੀਆਂ ਚੋਣਾਂ ਦੇ ਲੇਖੇ ਜੋਖੇ ਤੇ ਹੀ ਕੇਂਦਰਿਤ ਹੈ ਪਰ ਲੇਖ ਦੇ ਅੰਤ ਵਿੱਚ ਜਾ ਕੇ ਅਖਬਾਰ ਦੇ ਉਸ ਨੀਤੀਘਾੜੇ ਨੇ ਅਕਾਲੀ ਦਲ ਦੀ ਹੋਣ ਜਾ ਰਹੀ ਦੁਰਦਸ਼ਾ ਦਾ ਕੁਝ ਖੁਲਾਸਾ ਕੀਤਾ ਹੈ। ਲੇਖਕ ਦਾ ਆਖਣਾਂ ਹੈ ਕਿ ਪੰਜਾਬ ਵਿੱਚ ਸਰਕਾਰ ਤਾਂ ਹੁਣ ਕਾਂਗਰਸ ਜਾਂ ਆਮ ਆਦਮੀ ਪਾਰਟੀ ਦੀ ਹੀ ਬਣਨੀ ਤੈਅ ਹੈ, ਪਰ ਜਿਸ ਕਿਸਮ ਨਾਲ ਅਕਾਲੀ ਦਲ ਨੇ ਇੱਕ ਵਿਵਾਦਗ੍ਰਸਤ ਡੇਰੇ ਦੀ ਹਮਾਇਤ ਲੈ ਕੇ ਆਪਣੀ ਰਾਜਗੱਦੀ ਬਚਾਉਣ ਦੀ ਕੋਸ਼ਿਸ਼ ਕੀਤੀ ਹੈ ਉਸ ਨਾਲ ਅਕਾਲੀ ਦਲ ਦਾ ਰਵਾਇਤੀ ਸਿੱਖ ਵੋਟਰ ਨਰਾਜ਼ ਹੋ ਗਿਆ ਅਤੇ ਉਸ ਨੇ ਕਿਸੇ ਹੋਰ ਪਾਸੇ ਵੋਟ ਪਾ ਦਿੱਤੀ ਹੈ। ਅਖਬਾਰ ਦੇ ਨੀਤੀਘਾੜੇ ਦਾ ਇਹ ਵੀ ਮੰਨਣਾਂ ਹੈ ਕਿ ਜੇ ਇਸ ਵਾਰ ਮੁੱਖ ਮੰਤਰੀ ਪੰਜਾਬ, ਉਨ੍ਹਾਂ ਦੇ ਫਰਜ਼ੰਦ ਅਤੇ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਚੋਣ ਹਾਰ ਜਾਂਦੇ ਹਨ ਤਾਂ ਇਹ ਉਨ੍ਹਾਂ ਦੀ ਆਖਰੀ ਚੋਣ ਹੋਵੇਗੀ। ਸਪਸ਼ਟ ਹੈ ਕਿ ਲੇਖਕ ਨੇ ਇੱਕ ਤਰ੍ਹਾਂ ਨਾਲ ਅਕਾਲੀ ਦਲ ਦੇ ਸਿਆਸੀ ਅੰਤ ਦਾ ਮਰਸੀਆ ਪੜ੍ਹ ਦਿੱਤਾ ਹੈ ਅਤੇ ਇਹ ਦੁਖ ਜਾਹਰ ਕੀਤਾ ਹੈ ਕਿ ਅਕਾਲੀ ਦਲ ਨੂੰ ਆਪਣਾ ਸਿੱਖ ਅਧਾਰ ਛੱਡ ਕੇ ਕਿਸੇ ਡੇਰੇਦਾਰ ਦੀ ਹਮਾਇਤ ਨਹੀਂ ਸੀ ਲੈਣੀ ਚਾਹੀਦੀ।

ਅਸੀਂ ਸਮਝਦੇ ਹਾਂ ਕਿ ਸਿੱਖ ਪੱਖੀ ਸਮਝੇ ਜਾਂਦੇ ਉਸ ਅਖਬਾਰ ਦੇ ਨੀਤੀਘਾੜੇ ਦਾ ਅਕਾਲੀ ਦਲ ਦੀ ਘੋਰ ਗਲਤੀ ਤੇ ਹੱਥ ਰੱਖਣਾ ਨਾ ਕੇਵਲ ਸਵਾਗਤਯੋਗ ਕਦਮ ਹੈ ਬਲਕਿ ਬਹੁਤ ਦੇਰ ਨਾਲ ਬੋਲਿਆ ਗਿਆ ਸੱਚ ਹੈ ਕਿਉਂਕਿ ਅਸਲ ਵਿੱਚ ਅਕਾਲੀ ਦਲ ਦੀ ਇਹ ਦੁਰਗਤੀ ਜਾਂ ਪੰਥ ਨਾਲੋਂ ਤੋੜ ਵਿਛੋੜੇ ਦੀ ਮੰਜਿਲ ਇੱਕਦਮ ਨਹੀਂ ਆ ਗਈ ਅਤੇ ਨਾ ਹੀ ਇਹ ਸਿਰਫ ਅਕਾਲੀ ਦਲ ਦੀ ਲੀਡਰਸ਼ਿਪ ਦੀ ਗਲਤੀ ਜਾਂ ਅਣਜਾਣਪੁਣੇ ਵਿੱਚ ਆਈ ਹੈ। ਅੱਜ ਜੇ ਅਕਾਲੀ ਦਲ ਆਪਣੇ ਰਵਾਇਤੀ ਅਧਾਰ ਸਿੱਖ ਪੰਥ ਨੂੰ ਵਿਸਾਰ ਕੇ ਸਿੱਖ ਪੰਥ ਦੀ ਨਿਆਰੀ ਹਸਤੀ ਨੂੰ ਚੁਣੌਤੀ ਦੇਣ ਵਾਲੇ ਡੇਰਿਆਂ ਦੀ ਸ਼ਰਨ ਵਿੱਚ ਜਾ ਡਿੱਗਿਆ ਹੈ ਤਾਂ ਉਸ ਵਿੱਚ ਕਸੂਰ ਅਕਾਲੀ ਦਲ ਨਾਲੋਂ ਇਸ ਅਖਬਾਰ ਅਤੇ ਉਸ ਦੇ ਨੀਤੀਘਾੜਿਆਂ ਦਾ ਹੈ ਜੋ ਪਿਛਲੇ 3 ਦਹਾਕਿਆਂ ਤੋਂ ਸਿੱਖਾਂ ਦੇ ਖਾਲਸਾਈ ਜਲਾਲ ਦੇ ਬਰਾਬਰ ਸੁਚੇਤ ਰੂਪ ਵਿੱਚ ਸਿੱਖ ਵਿਰੋਧੀ ਡੇਰਿਆਂ ਦੀ ਨਾ ਕੇਵਲ ਪੁਸ਼ਤਪਨਾਹੀ ਕਰਦੇ ਆ ਰਹੇ ਹਨ ਬਲਕਿ ਇਨ੍ਹਾਂ ਡੇਰਿਆਂ ਨੂੰ ਆਪਣੇ ਕਾਲਮਾਂ ਵਿੱਚ ਪੰਥ ਨਾਲੋਂ ਵੀ ਵੱਧ ਥਾਂ ਮੁਹੱਈਆ ਕਰਵਾ ਕੇ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਦੀਆਂ ਯੋਜਨਾਵਾਂ ਦਾ ਸੁਚੇਤ ਹਿੱਸਾ ਬਣ ਰਹੇ ਹਨ।

ਜੇ ਅਸੀਂ ਪਿਛਲੇ 3 ਦਹਾਕਿਆਂ ਦੇ ਅਖਬਾਰ ਫੋਲ ਕੇ ਵੇਖੀਏ ਤਾਂ ਸਹਿਜੇ ਹੀ ਇਹ ਗੱਲ ਸਪਸ਼ਟ ਹੋ ਜਾਵੇਗੀ ਕਿ ਸਿੱਖਾਂ ਦਾ ਹਮਾਇਤੀ ਅਖਬਾਰ ਕਿਵੇਂ ਕਦਮ ਕਦਮ ਤੇ ਸਿੱਖ ਰਵਾਇਤਾਂ ਦਾ ਘਾਣ ਕਰਦਾ ਆ ਰਿਹਾ ਹੈ ਅਤੇ ਕਿਵੇਂ ਇੱਕ ਸੁਚੇਤ ਨੀਤੀ ਦੇ ਤੌਰ ਤੇ ਸਿੱਖਾਂ ਦੀਆਂ ਮਾਣਮੱਤੀਆਂ ਰਵਾਇਤਾਂ ਨੂੰ ਖੋਰਾ ਲਾਉਣ ਦੇ ਯਤਨ ਕਰਦਾ ਆ ਰਿਹਾ ਸੀ। ਸਿੱਖ ਰਹਿਤ ਮਰਯਾਦਾ ਵਿੱਚ ਜਿਨ੍ਹਾਂ ਡੇਰਿਆਂ ਨੂੰ ਗੁਰੂ-ਡੰਮ ਦੇ ਤੌਰ ਤੇ ਭੰਡਿਆ ਗਿਆ ਸੀ ਇਸ ਅਖਬਾਰ ਨੇ ਜਾਣਬੁਝ ਕੇ ਉਨ੍ਹਾਂ ਦੇ ਮੁਖੀਆਂ ਦੇ ਬਰਾਬਰ ਸਤਿਗੁਰੂ' ਵਰਗੇ ਸ਼ਬਦ ਵਰਤ ਕੇ ਨਾ ਕੇਵਲ ਸਿੱਖ ਸੰਗਤਾਂ ਵਿੱਚ ਭੁਲੇਖਾ ਪਾਉਣ ਦਾ ਯਤਨ ਕੀਤਾ ਬਲਕਿ ਰਾਧਾ ਸੁਆਮੀ ਅਤੇ ਨਿਰੰਕਾਰੀ ਗੁਰੂਡੰਮ ਨੂੰ ਸਿੱਖ ਸਮਾਜ ਦਾ ਇੱਕ ਹਿੱਸਾ ਦੱਸ ਕੇ ਸਿੱਖਾਂ ਦੇ ਬਰਾਬਰ ਸ਼ਰੀਕ ਧਿਰ ਵੱਜੋਂ ਉਭਾਰਨ ਅਤੇ ਉਸਾਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਅਤੇ ਅਜਿਹਾ ਅਚੇਤ ਤੌਰ ਉੱਤੇ ਨਹੀਂ ਹੋਇਆ ਬਲਕਿ ਸੁਚੇਤ ਤੌਰ ਤੇ ਕੀਤੇ ਯਤਨ ਹਨ।

ਅਕਾਲੀ ਦਲ ਨੂੰ ਸਿੱਖ ਪੰਥ ਦਾ ਸਾਥ ਛੱਡ ਕੇ ਸਿੱਖ ਵਿਰੋਧੀ ਡੇਰਿਆਂ ਦੀ ਸ਼ਰਨ ਵਿੱਚ ਲਿਜਾਣ ਲਈ ਜਿੰਮੇਵਾਰ ਵੀ ਅਕਾਲੀ ਦਲ ਦੇ ਅਜਿਹੇ ਬੌਧਿਕ ਹਮਾਇਤੀ ਹੀ ਸਨ ਜਿਨ੍ਹਾਂ ਨੇ ਪਤਾ ਨਹੀਂ ਕਿਸ ਨੀਤੀ ਅਧੀਨ ਲਗਾਤਾਰ ਸਿੱਖਾਂ ਦੇ ਖਿਲਾਫ ਇੱਕ ਲੁਕਵੀਂ ਜੰਗ ਵਿੱਢ ਰੱਖੀ ਹੈ ਅਤੇ ਜੋ ਕਦਮ ਕਦਮ ਤੇ ਖਾਲਸਾਈ ਸ਼ਾਨ ਨੂੰ ਧੁੰਦਲਾ ਕਰਨ ਦੇ ਸੁਚੇਤ ਯਤਨ ਕਰਦੇ ਰਹੇ ਹਨ।

ਜੇ ਪਿਛਲੇ 3 ਦਹਾਕਿਆਂ ਦੇ ਅਖਬਾਰਾਂ ਦੀ ਗੰਭੀਰ ਖੋਜ ਕੀਤੀ ਜਾਵੇ ਤਾਂ ਇਹ ਸਪਸ਼ਟ ਹੋ ਜਾਵੇਗਾ ਕਿ ਉਕਤ ਸਿੱਖ ਪੱਖੀ ਅਖਬਾਰ ਨੇ ਓਨੀ ਥਾਂ ਸਿੱਖ ਧਰਮ ਦੇ ਪਰਚਾਰ ਅਤੇ ਪਸਾਰ ਨੂੰ ਨਹੀਂ ਦਿੱਤੀ ਜਿੰਨੀ ਅਖੌਤੀ ਡੇਰਿਆਂ ਨੂੰ ਮੁਹੱਈਆ ਕਰਵਾਈ ਗਈ। ਧਰਮ ਅਤੇ ਵਿਰਸਾ ਤੋਂ ਲੈ ਕੇ ਸੰਪਾਦਕੀ ਨੀਤੀ ਤੱਕ ਡੇਰਿਆਂ ਦੇ ਹੱਕ ਵਿੱਚ ਅਤੇ ਖਾਲਸਾਈ ਨਿਆਰੇਪਣ ਅਤੇ ਖਾਲਸਾਈ ਸ਼ਾਨ ਦੇ ਖਿਲਾਫ ਭੁਗਤਦੀ ਰਹੀ ਹੈ। ਧਰਮ ਤੇ ਵਿਰਸਾ ਅੰਕ ਵਿੱਚ ਵੀ ਸਿੱਖੀ ਦੀ ਜੋ ਵਿਆਖਿਆ ਪੇਸ਼ ਕੀਤੀ ਜਾਂਦੀ ਹੈ ਉਹ ਫਿਰਕੂ ਹਿੰਦੂ ਬਹੁਗਿਣਤੀ ਦੀਆਂ ਸਿਆਸੀ ਗਿਣਤੀਆਂ ਮਿਣਤੀਆਂ ਦੀ ਪੁਸ਼ਤਪਨਾਹੀ ਲਈ ਹੀ ਕੀਤੀ ਜਾਂਦੀ ਹੈ।

ਅਕਾਲੀ ਦਲ ਵਾਂਗ ਇਸ ਅਖਬਾਰ ਦਾ ਅਧਾਰ ਵੀ ਸਿੱਖ ਪਾਠਕ ਹੀ ਸਨ। ਕੋਈ ਵੀ ਹਿੰਦੂ ਪਾਠਕ ਇਸ ਅਖਬਾਰ ਨੂੰ ਮੁੱਲ ਖਰੀਦ ਕੇ ਨਹੀਂ ਪੜ੍ਹਦਾ ਪਰ ਅਕਾਲੀ ਦਲ ਵਾਂਗ ਇਸ ਅਖਬਾਰ ਨੇ ਵੀ ਹਮੇਸ਼ਾ ਸਿੱਖਾਂ ਨੂੰ ਵਿਸਾਰ ਅਤੇ ਨਕਾਰ ਕੇ ਬਹੁ-ਗਿਣਤੀ ਦੀ ਧਾਰਮਕ ਅਤੇ ਸਿਆਸੀ ਨੀਤੀ ਸਿੱਖਾਂ ਤੇ ਥੋਪਣ ਦੇ ਯਤਨ ਹੀ ਕੀਤੇ ਹਨ। ਸਿੱਖ ਸੰਘਰਸ਼ ਜਾਂ ਖਾਲਸਾਈ ਸਿਆਸਤ ਦੇ ਅਨੋਖੇ ਰੰਗਾਂ ਨੂੰ ਇੱਥੇ ਖਿੜਨ ਹੀ ਨਹੀਂ ਦਿੱਤਾ ਗਿਆ।

ਅਖਬਾਰ ਦਾ ਉਹ ਨੀਤੀਘਾੜਾ ਜੋ ਅੱਜ ਅਕਾਲੀ ਦਲ ਦੇ ਸਿੱਖ ਅਧਾਰ ਦੇ ਟੁੱਟ ਜਾਣ ਤੇ ਹੰਝੂ ਵਹਾ ਰਿਹਾ ਹੈ ਉਹ ਆਪ 30 ਸਾਲ ਤੋਂ ਅਖਬਾਰ ਦੀ ਨੀਤੀ ਨੂੰ ਸੁਚੇਤ ਰੂਪ ਵਿੱਚ ਸਿੱਖਾਂ ਦੇ ਖਿਲਾਫ ਭੁਗਤਾ ਰਿਹਾ ਹੈ। ਕਿਛ ਸੁਣੀਐ ਕਿਛ ਕਹੀਐ' ਵਰਗੀ ਗੁਰਬਾਣੀ ਦੀ ਮਹਾਨ ਤੁਕ ਦਾ ਸਹਾਰਾ ਲੈ ਕੇ ਉਹ ਕਿਸੇ ਦੂੀ ਸੁਣਨ ਦਾ ਆਦੀ ਨਹੀਂ ਹੈ ਬਲਕਿ ਆਪਣੇ ਵਿਚਾਰ ਥੋਪ ਦੇਣ ਦਾ ਆਦੀ ਹੈ। ਗੁਰੂ ਸਾਹਿਬ ਨੇ ਇਸ ਤੁਕ ਰਾਹੀਂ ਸਿਹਤਮੰਦ ਸੰਵਾਦ ਰਚਾਉਣ ਦਾ ਸੱਦਾ ਦਿੱਤਾ ਸੀ ਪਰ ਜਦੋਂ ਵੀ ਕੋਈ ਸੱਜਣ ਖਾਲਸਾਈ ਰੰਗ ਵਿੱਚ ਰੰਗੀ ਹੋਈ ਕੋਈ ਲਿਖਤ ਸਿਹਤਮੰਦ ਸੰਵਾਦ ਰਚਾਉਣ ਦੇ ਮਨਸ਼ੇ ਨਾਲ ਇਸ ਨੀਤੀਘਾੜੇ ਕੋਲ ਲੈ ਕੇ ਜਾਂਦਾ ਹੈ ਤਾਂ ਉਹ ਲਿਖਤ ਇਸਦੀ ਹਉਮੈਂ ਦਾ ਸ਼ਿਕਾਰ ਹੋ ਜਾਂਦੀ ਹੈ। ਅਜਿਹੇ ਨੀਤੀਘਾੜਿਆਂ ਨੇ ਹੀ ਅਕਾਲੀ ਦਲ ਨੂੰ ਸਿੱਖ ਪੰਥ ਤੋਂ ਤੋੜ ਕੇ ਜਮਹੂਰੀਅਤ ਦੇ ਪਰਦੇ ਹੇਠ ਹਿੰਦੂ ਸ਼ਾਵਨਵਾਦ ਦੇ ਪੈਰੋਕਾਰ ਬਣਾ ਕੇ ਧਰ ਦਿੱਤਾ ਹੈ। ਅਜਿਹੇ ਨੀਤੀਘਾੜੇ ਉਸ ਵੇਲੇ ਅਕਾਲੀ ਦਲ ਦੇ ਇੱਕ ਅਯੋਗ ਅਤੇ ਬੇਕਿਰਕ ਆਗੂ ਨੂੰ ਪੰਜਾਬ ਦਾ ਵਾਹਦ ਆਗੂ ਬਣਾ ਕੇ ਪੇਸ਼ ਕਰਦੇ ਰਹੇ ਜਿਸ ਦੀ ਯੋਗਤਾ ਸਿਰਫ ਸਰਕਾਰੀ ਪੈਸੇ ਨਾਲ ਅਯਾਸ਼ੀ ਕਰਨੀ ਅਤੇ ਸਰਕਾਰੀ ਮਸ਼ੀਨਰੀ ਨਾਲ ਆਪਣੇ ਵਿਰੋਧੀਆਂ ਦੀ ਸੰਘੀ ਨੱਪਣੀ ਸੀ। ਜਿਸ ਵੇਲੇ ਅਕਾਲੀ ਦਲ ਨੇ ਸਿੱਖ ਪੰਥ ਦਾ ਪੱਲਾ ਛੱਡਣ ਦਾ ਪਹਿਲਾ ਕਦਮ ਚੁੱਕਿਆ ਸੀ, ਵਿਚਾਰਧਾਰਕ ਅਤੇ ਬੌਧਿਕ ਇਮਾਨਦਾਰੀ ਇਹ ਮੰਗ ਕਰਦੀ ਸੀ ਕਿ ਇੱਕਦਮ ਉਸ ਨੂੰ ਅਜਿਹਾ ਕਰਨ ਤੋਂ ਰੋਕਿਆ ਜਾਂਦਾ। ਹੁਣ ਅਕਾਲੀ ਦਲ ਦੀ ਸਮੁੱਚੀ ਹਾਰ ਤੇ ਹੰਝੂ ਵਹਾ ਰਹੇ ਨੀਤੀਘਾੜਿਆਂ ਨੇ ਬਣਦੇ ਸਮੇਂ ਆਪਣੀ ਜਿੰਮੇਵਾਰੀ ਨਾ ਨਿਭਾਈ। ਸਗੋਂ ਉਹ

ਬਾਕੀ ਸਫ਼ਾ 32 'ਤੇ

20-21 ਫਰਵਰੀ ਨੂੰ ਸਾਕਾ ਨਨਕਾਣਾ ਸਾਹਿਬ 'ਤੇ ਵਿਸ਼ੇਸ਼

# ਅਭੁੱਲ ਦੁੱਖਾਂਤ: ਸਾਕਾ ਨਨਕਾਣਾ ਸਾਹਿਬ

ਇਕਵਾਕ ਸਿੰਘ ਪੱਟੀ





ਜਗਤ ਗੁਰੂ, ਗੁਰੂ ਨਾਨਕ ਸਾਹਿਬ ਜੀ ਦੇ ਪਾਵਣ ਜਨਮ ਅਸਥਾਨ ਗੁਰਦੁਆਰਾ ਨਨਕਾਣਾ ਸਾਹਿਬ ਜੀ ਦੀ ਪਵਿੱਤਰ ਧਰਤੀ ਨੂੰ ਆਜ਼ਾਦ ਕਰਵਾਉਣ ਵੇਲੇ ਵਾਪਰੇ ਦੁਖਾਂਤ ਦੇ ਉਸ ਕਹਿਰ ਭਰੇ ਸਮੇਂ ਨੂੰ ਸਾਕਾ ਨਨਕਾਣਾ ਸਾਹਿਬ ਦੇ ਨਾਮ ਨਾਲ ਹਰ ਸਾਲ ਯਾਦ ਕੀਤਾ ਜਾਂਦਾ ਹੈ। ਗੁਰਦੁਆਰਾ ਸਾਹਿਬ ਨੂੰ ਆਜ਼ਾਦ ਕਰਵਾਉਣ ਦਾ ਮਕਸਦ ਸਿਰਫ਼ ਸਬੰਧਿਤ ਜਗ੍ਹਾ ਨੂੰ ਆਪਣੇ ਕਬਜ਼ੇ ਵਿੱਚ ਲੈਣਾ ਹੀ ਨਹੀਂ ਸੀ ਬਲਕਿ ਉਸ ਪਵਿੱਤਰ ਅਸਥਾਨ ਨੂੰ ਗੁਰੂ ਨਾਨਕ ਦੇ ਸਿਧਾਂਤਾਂ ਨੂੰ ਪ੍ਰਚਾਰਣ ਦੇ ਕੇਂਦਰ ਵੱਜੋਂ ਪੇਸ਼ ਕਰਕੇ ਉੱਥੇ ਗੁਰ ਮਰਿਯਾਦਾ ਲਾਗੂ ਕਰਵਾਉਣਾ ਵੀ ਸੀ। ਕਿਉਂਕਿ ਸਮੇਂ ਦੇ ਮਹੰਤ ਨਰੈਣੂ (ਨਰਾਇਣ ਦਾਸ) ਨੇ ਅਤੇ ਇਸਤੋਂ ਪਹਿਲਾਂ ਦੇ ਰਹਿ ਚੁੱਕੇ ਮਹੰਤ ਸਾਧੂ ਰਾਮ ਅਤੇ ਕਿਸ਼ਨ ਦਾਸ ਨੇ ਨਨਕਾਣਾ ਸਾਹਿਬ ਵਿਖੇ ਮੱਸੇ ਰੰਘੜ ਵਾਲੇ ਸਮੇਂ ਤੋਂ ਵੀ ਬੱਦਤਰ ਹਾਲਾਤ ਉਸ ਸਥਾਨ ਤੇ ਬਣਾ ਛੱਡੇ ਸਨ। ਹੁਣ ਕੇਵਲ ਉੱਥੇ ਨਾਚੀਆਂ ਦਾ ਨਾਚ ਹੀ ਨਹੀਂ ਸੀ ਹੁੰਦਾ ਬਲਕਿ ਹੁਣ ਤਾਂ ਉਸ ਅਸਥਾਨ ਦੇ ਦਰਸ਼ਨ ਕਰਨ ਜਾਣ ਵਾਲੀਆਂ ਬੀਬੀਆਂ/ਔਰਤਾਂ ਦੇ ਇੱਜ਼ਤ ਵੀ ਮਹਿਫੂਸ ਨਹੀਂ ਸੀ ਰਹੀ। ਜਦ ਸੰਨ 1918 ਵਿੱਚ ਇੱਕ ਰਿਟਾਇਰਡ ਸਿੰਧੀ ਅਫ਼ਸਰ ਆਪਣੇ ਪਰਿਵਾਰ ਸਮੇਤ ਗੁਰਦੁਆਰਾ ਨਨਕਾਣਾ ਸਾਹਿਬ ਵਿਖੇ ਨਤਮਸਤਕ ਹੋਣ ਲਈ ਆਇਆ ਤਾਂ ਰਾਤ ਸਮੇਂ ਉਸਦੀ 13 ਵਰ੍ਹਿਆਂ ਦੀ ਮਾਸੂਮ ਬੱਚੀ ਨਾਲ ਮਹੰਤ ਦੇ ਚੇਲੇ ਨੇ ਕੁਕਰਮ (ਬਲਾਤਕਾਰ) ਕੀਤਾ। ਇਸੇ ਹੀ ਸਾਲ ਪੂਰਨਮਾਸੀ ਦੀ ਇੱਕ ਰਾਤ ਨੂੰ ਜਿਲ੍ਹਾ ਲਾਇਲਪੁਰ ਦੇ ਜੜ੍ਹਾਂ ਵਾਲੇ ਇਲਾਕੇ ਦੀਆਂ 6 ਬੀਬੀਆ, ਜੋ ਗੁਰਦੁਆਰਾ ਸਾਹਿਬ ਦਰਸ਼ਨ ਕਰਨ ਹਿੱਤ ਪੁਜੀਆਂ, ਉਹਨਾਂ ਦਾ ਵੀ ਮਹੰਤ ਦੇ ਚੇਲਿਆਂ ਨੇ ਉਹੀ ਹਸ਼ਰ ਕੀਤਾ ਖਾਧੀ। ਅਜਿਹੀਆਂ ਵਾਰਦਾਤਾਂ ਅਕਸਰ ਹੀ ਇੱਥੇ ਹੋਣ ਲੱਗ ਪਈਆਂ ਸਨ। ਇੱਥੋਂ ਤੱਕ ਕਿ ਜੱਦ ਸਿੱਖਾਂ ਨੇ ਮਹੰਤ ਦੀਆਂ ਇਹ ਆਪਹੁਦਰੀਆਂ ਕਰਤੂਤਾਂ ਅਤੇ ਮੰਦਭਾਗੀਆਂ ਘਟਨਾਵਾਂ ਵਿਰੁੱਧ ਰੋਸ ਪ੍ਰਗਟ ਕੀਤਾ ਤਾਂ ਅਗੋਂ ਮਹੰਤ ਨੇ ਐਲਾਨੀਆ ਕਹਿ ਦਿੱਤਾ ਕਿ ਇਹ ਗੁਰਦੁਆਰਾ ਸਾਡੀ ਨਿੱਜੀ ਦੁਕਾਨ ਹੈ, ਤੁਸੀਂ ਆਪਣੀਆਂ ਇਸਤਰੀਆਂ ਨੂੰ ਨਾ ਭੇਜਿਆ ਕਰੋ।

ਤਦ ਨਨਕਾਣਾ ਸਾਹਿਬ ਦੇ ਪਵਿੱਤਰ ਸਥਾਨ ਤੇ ਐਸੇ ਕੁਕਰਮਾਂ ਨੂੰ ਬੰਦ ਕਰਵਾਉਣ ਅਤੇ ਗੁਰ ਮਰਿਯਾਦਾ ਲਾਗੂ ਕਰਵਾਉਣ ਹਿੱਤ 26 ਜਨਵਰੀ 1921 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਵਿੱਚ ਇਸ ਬਾਬਤ ਇੱਕ ਵਿਸ਼ੇਸ਼ ਗੁਰਮਤਾ ਪਾਸ ਕਰਕੇ ਮਿਤੀ 4, 5, 6 ਮਾਰਚ 1921 ਨੂੰ ਸ੍ਰੀ ਨਨਕਾਣਾ ਸਾਹਿਬ ਵਿਖੇ ਸਿੱਖ ਕੌਮ ਦਾ ਇੱਕ ਭਾਰੀ ਇਕੱਠ ਸਦਣ ਬਾਰੇ ਵਿਚਾਰ ਚਰਚਾ ਕੀਤੀ ਗਈ ਤਾਂ ਕਿ ਉਸ ਸਮੇਂ ਸਮੁੱਚੇ ਪੰਥਕ ਰੂਪ ਵਿੱਚ ਮਿਲ ਬੈਠ ਕੇ ਗੁਰਦੁਆਰਿਆਂ ਦੇ ਪ੍ਰਬੰਧ ਬਾਰੇ, ਮਹੰਤ ਨਰਾਇਣ ਦਾਸ ਬਾਰੇ ਵਿਚਾਰ ਕੀਤਾ ਜਾ ਸਕੇ ਅਤੇ ਮਹੰਤ ਨੂੰ ਸੁਧਰਨ ਲਈ ਕਿਹਾ ਜਾਵੇ ਕਿਉਂ ਜੁ ਇਸਨੇ ਪ੍ਰਬੰਧ ਸੰਭਾਲਣ ਵੇਲੇ ਇਹ ਗੱਲ ਮੰਨੀ ਸੀ ਕਿ ਪਹਿਲੇ ਮਹੰਤਾਂ ਦੀ ਤਰ੍ਹਾਂ ਕਿਸੇ ਵੀ ਤਰ੍ਹਾਂ ਦੀ ਕੋਈ ਸ਼ਿਕਾਇਤਿ ਨਹੀਂ ਆਵੇਗੀ।

ਹੋਣ ਵਾਲੇ ਇਸ ਪੰਥਕ ਇਕੱਠ ਦੀ ਸੂਹ ਮਹੰਤ ਨਰੈਣੂ ਨੂੰ ਲੱਗ ਗਈ ਤਾਂ ਉਸਨੇ ਵਿਉਂਤ ਘੜ ਲਈ ਕਿ ਉਸ ਸਮੇਂ ਸਿੱਖਾਂ ਦੇ ਉਸ ਭਾਰੀ ਇਕੱਠ ਉੱਤੇ ਹਮਲਾ ਕਰਕੇ ਸਭ ਗੁਰਮਤ ਸੁਧਾਰਕਾਂ ਨੂੰ ਖਤਮ ਕਰ ਦੇਣਾ ਹੈ। ਇਸ ਲਈ ਉਸਨੇ ਵੱਡੀ ਗਿਣਤੀ ਵਿੱਚ ਗੁਰਦੁਆਰਾ ਸਾਹਿਬ ਦੀ ਹਦੂਦ ਦੇ ਅੰਦਰ ਗੋਲੀ, ਸਿੱਕਾ, ਟਕੂਏ, ਪਿਸਤੌਲਾਂ, ਬੰਦੂਕ, ਮਿੱਟੀ ਦੇ ਤੇਲ ਦੇ ਪੀਪਿਆਂ ਅਤੇ ਲੱਕੜਾਂ ਦਾ ਜ਼ਖੀਰਾ ਇਕੱਠਾ ਕਰ ਲਿਆ ਤਾਂ ਕਿ ਉੱਠ ਰਹੀ ਗੁਰਦੁਆਰਾ ਸੁਧਾਰ ਲਹਿਰ ਦੇ ਮੁਖੀਆਂ ਸਮੇਤ ਹਾਜ਼ਰ ਸਾਰੇ ਸਿੱਖਾਂ ਦਾ ਖੁਰਾ ਖੋਜ ਉਸ ਦਿਨ ਹੋਣ ਵਾਲੀ ਇੱਤਰਤਾ ਮੌਕੇ ਮਿਟਾਇਆ ਜਾ ਸਕੇ। ਮਹੰਤ ਨਰੈਣੂ ਦੇ ਇਸ ਕਾਰੇ ਦੀ ਸੂਹ ਗੁਰਸਿੱਖਾਂ ਕੋਲ ਪੁੱਜੀ ਤਾਂ ਉਹਨਾਂ ਨੇ 17 ਫਰਵਰੀ 1921 ਨੂੰ ਇੱਕ ਵਿਸ਼ੇਟਸ਼ ਮੀਟਿੰਗ ਸੱਦ ਕੇ ਇਹ ਮਤਾ ਪਕਾ ਦਿੱਤਾ ਗਿਆ ਕਿ 19 ਫਰਵਰੀ ਨੂੰ ਭਾਈ ਲਛਮਣ ਸਿੰਘ ਅਤੇ ਭਾਈ ਕਰਤਾਰ ਸਿੰਘ ਝੱਬਰ ਸ੍ਰੀ ਨਨਕਾਣਾ ਸਾਹਿਬ ਦੀ ਆਜ਼ਾਦੀ ਲਈ ਚਾਲੇ ਪਾ ਦੇਣਗੇ। ਕਿਉਂਕਿ ਉਸ ਮਹੰਤ ਦੇ ਵਿਰੁੱਧ ਅਤੇ ਗੁਰਦੁਆਰਾ ਸਾਹਿਬ ਨੂੰ ਆਜ਼ਾਦ ਕਰਵਾਉਣ ਲਈ ਸਿੱਖ ਸੰਗਤਾਂ ਦੇ ਮਨਾਂ ਵਿੱਚ ਪਹਿਲਾਂ ਹੀ ਜੋਸ਼ ਠਾਠਾਂ ਮਾਰ ਰਿਹਾ ਸੀ ਤੇ ਮਹੰਤ ਦੀ ਸਿੱਖਾਂ ਉੱਪਰ ਹਮਲਾ ਕਰਨ ਦੀ ਬਦਨੀਤੀ ਨੇ ਸਿੱਖਾਂ ਵਿੱਚਲੇ ਰੋਹ ਨੂੰ ਭਾਂਬੜ ਦਾ ਰੂਪ ਦੇ ਦਿੱਤਾ।

ਮਿਥੀ ਮਿਤੀ ਤੇ ਅਰਦਾਸਾ ਸੋਧ ਕੇ ਗੁਰੂ ਦੇ ਲਾਡਲੇ ਸਿੰਘਾਂ ਨੇ ਗੁਰਧਾਮ ਆਜ਼ਾਦ ਕਰਵਾਉਣ ਲਈ ਗੁਰੂ ਦੀ ਸਿੱਖਿਆ ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥' ਅਤੇ ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥' ਦੇ ਮਾਹਾਂਵਾਕਾਂ ਨੂੰ ਮੰਨਦਿਆਂ ਗੁਰਧਾਮਾਂ ਦੀ ਆਜ਼ਾਦੀ ਲਈ ਅਤੇ ਗੁਰੂ ਅਸਥਾਨ ਦੀ ਬੇਅਦਬੀ ਰੋਕਣ ਲਈ ਸ੍ਰੀ ਨਨਕਾਣਾ ਸਾਹਿਬ ਨੂੰ ਚਾਲੇ ਪਾ ਦਿੱਤੇ। ਰਸਤੇ ਵਿੱਚ ਪੰਥਕ ਲੀਡਰਾਂ ਦੇ ਕਹੇ ਤੇ ਉਹਨਾਂ ਨੂੰ ਰਸਤੇ ਵਿੱਚ ਹੀ ਰੋਕਣ ਲਈ ਉਪਰਾਲਾ ਕੀਤਾ ਗਿਆ ਤਾਂ ਕਿ ਮਾਹੌਲ ਨਾ ਵਿਗੜੇ ਪਰ ਸਿੱਖਾਂ ਨੇ ਇੱਕੋ ਗੱਲ ਕਹੀ ਕਿ "ਅਸੀਂ ਵਾਹਿਗੁਰੂ ਅੱਗੇ ਅਰਦਾਸ ਕਰਕੇ ਤੁਰੇ ਹਾਂ, ਅਕਾਲ ਪੁਰਖ ਆਪ ਸਹਾਈ ਹੋਵੇਗਾ ਅਤੇ ਸਾਡੀ ਜਿੱਤ ਨਿਸਚਿਤ ਹੈ। ਅਸੀਂ ਅੱਗੇ ਹੋ ਕੇ ਮਰ ਜਾਵਾਂਗੇ ਪਰ ਹੁਣ ਪਿੱਛੇ ਨਹੀਂ ਹਟਾਂਗੇ। ਜਾਂ ਨਾਨਕ ਦਾ ਨਨਕਾਣਾ ਆਜ਼ਾਦ ਕਰਵਾਵਾਂਗੇ ਜਾਂ ਫਿਰ ਸ਼ਹੀਦ ਹੋਵਾਂਗੇ।" ਇਸ ਤਰ੍ਹਾਂ ਭਾਈ ਲਛਮਣ ਸਿੰਘ ਜੀ ਦਾ ਜਥਾ ਸ਼ਬਦ ਪੜ੍ਹਦਾ ਹੋਇਆ ਨਨਕਾਣਾ ਸਾਹਿਬ ਅੰਦਰ ਦਾਖਲ ਹੋਇਆ। ਮਹੰਤ ਨੇ ਬਾਹਰਲੇ ਗੇਟ ਬੰਦ ਕਰਵਾ ਦਿੱਤੇ ਅਤੇ ਸ਼ਾਂਤਮਈ ਸਿੰਘਾਂ ਉੱਤੇ ਮੀਂਹ ਦੀ ਤਰ੍ਹਾਂ ਗੋਲੀਆਂ ਦੀ ਬੁਛਾੜ ਕਰ ਦਿੱਤੀ। ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠੇ ਭਾਈ ਲਛਮਣ ਸਿੰਘ ਜੀ ਨੂੰ ਗੋਲੀਆਂ ਨਾਲ ਅਧਮੋਇਆ ਕਰਨ ਤੋਂ ਬਾਅਦ ਜੰਡ ਨਾਲ ਪੁੱਠਾ ਲਮਕਾ ਕੇ ਅੱਗ ਲਗਾ ਕੇ ਸ਼ਹੀਦ ਕਰ ਦਿੱਤਾ ਗਿਆ। ਪਾਵਣ ਸਰੂਪ ਵਿੱਚ ਵੀ ਕਈ ਗੋਲੀਆਂ ਲੰਘੀਆਂ। ਇਹ ਸੀ ਜੁਲਮ ਦੀ ਇੰਤਹਾ ਸੀ। ਇਸੇ ਤਰ੍ਹਾਂ ਭਾਈ ਦਲੀਪ ਸਿੰਘ ਜੀ ਜਦ ਗੁਰਦੁਆਰਾ ਅੰਦਰ ਦਾਖਲ ਹੋਏ ਤਾਂ ਉਹਨਾਂ ਨੂੰ ਵੀ ਬਲਦੀ ਭੱਠੀ ਵਿੱਚ ਸੁੱਟ ਕੇ ਸ਼ਹੀਦ ਕਰ ਦਿੱਤਾ ਗਿਆ। ਸ਼ਹੀਦ ਸਿੰਘਾਂ ਨੂੰ ਮਿੱਟੀ ਦਾ ਤੇਲ ਪਾ ਕੇ ਸਾੜਿਆ ਗਿਆ। ਕਿਹਾ ਜਾਂਦਾ ਹੈ ਕਿ ਦੋ ਸਾਲ ਦਾ ਇੱਕ ਸਿੱਖ ਬੱਚਾ, ਜੋ ਕਿ ਇੱਕ ਅਲਮਾਰੀ ਵਿੱਚ ਬੰਦ ਸੀ, ਨੂੰ ਵੀ ਬਾਹਰ ਕੱਢ ਕੇ ਬਲਦੀ ਅੱਗ ਦੇ ਉੱਪਰ ਸੁੱਟ ਕੇ ਸ਼ਹੀਦ ਕੀਤਾ ਗਿਆ ਜੋ ਜਰਗ (ਲੁਧਿਆਣਾ) ਨਿਵਾਸੀ ਸ਼ਹੀਦ ਕੇਹਰ ਸਿੰਘ ਦਾ ਪੁੱਤਰ ਸੀ ਅਤੇ ਆਪਣੇ ਪਿਤਾ ਨਾਲ ਇਸ ਸ਼ਹੀਦੀ ਜੱਥੇ ਵਿੱਚ ਸ਼ਾਮਿਲ ਸੀ।

ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦੇ ਇਸ ਸਾਕੇ ਦੀ ਇਹ ਖਬਰ ਜੰਗਲ ਦੀ ਅੱਗ ਵਾਂਗ ਫੈਲ ਗਈ ਅਤੇ ਸਿੱਖਾਂ ਦੀ ਵੱਡੀ ਗਿਣਤੀ ਗੁਰਦੁਆਰਾ ਸਾਹਿਬ ਵਿਖੇ ਇਕੱਠੀ ਹੋਣੀ ਸ਼ੁਰੂ ਹੋ ਗਈ। ਇਸ ਤਰ੍ਹਾਂ 23 ਫਰਵਰੀ ਨੂੰ ਸ਼ਹੀਦ ਸਿੰਘਾਂ ਦਾ ਸਸਕਾਰ ਕੀਤਾ ਗਿਆ ਅਤੇ ਅੰਗਰੇਜ ਸਰਕਾਰ ਨੇ ਸਿੱਖਾਂ ਦੇ ਰੋਹ ਅੱਗੇ ਝੁਕਦਿਆਂ ਗੁਰਦੁਆਰਾ ਸਾਹਿਬ ਦੀਆਂ ਚਾਬੀਆਂ ਸਿੱਖਾਂ ਨੂੰ ਸੌਂਪੀਆਂ ਅਤੇ ਅੰਗਰੇਜ ਸਰਕਾਰ ਵੱਲੋਂ ਮੌਕੇ ਤੇ ਫਰਾਰ ਹੋਏ ਮਹੰਤ ਨੂੰ ਵੀ ਸਖਤ ਸਜ਼ਾ ਦਿੱਤੀ ਗਈ। ਇਸ ਤਰ੍ਹਾਂ ਸ਼ਹਾਦਤਾਂ ਤੋਂ ਬਾਅਦ ਗੁਰਧਾਮਾ ਨੂੰ ਆਜ਼ਾਦ ਕਰਵਾ ਕੇ ਉੱਥੇ ਗੁਰਮਰਿਯਾਦਾ ਬਹਾਲ ਕੀਤੀ ਗਈ।

ਉਪਰੋਕਤ ਅਭੁੱਲ ਸਾਕੇ ਨੂੰ ਰੋਜ਼ਾਨਾ ਅਰਦਾਸ ਕਰਨ ਵੇਲੇ ਯਾਦ ਕੀਤਾ ਜਾਂਦਾ ਹੈ, '...ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ. ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਈ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ।

# ਆਵਾਸੀਆਂ ਦੇ ਬਿਨਾਂ ਕੁਝ ਵੀ ਨਹੀਂ ਹੈ ਸਿਲੀਕੱਾਨ ਵੈਲੀ




**ਅਮਰੀਕਾ ਵਿਚ ਦਹਾਕਿਆਂ ਮਗਰੋਂ ਰਾਸ਼ਟਰਪਤੀ ਦੇ ਕਿਸੇ ਫ਼ੈਸਲੇ ਦਾ ਸਿਲੀਕੱਾਨ ਵੈਲੀ ਨੇ ਏਨਾ ਜ਼ਿਆਦਾ ਵਿਰੋਧ ਕੀਤਾ ਹੈ। ਰਾਸ਼ਟਰਪਤੀ ਡੋਨਲਡ ਟਰੰਪ ਸਾਰੇ ਪਰਵਾਸੀਆਂ ਨੂੰ ਇਕ ਬਰਾਬਰ ਮੰਨ ਰਹੇ ਹਨ। ਸਿਲੀਕੱਾਨ ਵੈਲੀ ਵਿਚ ਆਈ.ਟੀ. ਦੇ ਮਾਹਰਾਂ ਨੂੰ ਖ਼ਦਸ਼ਾ ਹੈ ਕਿ ਅਗਲੇ ਦਿਨਾਂ ਵਿਚ ਕੁਝ ਹੋਰ ਗ਼ਲਤ ਹੋਣ ਵਾਲਾ ਹੈ। ਜੇਕਰ ਸਿਲੀਕੱਾਨ ਵੈਲੀ ਤੋਂ ਆਵਾਸੀਆਂ ਨੂੰ ਹਟਣ ਲਈ ਮਜਬੂਰ ਕੀਤਾ ਗਿਆ, ਤਾਂ ਸਿਲੀਕੱਾਨ ਵੈਲੀ ਆਪਣੀ ਉਹ ਪਛਾਣ ਗਵਾ ਦਏਗੀ, ਜਿਸ ਲਈ ਉਸ ਨੂੰ ਦੁਨੀਆ ਭਰ ਵਿਚ ਮੰਨਿਆ ਜਾਂਦਾ ਹੈ। ਅਮਰੀਕਾ ਦਾ ਆਈ.ਟੀ. ਬਿਜ਼ਨਸ ਵੀ ਬਰਬਾਦ ਹੋ ਜਾਵੇਗਾ।**

ਫਰਹਾਦ ਮੰਜੂ ਅਤੇ ਡੈਵਿਡ ਸਟ੍ਰੇਟਫੇਲਡ

ਇੰਟੈਲ ਅਤੇ ਐਪਲ ਉਨ੍ਹਾਂ ਚੋਣਵੀਆਂ ਕੰਪਨੀਆਂ ਵਿਚ ਸ਼ਾਮਲ ਹੈ, ਜਿਨ੍ਹਾਂ ਨੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ 'ਮੁਸਲਿਮ ਦੇਸ਼ਾਂ ਦੇ ਸ਼ਰਨਾਰਥੀਆਂ 'ਤੇ ਪਾਬੰਦੀ' ਵਾਲੇ ਫ਼ੈਸਲੇ 'ਤੇ ਖੁੱਲ੍ਹ ਕੇ ਕੁਝ ਨਹੀਂ ਕਿਹਾ ਹੈ, ਜਿਨ੍ਹਾਂ ਨੇ ਇਸ ਫ਼ੈਸਲੇ ਦਾ ਕਾਨੂੰਨਨ ਵਿਰੋਧ ਕੀਤਾ ਹੈ। ਸਿਲੀਕੱਾਨ ਵੈਲੀ ਦੀਆਂ ਟੈੱਕ ਕੰਪਨੀਆਂ ਦੁਨੀਆ ਭਰ ਨਾਲ ਜੁੜੀਆਂ ਹੋਈਆਂ ਹਨ। ਉਥੇ ਕੰਮ ਕਰਨ ਵਾਲੇ ਲੱਖਾਂ ਲੋਕ ਵੱਖ ਵੱਖ ਦੇਸ਼ਾਂ ਦੇ ਨਾਗਰਿਕ ਹਨ। ਉਨ੍ਹਾਂ ਵਿਚ ਖ਼ੁਦ ਦੇ ਭਵਿੱਖ ਨੂੰ ਲੈ ਕੇ ਕਈ ਤਰ੍ਹਾਂ ਦੇ ਖ਼ਦਸ਼ੇ ਹਨ। ਹਾਲਾਂਕਿ, ਇਹ ਸਪਸ਼ਟ ਹੈ ਕਿ ਜੇਕਰ ਸਾਰੇ ਆਵਾਸੀਆਂ 'ਤੇ ਸਖ਼ਤੀ ਕੀਤੀ ਜਾਂਦੀ ਹੈ ਤਾਂ ਸਿਲੀਕੱਾਨ ਵੈਲੀ ਹੀ ਨਹੀਂ, ਪੂਰੇ ਅਮਰੀਕਾ ਦਾ ਕਾਰੋਬਾਰੀ ਸੰਤੁਲਨ ਵਿਗੜ ਜਾਵੇਗਾ।

ਸਿਲੀਕੱਾਨ ਵੈਲੀ ਦੀਆਂ ਜਿਨ੍ਹਾਂ ਕੰਪਨੀਆਂ ਨੇ ਟਰੰਪ ਦੇ ਫ਼ੈਸਲੇ ਦਾ 'ਮੌਨ ਸਮਰਥਨ' ਕੀਤਾ ਹੈ, ਉਸ ਦਾ ਕਾਰਨ ਸਿਰਫ਼ ਤੇ ਸਿਰਫ਼ ਉਹ ਕਾਰਪੋਰੇਟ ਟੈਕਸ ਤੇ ਰੇਗੂਲੇਸ਼ਨਜ਼ ਹਨ, ਜਿਸ ਨੂੰ ਘੱਟ ਕਰਨ ਦਾ ਐਲਾਨ ਟਰੰਪ ਨੇ ਕੀਤਾ ਹੈ। ਅਮਰੀਕਾ ਵੀ ਉਨ੍ਹਾਂ ਮੁਲਕਾਂ ਤੋਂ ਵੱਖਰਾ ਨਹੀਂ ਹੈ, ਜਿੱਥੇ ਆਪਣਾ ਕਾਰੋਬਾਰ ਚਲਾਉਣ ਲਈ ਸਰਕਾਰ ਨਾਲ ਸੰਤੁਲਨ ਬਣਾ ਕੇ ਚੱਲਣਾ ਪੈਂਦਾ ਹੈ। ਸ਼ਾਇਦ ਇਸੇ ਕਾਰਨ ਇੰਟੈਲ ਦੇ ਚੀਫ਼ ਐਗਜ਼ੀਕਿਊਟਿਵ ਬ੍ਰਾਈਨ ਕਜਾਨਿਕ ਨੂੰ ਐਰੀਜੋਨਾ ਵਿਚ ਨਵੀਂ ਫੈਕਟਰੀ ਦਾ ਐਲਾਨ ਕਰਨ ਲਈ ਵ੍ਹਾਈਟ ਹਾਊਸ ਆਉਣਾ ਪਿਆ।

ਟਰੰਪ ਦੇ ਨਾਲ ਮੁਲਾਕਾਤ ਮਗਰੋਂ ਕਜਾਨਿਕ ਨੇ ਕਿਹਾ ਕਿ ਉਹ 475 ਅਰਬ ਰੁਪਏ ਫੈਕਟਰੀ ਵਿਚ ਲਾਉਣਗੇ, ਜਿਸ ਨਾਲ 3000 ਲੋਕਾਂ ਨੂੰ ਰੁਜ਼ਗਾਰ ਮਿਲੇਗਾ। ਕਜਾਨਿਕ ਉਨ੍ਹਾਂ ਲੋਕਾਂ ਵਿਚ ਸ਼ਾਮਲ ਹੈ, ਜਿਨ੍ਹਾਂ ਨੇ ਟਰੰਪ ਦੇ ਚੋਣ ਪ੍ਰਚਾਰ ਲਈ ਚੰਦਾ ਦੇਣ ਦੇ ਐਲਾਨ ਮਗਰੋਂ ਇਨਕਾਰ ਕਰ ਦਿੱਤਾ ਸੀ। ਟਰੰਪ ਦੇ ਫ਼ੈਸਲੇ ਮਗਰੋਂ ਕਜਾਨਿਕ ਨੇ ਟਵੀਟ ਵਿਚ ਕਿਹਾ ਕਿ ਇਕ ਸ਼ਰਨਾਰਥੀ ਅਤੇ ਕੰਪਨੀ ਦਾ ਸਹਿ-ਸੰਸਥਾਪਕ ਹੋਣ ਦੇ ਨਾਤੇ ਮੈਂ ਕਾਨੂੰਨੀ ਮਾਨਤਾ ਵਾਲੀ ਅਪਰਵਾਸਨ ਨੀਤੀ ਦਾ ਸਮਰਥਨ ਕਰਦਾ ਹਾਂ। ਇੰਟੈਲ ਦੇ ਸ਼ੁਰੂਆਤੀ ਦੌਰ ਦੇ ਤੀਸਰੇ ਕਰਮਚਾਰੀ ਅਤੇ ਲੰਬੇ ਸਮੇਂ ਤਕ ਐਗਜ਼ੀਕਿਊਟਿਵ ਰਹੇ ਐਂਡਰੀਊ ਐਸ. ਗਰੂਵ ਸਾਲ 1956 ਵਿਚ ਸੋਵੀਅਤ ਹਮਲੇ ਮਗਰੋਂ ਹੰਗਰੀ ਤੋਂ ਅਮਰੀਕਾ ਆ ਗਏ ਸਨ। ਉਸ ਤੋਂ ਬਾਅਦ ਤੋਂ ਹੀ ਉਨ੍ਹਾਂ ਨੇ ਅਮਰੀਕਾ ਵਿਚ ਰਹਿ ਕੇ ਖ਼ੁਦ ਨੂੰ ਸਥਾਪਤ ਕੀਤਾ।

ਸਿਲੀਕੱਾਨ ਵੈਲੀ ਵਿਚ ਕੰਮ ਕਰਨ ਵਾਲੇ ਇੰਜਨੀਅਰ, ਮਾਹਰ, ਤਕਨੀਸ਼ੀਅਨ ਅਤੇ ਹੋਰ ਲੋਕ ਬਹੁਤ ਪੜ੍ਹੇ-ਲਿਖੇ ਹਨ, ਖ਼ੁਸ਼ਹਾਲ ਹਨ ਤੇ ਸਮੂਹ ਵਿਚ ਉਹ ਇਕ-ਦੂਜੇ ਨਾਲ ਜੁੜੇ ਹੋਏ ਹਨ। ਡੋਨਲਡ ਟਰੰਪ ਦੀਆਂ ਨੀਤੀਆਂ ਨੂੰ ਦੇਖੋ, ਤਾਂ ਸਿਲੀਕੱਾਨ ਵੈਲੀ ਵਿਚ ਕੰਮ ਕਰਨ ਵਾਲੇ ਲੋਕ ਹੀ ਉਨ੍ਹਾਂ ਦੇ ਨਿਸ਼ਾਨੇ 'ਤੇ ਨਹੀਂ ਹਨ। ਅਜਿਹੇ ਕਈ ਲੋਕ, ਜਿਨ੍ਹਾਂ ਨੇ ਵੱਡੀਆਂ ਟੈਕਨੀਕਲ ਕੰਪਨੀਆਂ ਨੂੰ ਆਬਾਦ ਕੀਤਾ ਹੈ, ਉਹ ਵੀ ਖ਼ੁਸ਼ ਹੋ ਸਕਦੇ ਹਨ ਜੇਕਰ ਅਫੋਰਡੇਬਲ ਕੇਅਰ ਐਕਟ (ਓਬਾਮਾ ਕੇਅਰ ਦਾ ਨਵਾਂ ਨਾਂ) ਲਈ ਉਨ੍ਹਾਂ ਨੂੰ ਪਾਬੰਦ ਨਾ ਕੀਤਾ ਜਾਵੇ ਤਾਂ। ਇਨ੍ਹਾਂ ਵਿਚ ਜ਼ਿਆਦਾਤਰ ਅਜਿਹੇ ਲੋਕ ਵੀ ਹਨ, ਜੋ ਮੈਕਸੀਕੋ ਸਰਹੱਦ 'ਤੇ ਪ੍ਰਸਤਾਵਤ ਦੀਵਾਰ ਲਈ ਸਹਿਮਤ ਨਹੀਂ ਹਨ। ਟੈਕਨੀਕਲ ਕੰਪਨੀਆਂ ਵਿਚ ਕੰਮ ਕਰਨ ਵਾਲੇ ਸਾਰੇ ਲੋਕ ਟਰੰਪ ਦੇ ਕਾਰਜਕਾਲ ਦਾ ਲਾਹਾ ਵੀ ਲੈ ਸਕਦੇ ਹਨ। ਉਹ ਬੱਚਿਆਂ ਦੀ ਦੇਖ ਭਾਲ ਲਈ ਟੈਕਸ ਵਿਚ ਛੋਟ ਲੈ ਸਕਦੇ ਹਨ, ਉਨ੍ਹਾਂ ਦੀਆਂ ਕੰਪਨੀਆਂ ਮੁਨਾਫ਼ੇ ਵਜੋਂ ਉਨ੍ਹਾਂ ਨੂੰ ਘਰ ਭੇਜਣ ਦੀ ਸੁਵਿਧਾ ਵਜੋਂ ਦੇ ਸਕਦੀ ਹੈ। ਇਸ ਤੋਂ ਇਲਾਵਾ ਟੈਕਸ ਵਿਚ ਮਿਲਣ

ਬਾਕੀ ਸਫ਼ਾ 32 'ਤੇ

# ਸੰਸਦ ਤੋਂ ਸ਼ੁਰੂ ਹੋਵੇ ਡਿਜੀਟਲ ਇੰਡੀਆ ਦੀ ਮੁਹਿੰਮ

**ਡਿਜੀਟਲ ਸੰਸਦੀ ਸਿਸਟਮ ਗਿਰਾਵਟ ਵੱਲ ਜਾ ਰਹੀ ਸੰਸਦੀ ਕਾਰਗੁਜ਼ਾਰੀ ਨੂੰ ਉਲਟਾਅ ਦੇਣ ਦੇ ਸਮਰੱਥ ਹੋਵੇਗਾ। ਸੰਸਦ ਚੰਗੇਰਾ ਸੋਚਣ ਵਿਚਾਰਨ ਵਾਲੇ ਬੁਧੀਜੀਵੀ ਪ੍ਰਤੀਨਿਧਾਂ ਦਾ ਸਥਾਨ ਬਣ ਜਾਵੇਗੀ। ਉਨਾਂ ਨੂੰ ਆਪਣੇ ਉੱਪਰ ਬੋਝ ਸਮਝਣ ਦੀ ਬਜਾਇ ਦੇਸ਼ ਉਨਾਂ 'ਤੇ ਮਾਣ ਕਰ ਸਕੇਗਾ। ਸੰਸਦ ਦੀ ਕਾਰਵਾਈ ਡਿਜੀਟਲ ਨੈਟਵਰਕਿੰਗ ਨਾਲ ਚਲਾ ਕੇ ਸਾਡਾ ਦੇਸ਼ ਡਿਜੀਟਲ ਇੰਡੀਆ ਨਾਂ ਦੇ ਵਿਆਪਕ ਤਕਨੀਕੀ ਪਾਸਾਰ ਦਾ ਅਤੇ ਸੰਸਾਰ ਦੇ ਸਭ ਤੋਂ ਵੱਡੇ ਸੰਸਦੀ ਸੁਧਾਰ ਦਾ ਮੋਢੀ ਅਖਵਾ ਸਕਦਾ ਹੈ।**




**ਇੰਜ. ਜਸਵੰਤ ਸਿੰਘ ਜ਼ਫ਼ਰ**
(ਮੋਬਾਈਲ : 96461-18209)

ਸਾਡੇ ਦੇਸ਼ ਅੰਦਰ ਚੋਣਾਂ ਉੱਪਰ ਬਹੁਤ ਜ਼ਿਆਦਾ ਸਿੱਧਾ ਅਤੇ ਅਸਿੱਧਾ ਗ਼ੈਰ-ਉਤਪਾਦਨੀ ਖ਼ਰਚਾ ਹੁੰਦਾ ਹੈ। ਪੰਚਾਇਤੀ ਪੱਧਰ ਤੋਂ ਲੈ ਕੇ ਸੰਸਦੀ ਪੱਧਰ ਤਕ ਦੀ ਸਾਲ ਵਿੱਚ ਔਸਤਨ ਇੱਕ ਚੋਣ ਤਾਂ ਆ ਹੀ ਜਾਂਦੀ ਹੈ। ਸਮੁੱਚੇ ਰਾਸ਼ਟਰ ਦੀ ਦ੍ਰਿਸ਼ਟੀ ਤੋਂ ਸਭ ਤੋਂ ਅਹਿਮ ਚੋਣ ਲੋਕ ਸਭਾ ਦੀ ਹੈ। ਸਭ ਤੋਂ ਵੱਧ ਖ਼ਰਚ ਵੀ ਇਸ ਚੋਣ 'ਤੇ ਆਉਂਦਾ ਹੈ। ਸੰਸਦ ਮੈਂਬਰਾਂ ਨੂੰ ਮਿਲਣ ਵਾਲੀਆਂ ਅਨੇਕਾਂ ਸਹੂਲਤਾਂ, ਲਾਮ ਲਸ਼ਕਰ ਅਤੇ ਸ਼ਾਨ-ਸ਼ੌਕਤ ਅਪਰਾਧੀਆਂ, ਬਾਹੂਬਲੀਆਂ ਅਤੇ ਆਯੋਗ ਵਿਅਤੀਆਂ ਨੂੰ ਸੰਸਦ ਮੈਂਬਰ ਬਣਨ ਲਈ ਉਕਸਾਉਂਦੀ ਅਤੇ ਆਕਰਸ਼ਿਤ ਕਰਦੀ ਹੈ। ਇਸ ਦੇ ਉਲਟ ਦੇਸ਼ ਦੇ ਵਿਕਾਸ ਵਿੱਚ ਬੌਧਿਕ ਯੋਗਦਾਨ ਪਾ ਸਕਣ ਵਾਲੇ ਰੌਸ਼ਨ ਦਿਮਾਗ, ਸੰਵੇਦਨਸ਼ੀਲ ਅਤੇ ਅਨੁਭਵੀ ਵਿਚਾਰਵਾਨਾਂ ਦੀ ਸੰਸਦ ਵਿੱਚ ਅਨੁਪਾਤ ਘਟਦਾ ਜਾ ਰਿਹਾ ਹੈ। ਰਾਸ਼ਟਰ ਵੱਲੋਂ ਜਿੰਨੇ ਖ਼ਰਚ ਅਤੇ ਖੇਚਲ ਨਾਲ ਸੰਸਦ ਮੈਂਬਰ ਚੁਣੇ ਅਤੇ ਸੰਸਦ ਭਵਨ ਵਿੱਚ ਪਹੁੰਚਾਏ ਜਾਂਦੇ ਹਨ ਉਸ ਹਿਸਾਬ ਨਾਲ ਉਨਾਂ ਦਾ ਯੋਗਦਾਨ ਸਾਹਮਣੇ ਨਹੀਂ ਆਉਂਦਾ। ਸੰਸਦ ਮੈਂਬਰਾਂ ਦੀ ਚੋਣ ਮੁੱਖ ਤੌਰ 'ਤੇ ਦੇਸ਼ ਸਨਮੁੱਖ ਮੁੱਦਿਆਂ ਅਤੇ ਮਸਲਿਆਂ ਨੂੰ ਮਿਲ ਬੈਠ ਕੇ ਵਿਚਾਰਨ ਲਈ ਕੀਤੀ ਜਾਂਦੀ ਹੈ। ਇਨਾਂ ਨੇ ਸਰਬਸੰਮਤੀ ਜਾਂ ਬਹੁਸੰਮਤੀ ਨਾਲ ਰਾਸ਼ਟਰੀ ਫ਼ੈਸਲੇ ਕਰਨੇ ਹੁੰਦੇ ਹਨ। ਸੰਮਤੀ ਦਾ ਭਾਵ ਸਲਾਹ ਜਾਂ ਵਿਚਾਰ ਹੁੰਦੀ ਹੈ ਪਰ ਸੰਸਦ ਵਿੱਚ ਸਲਾਹਾਂ ਅਤੇ ਵਿਚਾਰਾਂ ਘੱਟ ਅਤੇ ਹੰਗਾਮੇ ਜ਼ਿਆਦਾ ਹੁੰਦੇ ਹਨ। ਹੈਰਾਨੀ ਦੀ ਗੱਲ ਹੈ ਕਿ ਅਰਬਾਂ ਰੁਪਏ ਖ਼ਰਚ ਕੇ ਚੁਣੇ ਗਏ, ਰਿਹਾਇਸ਼ ਅਤੇ ਆਵਾਜਾਈ ਲਈ ਕਰੋੜਾਂ ਰੁਪਏ ਲੈਣ ਵਾਲੇ ਅਤੇ ਮਗਰੋਂ ਕਰੋੜਾਂ ਰੁਪਏ ਦੀਆਂ ਸਹੂਲਤਾਂ ਮਾਨਣ ਵਾਲੇ ਬਹੁਤ ਸਾਰੇ ਸੰਸਦ ਮੈਂਬਰ ਆਪਣੇ ਕਾਰਜਕਾਲ ਦੌਰਾਨ ਦੇਸ਼ ਦੀ ਸੰਸਦ ਅੰਦਰ ਇੱਕ ਵੀ ਸ਼ਬਦ ਦਾ ਯੋਗਦਾਨ ਨਹੀਂ ਪਾਉਂਦੇ। ਕਿਸੇ ਧਿਰ ਵੱਲੋਂ ਕਈ ਕਈ ਦਿਨ ਲਈ ਜਾਣ-ਬੁੱਝ ਕੇ ਸੰਸਦ ਦੀ ਕਾਰਵਾਈ ਠੱਪ ਕਰਨਾ ਆਮ ਹੋਣ ਲੱਗ ਪਿਆ ਹੈ। ਅਜਿਹੇ ਅਪਰਾਧ ਨੂੰ ਸੰਸਦ ਦਾ ਮੁਖੀ ਭਾਵ ਸਪੀਕਰ, ਦੇਸ਼ ਦਾ ਕਾਨੂੰਨ ਅਤੇ ਸਮੁੱਚਾ ਰਾਸ਼ਟਰ ਰੋਕਣ ਤੋਂ ਬੇਵੱਸ ਅਤੇ ਲਾਚਾਰ ਹੈ। ਸੰਸਦ ਮੈਂਬਰ ਦੇਸ਼ ਵਾਸੀਆਂ ਦੇ ਸ਼ੁਭ ਚਿੰਤਕ ਨੁਮਾਇੰਦੇ ਨਹੀਂ ਸਗੋਂ ਸੰਸਦ ਅੰਦਰਲੀ ਗਿਣਤੀ-ਮਿਣਤੀ ਜਾਂ ਅੰਕੜੇ ਬਣ ਕੇ ਹੀ ਰਹਿ ਗਏ ਹਨ।

ਤੇਜ਼ ਰਫ਼ਤਾਰੀ ਦੇ ਯੁੱਗ ਵਿੱਚ ਵਿਕਾਸ ਅਤੇ ਪਾਰਦਰਸ਼ਤਾ ਲਈ ਆਧੁਨਿਕ ਤਕਨੀਕ ਦੇ ਮਹੱਤਵ ਨੂੰ ਸਮਝਿਆ ਤਾਂ ਜਾ ਰਿਹਾ ਹੈ ਪਰ ਇਸ ਨੂੰ ਸਿਖਰਲੇ ਪੱਧਰ 'ਤੇ ਲੋੜੀਂਦੀ ਵਰਤੋਂ ਵਿੱਚ ਨਹੀਂ ਲਿਆਂਦਾ ਜਾ ਰਿਹਾ। ਪ੍ਰਧਾਨ ਮੰਤਰੀ ਵੱਲੋਂ ਡਿਜੀਟਲ ਇੰਡੀਆ ਦਾ ਜੋ ਸੁਪਨਾ ਲਿਆ ਅਤੇ ਦੇਸ਼ ਵਾਸੀਆਂ ਸਾਹਮਣੇ ਪੇਸ਼ ਕੀਤਾ ਗਿਆ ਹੈ, ਉਸ ਅੰਦਰ ਹੀ ਸਾਡੀ ਸੰਸਦੀ ਕਾਰਵਾਈ ਨੂੰ ਨਮੂਨੇ ਦੀ ਬਣਾ ਸਕਣ ਦੀ ਝਲਕ ਦਿਖਾਈ ਦਿੰਦੀ ਹੈ। ਇਸ ਨਾਲ ਭਾਰਤੀ ਸੰਸਦ ਦੇਸ਼ ਵਾਸੀਆਂ ਲਈ ਉਤਸ਼ਾਹ ਅਤੇ ਸਵੈਮਾਨ ਦਾ ਸਰੋਤ ਅਤੇ ਦੁਨੀਆ ਭਰ ਦੇ ਦੇਸ਼ਾਂ ਲਈ ਚਾਨਣ ਮੁਨਾਰਾ ਜਾਂ ਰਾਹ-ਦਸੇਰਾ ਬਣ ਸਕਦਾ ਹੈ। ਇਸ ਨਾਲ ਪ੍ਰਤੀਨਿਧ ਲੋਕਤੰਤਰੀ ਪ੍ਰਣਾਲੀ ਨੂੰ ਹਿੱਸੇਦਾਰੀ ਵਾਲੀ ਪ੍ਰਣਾਲੀ ਦੇ ਨੇੜੇ ਲਿਆਂਦਾ ਜਾ ਸਕਦਾ ਹੈ। ਦੇਸ਼ ਦਾ ਸੰਸਦ ਇੱਕ ਇਮਾਰਤ ਵਿੱਚ ਹੀ ਨਾ ਜੁੜੇ ਸਗੋਂ ਪੂਰੇ ਦੇਸ਼ ਅੰਦਰ ਫੈਲਿਆ ਹੋਵੇ। ਸੰਸਦ ਮੈਂਬਰ ਸੰਸਦ ਭਵਨ ਵਿੱਚ ਬੈਠ ਕੇ ਹੱਲਾ-ਗੁੱਲਾ ਜਾਂ ਗਾਲ਼ੀ-ਗਲੋਚ ਕਰਨ ਦੀ ਬਜਾਇ ਆਪੋ-ਆਪਣੇ ਹਲਕਿਆਂ ਜਾਂ ਆਪਣੇ ਲੋਕਾਂ ਵਿੱਚ ਬੈਠੇ-ਬਿਠਾਏ ਸੰਸਦੀ ਕਾਰਵਾਈ ਦਾ ਸਾਕਾਰਾਤਮਿਕ ਅਤੇ ਅਸਰਦਾਰ ਹਿੱਸਾ ਬਣਨ। ਸੰਸਦ ਦੀ ਕਾਰਵਾਈ ਠੱਪ ਹੋਣ ਜਾਂ ਕਿਸੇ ਪ੍ਰਕਾਰ ਦੇ ਵਿਘਨ ਦੀ ਕੋਈ ਗੁੰਜਾਇਸ਼ ਹੀ ਨਾ ਹੋਵੇ। ਕਿਸੇ ਮੈਂਬਰ ਨੂੰ ਆਪਣੀ ਗੱਲ ਕਹਿਣ ਜਾਂ ਰਾਇ ਦੇਣ ਲਈ ਸਮਾਂ ਨਾ ਮਿਲਣ ਦਾ ਬਹਾਨਾ ਨਾ ਹੋਵੇ ਸਗੋਂ ਹਰ ਮੈਂਬਰ ਲਈ ਹਰ ਬਿੱਲ, ਮਤੇ ਅਤੇ ਮੁੱਦੇ ਉੱਪਰ ਆਪਣੇ ਵਿਚਾਰ ਦੇਣਾ ਲਾਜ਼ਮੀ ਹੋਵੇ। ਦੇਸ਼ ਵਾਸੀਆਂ ਲਈ ਇਹ ਸਹੂਲਤ ਹੋਵੇ ਕਿ ਉਹ ਜਦੋਂ ਚਾਹੁਣ ਆਪਣੇ-ਆਪ ਇਹ ਜਾਣ ਸਕਣ ਕਿ ਕਿਸ ਮੁੱਦੇ ਉੱਤੇ ਕਿਸ ਸੰਸਦ ਮੈਂਬਰ ਨੇ ਆਪਣੇ ਵਿਚਾਰਾਂ ਦੇ ਰੂਪ ਵਿੱਚ ਕਦੋਂ ਕੀ ਯੋਗਦਾਨ ਪਾਇਆ ਹੈ। ਸੰਸਦ ਮੈਂਬਰਾਂ ਲਈ ਰਾਜਧਾਨੀ ਵਿੱਚ ਉਨਾਂ ਦੇ ਰਹਿਣ, ਆਵਾਜਾਈ ਅਤੇ ਸੁਰੱਖਿਆ ਦੇ ਸਥਾਈ ਪ੍ਰਬੰਧ ਨਾ ਕਰਨੇ ਪੈਣ। ਐਮਰਜੈਂਸੀ ਮੁੱਦਿਆਂ ਨੂੰ ਵਿਚਾਰੇ ਜਾਣ ਲਈ ਸੰਸਦੀ ਕਾਰਵਾਈ ਦਾ ਮਹੀਨਿਆਂ ਬੱਧੀ ਇੰਤਜ਼ਾਰ ਨਾ ਕਰਨਾ ਪਵੇ ਸਗੋਂ ਸਾਰਾ ਸੰਸਦ ਕੁਝ ਘੰਟਿਆਂ ਅੰਦਰ ਜੁੜ ਸਕੇ। ਇੱਥੋਂ ਤਕ ਕਿ ਜਿਹੜੇ ਮਤਿਆਂ ਨੂੰ ਕੈਬਨਿਟ ਵੱਲੋਂ ਪਾਸ ਕਰ ਕੇ ਰਾਸ਼ਟਰਪਤੀ ਤੋਂ ਆਰਡੀਨੈਂਸ ਜਾਰੀ ਕਰਾਉਣਾ ਪੈਂਦਾ ਹੈ ਅਤੇ ਮਗਰੋਂ ਸੰਸਦ ਤੋਂ ਇਸ ਨੂੰ ਪਾਸ ਕਰਾਇਆ ਜਾਂਦਾ ਹੈ, ਨੂੰ ਵੀ ਨਾਲੋ-ਨਾਲ ਸੰਸਦ ਵੱਲੋਂ ਵਿਚਾਰਿਆ ਅਤੇ ਪਾਸ ਕੀਤਾ ਜਾ ਸਕਦਾ ਹੋਵੇ। ਸੰਸਦ ਦੀ ਬੈਠਕ ਰਵਾਇਤੀ ਢੰਗ ਨਾਲ ਹੋਣ ਵਾਲੀ ਕੈਬਨਿਟ ਦੀ ਬੈਠਕ ਨਾਲੋਂ ਤੇਜ਼ੀ ਨਾਲ ਹੋ ਸਕਦੀ ਹੋਵੇ।

ਇਸ ਤਰਾਂ ਡਿਜੀਟਲ ਸੰਸਦੀ ਸਿਸਟਮ ਗਿਰਾਵਟ ਵੱਲ ਜਾ ਰਹੀ ਸੰਸਦੀ ਕਾਰਗੁਜ਼ਾਰੀ ਨੂੰ ਉਲਟਾਅ ਦੇਣ ਦੇ ਸਮਰੱਥ ਹੋਵੇਗਾ। ਸੰਸਦ ਚੰਗੇਰਾ ਸੋਚਣ ਵਿਚਾਰਨ ਵਾਲੇ ਬੁਧੀਜੀਵੀ ਪ੍ਰਤੀਨਿਧਾਂ ਦਾ ਸਥਾਨ ਬਣ ਜਾਵੇਗੀ। ਉਨਾਂ ਨੂੰ ਆਪਣੇ ਉੱਪਰ ਬੋਝ ਸਮਝਣ ਦੀ ਬਜਾਇ ਦੇਸ਼ ਉਨਾਂ 'ਤੇ ਮਾਣ ਕਰ ਸਕੇਗਾ। ਸੰਸਦ ਦੀ ਕਾਰਵਾਈ ਡਿਜੀਟਲ ਨੈਟਵਰਕਿੰਗ ਨਾਲ ਚਲਾ ਕੇ ਸਾਡਾ ਦੇਸ਼ ਡਿਜੀਟਲ ਇੰਡੀਆ ਨਾਂ ਦੇ ਵਿਆਪਕ ਤਕਨੀਕੀ ਪਾਸਾਰ ਦਾ ਅਤੇ ਸੰਸਾਰ ਦੇ ਸਭ ਤੋਂ ਵੱਡੇ ਸੰਸਦੀ ਸੁਧਾਰ ਦਾ ਮੋਢੀ ਅਖਵਾ ਸਕਦਾ ਹੈ। ਸੰਸਦ ਭਵਨ ਵਿੱਚ ਮੇਲ-ਮਿਲਾਪ ਅਤੇ ਕੁਝ ਰਸਮੀ ਕਾਰਵਾਈਆਂ ਲਈ ਸੰਸਦ ਸਾਲ ਵਿੱਚ ਕੇਵਲ ਇੱਕ ਵਾਰ ਇੱਕ ਦਿਨ ਲਈ ਹੀ ਜੁੜੇ। ਬਾਕੀ ਸਾਰਾ ਸਾਲ ਇਸ ਦੀ ਕਾਰਵਾਈ ਡਿਜੀਟਲ ਨੈੱਟਵਰਕਿੰਗ ਰਾਹੀਂ ਹੀ ਚਲਦੀ ਰਹੇ। ਸੰਸਦ ਸਕੱਤਰੇਤ ਵੱਲੋਂ ਵੱਖ ਵੱਖ ਮਤਿਆਂ ਅਤੇ ਬਿੱਲਾਂ ਨੂੰ ਸੰਸਦ ਦੀ ਵੈੱਬ ਪੋਰਟਲ ਉੱਤੇ ਨਾਲੋ-ਨਾਲ ਅੱਪਲੋਡ ਕੀਤਾ ਜਾਂਦਾ ਰਹੇ। ਸੰਸਦ ਮੁਖੀ ਵੱਲੋਂ ਮੈਂਬਰਾਂ ਨੂੰ ਇਨਾਂ 'ਤੇ ਆਡੀਓ, ਵੀਡੀਓ ਜਾਂ ਈ-ਲਿਖਤ ਰਾਹੀਂ ਵਿਚਾਰ ਦੇਣ ਲਈ ਸਮਾਂ-ਸੀਮਾ ਨਿਸ਼ਚਿਤ ਕੀਤੀ ਜਾਵੇ। ਇਸ ਉਪਰੰਤ ਜੋ ਮੈਂਬਰ ਬਹਿਸ ਕਰਨਾ ਚਾਹੁੰਦੇ ਹੋਣ, ਉਹ ਨਿਰਧਾਰਿਤ ਸਮੇਂ 'ਤੇ ਵੀਡੀਓ ਕਾਨਫਰੰਸਿੰਗ ਰਾਹੀਂ ਬਹਿਸ ਵਿੱਚ ਹਿੱਸਾ ਲੈ ਸਕਦੇ ਹੋਣ। ਕਿਸੇ ਵੀ ਮਤੇ 'ਤੇ ਆਪਣਾ ਮੱਤ ਦੇਣ ਤੋਂ ਪਹਿਲਾਂ ਹਰ ਮੈਂਬਰ ਲਈ ਆਪਣੇ ਖੇਤਰ ਵਿਚਲੇ ਸਬੰਧਤ ਵਰਗ ਦੇ ਲੋਕਾਂ ਜਾਂ ਮਾਹਰਾਂ ਨਾਲ ਵਿਚਾਰ-ਵਟਾਂਦਰਾ ਕਰਨਾ ਲਾਜ਼ਮੀ ਹੋਵੇ। ਆਪਣਾ ਮੱਤ ਜਾਂ ਵਿਚਾਰ ਸੰਸਦ ਵਿੱਚ ਦੇਣ ਸਮੇਂ ਹਰ ਮੈਂਬਰ ਵੱਲੋਂ ਇਨਾਂ ਚਰਚਾਵਾਂ ਦੀ ਘੱਟੋ-ਘੱਟ ਨਿਰਧਾਰਿਤ ਸਮੇਂ ਦੀ ਵੀਡੀਓ ਵੈੱਬ ਪੋਰਟਲ 'ਤੇ ਪਾਈ ਜਾਵੇ। ਬਹਿਸ ਸੰਪੂਰਨ ਹੋਣ ਉਪਰੰਤ ਸਾਰੇ ਸੰਸਦ ਮੈਂਬਰ ਗੁਪਤ ਟੈਲੀਵੋਟਿੰਗ ਦੀ ਵਿਧੀ ਰਾਹੀਂ ਆਪਣਾ ਮੱਤ ਦਰਜ ਕਰ ਸਕਦੇ ਹਨ ਅਤੇ ਪਾਰਟੀਆਂ ਵੱਲੋਂ ਕੋਈ ਵਿੱਪ ਜਾਰੀ ਨਹੀਂ ਕੀਤਾ ਜਾਣਾ ਚਾਹੀਦਾ। ਕੋਈ ਮੈਂਬਰ ਆਪਣੀ ਬਿਮਾਰੀ ਕਾਰਨ, ਦੇਸ਼ ਤੋਂ ਬਾਹਰ ਹੋਣ ਕਾਰਨ ਜਾਂ ਹੋਰ ਜ਼ਰੂਰੀ ਰੁਝੇਵੇਂ ਕਾਰਨ ਵੋਟਿੰਗ ਤੋਂ ਲਾਂਭੇ ਨਹੀਂ ਰਹੇਗਾ ਜਾਂ ਜਾਣ-ਬੁੱਝ ਕੇ ਲਾਂਭੇ ਨਹੀਂ ਰਹਿ ਸਕੇਗਾ। ਵੱਖ ਵੱਖ ਸੰਸਦੀ ਕਮੇਟੀਆਂ ਵੀ ਆਪਣੇ ਵਿਚਾਰ-ਵਟਾਂਦਰੇ, ਕਾਰਵਾਈਆਂ ਅਤੇ ਫ਼ੈਸਲੇ ਇਸੇ ਵਿਧੀ ਨਾਲ ਥੋੜੇ ਸਮੇਂ ਵਿੱਚ ਸਿਰੇ ਚਾੜ ਸਕਦੀਆਂ ਹਨ ਅਤੇ ਇਨਾਂ ਦੀ ਸਾਰੀ ਤਫ਼ਸੀਲ ਵੀ ਸੰਸਦੀ ਵੈੱਬ ਪੋਰਟਲ 'ਤੇ ਜਨਤਾ ਦੀ ਜਾਣਕਾਰੀ ਲਈ ਉਪਲਭਦ ਹੋ ਸਕਦੀ ਹੈ। ਇਸ ਤਰਾਂ ਦੇਸ਼ ਦਾ ਸੰਸਦ ਡਿਜੀਟਲ ਇੰਡੀਆ ਦਾ ਕੇਂਦਰੀ ਸਰੋਤ ਹੋਵੇਗਾ ਜਿਸ ਦੀ ਧਾਰਾ ਰਾਜਧਾਨੀ ਤੋਂ ਹਰ ਸੰਸਦੀ ਖੇਤਰ ਤਕ ਵਗੇਗੀ ਅਤੇ ਦੇਸ਼ ਦੇ ਕੋਨੇ ਕੋਨੇ ਨੂੰ ਬਰਾਬਰ ਦਾ ਸਿੰਜੇਗੀ। ਮਹੱਤਵਪੂਰਨ ਮੁੱਦਿਆਂ 'ਤੇ ਜਿਹੜੀ ਘੱਟੋ-ਘੱਟ ਲੋੜੀਂਦੀ ਚਰਚਾ ਹੁਣ ਸੰਸਦ ਭਵਨ ਵਿੱਚ ਨਹੀਂ ਹੋ ਪਾਉਂਦੀ ਉਹ ਦੇਸ਼ ਦੇ ਕੋਨੇ ਕੋਨੇ ਵਿੱਚ ਜ਼ਮੀਨੀ ਪੱਧਰ 'ਤੇ ਨਿਰਧਾਰਿਤ ਸਮੇਂ ਵਿੱਚ ਹੋ ਸਕੇਗੀ।

ਹਰ ਸੰਸਦ ਮੈਂਬਰ ਮਹੀਨੇ ਵਿੱਚ ਇੱਕ ਵਾਰ ਸੰਸਦੀ ਮੁੱਦਿਆਂ ਸਬੰਧੀ ਆਪਣੀ ਰਾਇ ਅਤੇ ਸੰਸਦ ਵਿੱਚ ਆਪਣੀ ਕਾਰਗੁਜ਼ਾਰੀ ਦਾ ਲੇਖਾ-ਜੋਖਾ ਸਾਂਝਾ ਕਰਨ ਲਈ ਖੇਤਰੀ ਰੇਡੀਓ ਅਤੇ ਦੂਰਦਰਸ਼ਨ ਦੇ ਸਿੱਧੇ ਪ੍ਰਸਾਰਣ ਰਾਹੀਂ ਆਪਣੇ ਲੋਕਾਂ ਦੇ ਰੂ-ਬ-ਰੂ ਹੋਣਾ ਚਾਹੀਦਾ ਹੈ। ਇਸ ਤਰਾਂ ਹਰ ਦੇਸ਼ ਵਾਸੀ ਆਪਣੇ ਸੰਸਦ ਮੈਂਬਰ ਦੀ ਮਾਰਫ਼ਤ ਸੰਸਦ ਨਾਲ ਲਗਾਤਾਰ ਜੁੜਿਆ ਮਹਿਸੂਸ ਕਰ ਸਕੇਗਾ। ਲੋਕਾਂ ਪ੍ਰਤੀ ਸੰਸਦ ਮੈਂਬਰਾਂ ਦੀ ਜਵਾਬਦੇਹੀ ਅਤੇ ਪਾਰਦਰਸ਼ਤਾ ਲਈ ਇੱਕ ਸਾਲ ਦੇ ਸਮੇਂ ਬਾਅਦ ਹਰ ਗੁਪਤ ਸੰਸਦੀ ਵੋਟਿੰਗ ਨੂੰ ਜਨਤਕ ਕਰ ਦਿੱਤਾ ਜਾਣਾ ਚਾਹੀਦਾ ਹੈ। ਜੋ ਸੰਸਦ ਮੈਂਬਰ ਸੰਸਦ ਪ੍ਰਤੀ ਅਤੇ ਆਪਣੇ ਲੋਕਾਂ ਪ੍ਰਤੀ ਨਿਰਧਾਰਿਤ ਵਿਧੀ ਅਨੁਸਾਰ ਆਪਣੀ ਜ਼ਿੰਮੇਵਾਰੀ ਨਾ ਨਿਭਾ ਰਿਹਾ ਹੋਵੇ, ਉਸ ਨੂੰ ਸੰਸਦੀ ਕਾਰਵਾਈ ਕਮੇਟੀ ਵੱਲੋਂ ਲੋੜੀਂਦਾ ਨੋਟਿਸ ਜਾਰੀ ਕਰਨ ਬਾਅਦ ਮੁਅੱਤਲ ਕਰਕੇ ਉਸ ਨੂੰ ਮਿਲਣ ਵਾਲੀਆਂ ਸਹੂਲਤਾਂ ਅਤੇ ਭੱਤੇ ਬੰਦ ਕੀਤੇ ਜਾ ਸਕਦੇ ਹਨ। ਹਰ ਸੰਸਦ ਮੈਂਬਰ ਦੇ ਆਪਣੇ ਚੁਣਾਵੀ ਖੇਤਰ ਵਿੱਚ ਰਹਿਣ ਕਰਕੇ ਉਸ ਨੂੰ ਕੇਵਲ ਗੱਡੀ, ਡਰਾਈਵਰ, ਕੰਪਿਊਟਰ, ਨਿੱਜੀ ਸਹਾਇਕ ਕਮ ਕੰਪਿਊਟਰ ਅਪਰੇਟਰ, ਅੰਗ ਰੱਖਿਅਕ ਅਤੇ ਸੇਵਾਦਾਰ ਹੀ ਮੁਹੱਈਆ ਕਰਵਾਇਆ ਜਾਵੇ। ਸੰਸਦੀ ਕਾਰਵਾਈ ਨੂੰ ਡਿਜੀਟਲ ਕਰਨ ਨਾਲ ਬਜਟ ਅਤੇ ਹੋਰ ਮਹੱਤਵਪੂਰਨ ਤਜਵੀਜ਼ਾਂ ਦੇ ਦਸਤਾਵੇਜ਼ਾਂ ਨੂੰ ਮੈਂਬਰਾਂ ਸਨਮੁਖ ਰੱਖਣ ਲਈ ਜੋ ਹਰ ਵਾਰ ਕਈ ਟਨ ਕਾਗਜ਼ ਦੀ ਖ਼ਪਤ ਹੁੰਦੀ ਹੈ ਅਤੇ ਜਿਨਾਂ ਦੀ ਛਪਾਈ ਅਤੇ ਢੋਅ-ਢੁਆਈ ਲਈ ਕਰੋੜਾਂ ਰੁਪਏ ਖ਼ਰਚ ਆ ਜਾਂਦਾ ਹੈ, ਉਸ ਦੀ ਵੀ ਬੱਚਤ ਹੋਵੇਗੀ। ਸੰਸਦ ਭਵਨ ਵਿੱਚ ਮੈਂਬਰਾਂ ਲਈ ਵੱਡੇ ਖ਼ਰਚ ਨਾਲ ਸਸਤੀਆਂ ਦਰਾਂ 'ਤੇ ਚਲਾਈ ਜਾਂਦੀ ਚਰਚਿਤ ਕੰਟੀਨ ਦੀ ਲੋੜ ਨਹੀਂ ਰਹੇਗੀ।

ਦੇਸ਼ ਵਿੱਚ ਡਿਜੀਟਲ ਅਦਾਇਗੀ ਦੇ ਸਿਸਟਮ ਨੂੰ ਮੁਕੰਮਲ ਤੌਰ 'ਤੇ ਲਾਗੂ ਕਰਨ ਲਈ ਉਸ ਦੀ ਤਕਨੀਕੀ ਪਹੁੰਚ ਕਰੋੜਾਂ ਲੋਕਾਂ ਤਕ ਬਣਾਉਣੀ ਪੈਣੀ ਹੈ, ਪਰ ਡਿਜੀਟਲ ਸੰਸਦੀ ਸਿਸਟਮ ਲਾਗੂ ਕਰਨ ਲਈ ਸੰਸਦ ਦੇ 552 ਮੈਂਬਰਾਂ ਤਕ ਪਹੁੰਚ ਬਣਾਉਣ ਅਤੇ ਕੁਝ ਸੈਂਕੜੇ ਸਥਾਨਾਂ 'ਤੇ ਹੀ ਤਕਨੀਕੀ ਸਿਸਟਮ ਸਥਾਪਤ ਕਰਨ ਦੀ ਲੋੜ ਹੋਵੇਗੀ ਪਰ ਇਸ ਦਾ ਪ੍ਰਭਾਵ ਅਤੇ ਸੰਦੇਸ਼ ਕਈ ਸੌ ਗੁਣਾ ਜ਼ਿਆਦਾ ਹੋਵੇਗਾ। ਨਵੀਂ ਵਿਧੀ ਨੂੰ ਪਹਿਲਾਂ ਇੱਕ ਸਾਲ ਲਈ ਵਰਤਮਾਨ ਰਵਾਇਤੀ ਕਾਰਵਾਈ ਦੇ ਨਾਲ ਨਾਲ ਸਮਾਨਾਂਤਰ ਰੂਪ ਵਿੱਚ ਚਲਾਇਆ ਜਾ ਸਕਦਾ ਹੈ। ਸਾਲ ਦੌਰਾਨ ਲੋੜੀਂਦੀਆਂ ਤਕਨੀਕੀ ਅਤੇ ਕਾਰਜੀ ਸੋਧਾਂ ਉਪਰੰਤ ਇਸ ਨੂੰ ਪੂਰਨ ਰੂਪ ਵਿੱਚ ਚਾਲੂ ਕੀਤਾ ਜਾ ਸਕਦਾ ਹੈ। ਪੂਰੀ ਤਰਾਂ ਨਾਲ ਰਵਾਂ ਹੋਣ ਤੇ ਇਸ ਤੋਂ ਦੋ ਸਾਲ ਬਾਅਦ ਇਸ ਵਿਧੀ ਨੂੰ ਦੇਸ਼ ਦੇ ਸਾਰੇ ਰਾਜਾਂ ਦੀਆਂ ਵਿਧਾਨ ਸਭਾਵਾਂ ਅਤੇ ਵਿਧਾਨ ਪ੍ਰੀਸ਼ਦਾਂ ਲਈ ਵੀ ਪ੍ਰਚੱਲਤ ਕੀਤਾ ਜਾਣਾ ਚਾਹੀਦਾ ਹੈ। ਇਸ ਵੱਡੇ ਅਤੇ ਮੁਸ਼ਕਲ ਕਾਰਜ ਦੀ ਸੰਪੂਰਨਤਾ ਵਡੇਰੀ ਇੱਛਾ ਸ਼ਕਤੀ ਅਤੇ ਪ੍ਰਤੀਬੱਧਤਾ ਦੀ ਮੰਗ ਕਰਦੀ ਹੈ, ਪਰ ਇਹ ਅਸੰਭਵ ਨਹੀਂ ਹੈ। ਇਸ ਦੀ ਸਫ਼ਲਤਾ ਨਾਲ ਭਾਰਤ ਸੰਸਾਰ ਦਾ ਸਭ ਤੋਂ ਵਿਸ਼ਾਲ ਗਣਤੰਤਰ ਹੋਣ ਦੇ ਨਾਲ ਨਾਲ ਸਭ ਤੋਂ ਵਧੇਰੇ ਪ੍ਰਭਾਵਸ਼ਾਲੀ ਅਤੇ ਵਿਸ਼ਵ ਦਾ ਪਹਿਲਾ ਡਿਜੀਟਲ ਸੰਸਦੀ ਸਿਸਟਮ ਵਾਲਾ ਦੇਸ਼ ਹੋਣ ਦਾ ਮਾਣ ਪ੍ਰਾਪਤ ਕਰ ਸਕਦਾ ਹੈ।

## ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹੜਾ ਸ਼ਰਧਾ ਭਾਵਨਾ ਨਾਲ ਮਨਾਇਆ



**ਫਰਿਜ਼ਨੋ/ਨੀਟਾ ਮਾਛੀਕੇ/ਕੁਲਵੰਤ ਧਾਲੀਆਂ :** ਸ਼੍ਰੋਮਣੀ ਭਗਤ ਸ਼੍ਰੀ ਗੁਰੂ ਰਵਿਦਾਸ ਜੀ ਦਾ 640ਵਾਂ ਪ੍ਰਕਾਸ਼ ਉਤਸਵ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ ਮਨਾਇਆ ਗਿਆ। ਇਸ ਮੌਕੇ ਵਿਸ਼ੇਸ਼ ਦੀਵਾਨ ਸਜਾਏ ਗਏ। ਗੁਰੂ ਘਰ ਦੇ ਹਜ਼ੂਰੀ ਰਾਗੀ ਡਾ. ਭਾਈ ਸਰਬਜੀਤ ਸਿੰਘ ਜੀ ਸੁੰਦਰ ਨਗਰ ਵਾਲਿਆਂ ਦੇ ਜਥੇ ਨੇ ਕੀਰਤਨ ਸਰਵਣ ਕੀਤਾ। ਭਾਈ ਸੁਰਜਣ ਸਿੰਘ ਨੇ ਕਥਾ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ-ਘਰ ਦੇ ਮੁੱਖ ਸੇਵਾਦਾਰ ਭਾਈ ਮਲਕੀਤ ਸਿੰਘ ਕਰਨਾਲ ਵਾਲਿਆਂ ਨੇ ਭਗਤ ਰਵਿਦਾਸ ਜੀ ਦੇ ਜੀਵਨ ਸਬੰਧੀ ਗੁਰੂ ਸ਼ਬਦ ਰਾਹੀਂ ਸੰਗਤ ਨਾਲ ਸਾਂਝ ਪਾਈ। ਕੜਾਹ ਪ੍ਰਸ਼ਾਦ ਦੀ ਦੇਗ ਤੋਂ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ।





ਭਾਈ ਪ੍ਰਮੋਧ ਲੋਈ ਜੀ ਦੇ ਪਰਿਵਾਰ ਵਲੋਂ ਲੰਗਰ ਦੀ ਸੇਵਾ ਕੀਤੀ ਗਈ। ਵਕੀਲ ਵਿਵੇਕ ਮਲਕ ਨੇ ਸਮੂਹ ਲੁਕਾਈ ਨੂੰ ਭਗਤ ਰਵਿਦਾਸ ਜੀ ਦੇ ਪ੍ਰਕਾਸ਼ ਉਤਸਵ ਦੀ ਵਧਾਈ ਦਿੱਤੀ। ਸਟੇਜ ਸੰਚਾਲਨ ਗੁਰਪ੍ਰੀਤ ਸਿੰਘ ਮਾਨ ਨੇ ਕੀਤਾ।

## ਰੰਗ ਮੰਚ ਕਰਮੀ ਡਾ. ਦਵਿੰਦਰ ਕੁਮਾਰ ਦਾ ਸਨਮਾਨ



**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:** ਪਿਛਲੇ ਚਾਰ ਦਹਾਕਿਆਂ ਤੋਂ ਪੰਜਾਬੀ ਰੰਗ ਮੰਚ ਨਾਲ ਜੁੜੇ ਹੋਏ ਡਾ. ਦਵਿੰਦਰ ਕੁਮਾਰ ਨੇ ਆਪਣੀ ਕੈਲੇਫੋਰਨੀਆਂ ਫੇਰੀ ਦੌਰਾਨ ਕਿਹਾ ਕਿ ਥੀਏਟਰ ਹੀ ਇੱਕ ਅਜਿਹਾ ਖੇਤਰ ਹੈ ਜੋ ਉੱਥੋਂ ਦੇ ਸਮਾਜ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਮੁਕੰਮਲ ਸੱਭਿਅਤਾ ਸੰਭਾਲਣ ਦਾ ਸਾਰਥਕ ਯਤਨ ਬਣਿਆ ਰਿਹਾ ਹੈ। ਕੁਝ ਦਿਨਾਂ ਲਈ ਕੈਲੇਫੋਰਨੀਆਂ ਪਹੁੰਚੇ ਦਵਿੰਦਰ ਕੁਮਾਰ ਨੇ ਇਹ ਵੀ ਕਿਹਾ ਕਿ ਉਨ੍ਹਾਂ ਨੂੰ ਖੁਸ਼ੀ ਹੋਈ ਹੈ ਕਿ ਇੱਥੇ ਵੀ ਪੰਜਾਬ ਲੋਕ ਰੰਗ ਵਰਗੀਆਂ ਸੰਸਥਾਵਾਂ ਪਿਛਲੇ ਇੱਕ ਦਹਾਕੇ ਤੋਂ ਪੰਜਾਬੀ ਥੀਏਟਰ ਦੀ ਕੌਮਾਂਤਰੀ ਪੱਧਰ ਤੇ ਸਾਂਭ ਸੰਭਾਲ ਲਈ ਤਨਦੇਹੀ ਨਾਲ ਕੰਮ ਕਰ ਰਹੀਆਂ ਹਨ। ਸਿੱਖ ਨੈਸ਼ਨਲ ਕਾਲਜ ਬੰਗਾ ਦੇ ਪ੍ਰੋਫੈਸਰ ਰਹੇ ਡਾ. ਦਵਿੰਦਰ ਕੁਮਾਰ ਨੂੰ ਕੈਲੇਫੋਰਨੀਆਂ ਦੇ ਸ਼ਹਿਰ ਫਰੀਮਾਂਟ ਵਿਖੇ '21ਇੰਟਰਨੈਸ਼ਨਲ ਇੰਟਰਟੇਨਮੈਂਟ' ਵਲੋਂ ਇੱਕ ਸਾਦੇ ਤੇ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਸਨਮਾਨਿਤ ਵੀ ਕੀਤਾ ਗਿਆ। ਪੰਜਾਬ ਲੋਕ ਰੰਗ ਦੇ ਸੁਰਿੰਦਰ ਧਨੋਆ ਅਤੇ ਐੱਸ ਅਸ਼ੋਕ ਭੌਰਾ ਨੇ ਦਵਿੰਦਰ ਕੁਮਾਰ ਦੀ ਸਖਸ਼ੀਅਤ ਬਾਰੇ ਵਿਚਾਰ ਪੇਸ਼ ਕੀਤੇ। ਡਾ. ਕੁਮਾਰ ਨੇ ਆਪਣੀ ਅਮਰੀਕਾ ਫੇਰੀ ਦਾ ਮੰਤਵ ਅਤੇ ਥੀਏਟਰ ਨਾਲ ਲਗਨ ਬਾਰੇ ਵਿਸਥਾਰ 'ਚ ਚਾਨਣਾ ਪਾਇਆ।

## ਅਮਰੀਕੀ ਗਰੀਨ ਕਾਰਡ ਹੋਲਡਰ ਅਵਤਾਰ ਸਿੰਘ ਨੇ 13 ਦਿਨ ਝੱਲਿਆ ਦੁਬਈ ਪੁਲੀਸ ਦਾ ਤਸ਼ੱਦਦ

**ਚੰਡੀਗੜ੍ਹ/ਬਿਊਰੋ ਨਿਊਜ਼ :** ਅਮਰੀਕਾ ਦੇ ਗਰੀਨ ਕਾਰਡ ਹੋਲਡਰ ਅਤੇ ਨਵਾਂ ਸ਼ਹਿਰ ਦੇ ਪਿੰਡ ਗੁਣਾਚੌਰ ਦੇ ਅਵਤਾਰ ਸਿੰਘ ਸਿੱਧੂ ਨੇ ਅਮਰੀਕਾ ਤੋਂ ਆਉਂਦਿਆਂ ਹੀ ਦੁਬਈ ਪੁਲੀਸ ਵੱਲੋਂ ਉਸ ਨੂੰ ਬਿਨਾਂ ਕਿਸੇ ਕਸੂਰ ਤੋਂ 13 ਦਿਨ ਬੇੜੀਆਂ ਵਿੱਚ ਨੂੜ ਕੇ ਰੱਖੇ ਜਾਣ ਦਾ ਖ਼ੁਲਾਸਾ ਕੀਤਾ ਹੈ। ਪੰਜਾਬ ਦੇ ਅਗਾਂਹਵਧੂ ਕਿਸਾਨ ਵਜੋਂ ਸਟੇਟ ਐਵਾਰਡ ਹਾਸਲ ਕਰਨ ਵਾਲੇ ਸ੍ਰੀ ਸਿੱਧੂ ਨੇ ਇੱਥੇ ਪ੍ਰੈਸ ਕਾਨਫਰੰਸ ਕਰਕੇ ਦੱਸਿਆ ਕਿ ਉਹ 2013 ਵਿੱਚ ਪਰਿਵਾਰ ਸਮੇਤ ਅਮਰੀਕਾ ਚਲੇ ਗਏ ਸਨ। ਬੀਤੀ 25 ਜਨਵਰੀ ਨੂੰ ਉਹ ਅਤੇ ਉਸ ਦਾ ਪੁੱਤਰ ਅਮੀਰਾਤ ਏਅਰਲਾਈਨਜ਼ ਰਾਹੀਂ ਨਿਊਯਾਰਕ ਤੋਂ ਵਾਇਆ ਦੁਬਈ ਦਿੱਲੀ ਆ ਰਹੇ ਸਨ। ਜਦੋਂ ਉਹ ਦੁਬਈ ਦੇ ਹਵਾਈ ਅੱਡੇ 'ਤੇ

ਬਾਕੀ ਸ਼ਫ਼ਾ 33 'ਤੇ

# ਸ਼ਹੀਦ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਨੂੰ ਯਾਦ ਕਰਦਿਆਂ

**ਗੁਰਲਾਲ ਸਿੰਘ**

ਮਹਾਰਾਜਾ ਰਣਜੀਤ ਸਿੰਘ ਨੂੰ ਪੰਜਾਬ ਦੇ ਇਤਿਹਾਸ ਵਿੱਚ ਇੱਕ ਬਹਾਦਰ ਜੰਗਜੂ, ਦਲੇਰ ਮਹਾਰਾਜੇ ਤੇ ਮਹਾਨ ਸ਼ਖ਼ਸੀਅਤ ਵਜੋਂ ਜਾਣਿਆਂ ਤੇ ਪਛਾਣਿਆ ਜਾਂਦਾ ਹੈ। ਇਹ ਵੀ ਤ੍ਰਾਸਦੀ ਰਹੀ ਹੈ ਕਿ ਉਸ ਦੀ ਮਹਾਰਾਣੀ ਜਿੰਦ ਕੌਰ ਅਤੇ ਉਸ ਦੇ ਸਭ ਤੋਂ ਛੋਟੇ ਸਪੁੱਤਰ ਮਹਾਰਾਜਾ ਦਲੀਪ ਸਿੰਘ ਦਾ ਜੀਵਨ ਵੀ ਬੇਹੱਦ ਮੁਸੀਬਤਾਂ ਅਤੇ ਚੁਣੌਤੀਆਂ ਦੇ ਪਰਛਾਵੇਂ ਹੇਠ ਬਤੀਤ ਹੋਇਆ ਸੀ।ਮਹਾਰਾਜਾ ਰਣਜੀਤ ਸਿੰਘ ਦੀ ਆਖਰੀ ਸ਼ਾਦੀ ਬੀਬੀ ਜਿੰਦਾਂ ਨਾਲ ਸੰਨ 1835 ਵਿੱਚ ਹੋਈ ਸੀ। ਬੀਬੀ ਜਿੰਦਾਂ ਨੂੰ ਬਾਅਦ ਵਿਚ ਮਹਾਰਾਣੀ ਜਿੰਦ ਕੌਰ ਦੇ ਨਾਮ ਨਾਲ ਵੀ ਜਾਣਿਆਂ ਜਾਣ ਲੱਗਾ। ਮਹਾਰਾਣੀ ਜਿੰਦ ਕੌਰ ਦੀ ਕੁੱਖੋਂ (ਮਹਾਰਾਜਾ) ਦਲੀਪ ਸਿੰਘ ਦਾ ਜਨਮ 6 ਸਤੰਬਰ, 1838 ਵਾਲੇ ਦਿਨ ਹੋਇਆ ਸੀ। ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਵਿਚ ਸਿੱਖਾਂ, ਹਿੰਦੂਆਂ ਤੇ ਮੁਸਲਮਾਨਾਂ ਨੂੰ ਇੱਕ ਡੋਰ ਵਿੱਚ ਪਰੋਈ ਰੱਖਿਆ ਸੀ, ਜਿਸ ਕਰਕੇ ਖ਼ਾਲਸਾ ਰਾਜ ਦੀ ਹਰ ਥਾਂ ਸਿਫਤ ਕੀਤੀ ਜਾਂਦੀ ਸੀ।

ਸੰਨ 1839 ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਪਿੱਛੋਂ ਨਿੱਜੀ ਮਨੋਰਥਵਾਦੀਆਂ ਵਲੋਂ ਰਾਜ ਹਥਿਆਉਣ ਲਈ ਚਾਰ ਸਾਲਾਂ ਦੇ ਅੰਦਰ-ਅੰਦਰ ਹੀ ਖ਼ਾਲਸਾ ਰਾਜ ਦੇ ਤਿੰਨ ਉੱਤਰਾਧਿਕਾਰੀਆਂ ਨੂੰ ਕਤਲ ਕਰ ਦਿੱਤਾ ਗਿਆ ਅਤੇ 10 ਸਾਲ ਦੇ ਅੰਦਰ-ਅੰਦਰ ਹੀ ਗੱਦਾਰ ਅਤੇ ਖੁਦਗਰਜ਼ ਦਰਬਾਰੀਆਂ ਤੇ ਸਿੱਖ ਫੌਜ ਵਿਚਲੇ ਕੁਝ ਕੁ ਮੂੰਹ-ਜ਼ੋਰ ਹਿੱਸਿਆਂ ਨੇ ਰਲ-ਮਿਲ ਕੇ ਪੰਜਾਹ ਸਾਲਾ ਸਿੱਖ ਰਾਜ ਦਾ ਨਮੋਸ਼ੀ ਭਰਿਆ ਅੰਤ ਕਰ ਦਿੱਤਾ। ਮਹਾਰਾਜਾ ਸ਼ੇਰ ਸਿੰਘ ਦੀ ਮੌਤ ਪਿੱਛੋਂ ਰਾਣੀ ਜਿੰਦ ਕੌਰ ਦੇ ਪੰਜ ਸਾਲਾ ਪੁੱਤਰ ਮਹਾਰਾਜਾ ਦਲੀਪ ਸਿੰਘ ਦੀ ਸਿੱਖ ਰਾਜ ਦੇ ਵਾਰਸ ਵਜੋਂ 16 ਸਤੰਬਰ 1843 ਵਾਲੇ ਦਿਨ ਤਾਜਪੋਸ਼ੀ ਹੋਈ ਅਤੇ ਮਹਾਰਾਣੀ ਜਿੰਦਾਂ ਨੂੰ ਉਸ ਦਾ ਸਰਪ੍ਰਸਤ ਥਾਪ ਦਿੱਤਾ ਗਿਆ।

ਇੱਥੇ ਵਰਨਣ ਯੋਗ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਡੋਗਰਿਆਂ ਦਾ ਅਹਿਮ ਰੋਲ ਤੇ ਪ੍ਰਭਾਵ ਰਿਹਾ ਸੀ। ਸਮਾਂ ਮਿਲਣ 'ਤੇ ਸਿੱਖ ਰਾਜ ਨੂੰ ਹਥਿਆਉਣ ਲਈ ਡੋਗਰਿਆਂ ਨੇ ਫਿਰੰਗੀਆਂ ਨਾਲ ਮਿਲ ਕੇ ਕੋਝੀਆਂ ਹਰਕਤਾਂ ਤਹਿਤ ਸਿੱਖ ਰਾਜ ਨੂੰ ਕਮਜ਼ੋਰ ਕਰਨਾ ਸ਼ੁਰੂ ਕਰ ਦਿੱਤਾ ਸੀ। ਸਿੱਟੇ ਵਜੋਂ ਸਿੱਖ ਰਾਜ ਦੀਆਂ ਸ਼ਾਮਾਂ ਦਾ ਸਮਾਂ ਬਹੁਤ ਨੇੜੇ ਆਉਣ ਲੱਗਾ। ਡੋਗਰਿਆਂ ਦੀਆਂ ਸਾਜ਼ਿਸ਼ਾਂ ਸਦਕਾ ਸਿੱਖ ਫੌਜਾਂ ਮੁਦਕੀ, ਫੇਰੂ ਸ਼ਹਿਰ, ਬੱਦੋਵਾਲ ਅਤੇ ਆਲੀਵਾਲ ਦੀਆਂ ਲੜਾਈਆਂ ਹਾਰ ਚੁੱਕੀਆਂ ਸਨ। ਭਾਵੇਂ ਆਪਣਿਆਂ ਦੇ ਧੋਖਿਆਂ ਕਰਕੇ ਸਿੱਖ ਰਾਜ ਦੀ ਜਿੱਤ ਦਾ ਕੋਈ ਵੀ ਰਸਤਾ ਨਜ਼ਰ ਨਹੀਂ ਸੀ ਆ ਰਿਹਾ, ਫਿਰ ਵੀ ਖ਼ਾਲਸਾ ਫੌਜ ਆਪਣੀ ਆਨ-ਸ਼ਾਨ ਤੇ ਦੇਸ਼ ਦੀ ਆਜ਼ਾਦੀ ਲਈ ਮਰ ਮਿਟਣ ਵਾਸਤੇ ਤਿਆਰ ਬਰ ਤਿਆਰ ਸੀ। ਆਖਰਕਾਰ ਸਿਰ ਧੜ ਦੀ ਬਾਜ਼ੀ ਜਿੱਤਣ ਲਈ ਸਭਰਾਵਾਂ ਦੇ ਮੈਦਾਨ ਵਿੱਚ ਜੂਝਣ ਵਾਸਤੇ ਦੋਵੇਂ ਫੌਜਾਂ ਇੱਕ ਦੂਸਰੇ ਦੇ ਸਾਹਮਣੇ ਆ ਖਲੋਤੀਆਂ ਸਨ। ਸਮਾਂ ਬਹੁਤ ਭਿਆਨਕ ਸੀ। ਭਾਵੇਂ ਖ਼ਾਲਸਾ ਫੌਜਾਂ ਨੇ ਦਿਲ ਨਹੀਂ ਸੀ ਛੱਡਿਆ ਪਰ ਪਹਿਲੀਆਂ ਹਾਰਾਂ ਨੇ ਫੌਜਾਂ ਦਾ ਲੱਕ ਜ਼ਰੂਰ ਤੋੜ ਛੱਡਿਆ ਸੀ। ਇਸ ਸੰਕਟ ਨਾਲ ਨਜਿੱਠਣ ਲਈ ਆਖਰੀ ਸਮੇਂ ਆਪਣੀ ਪੇਸ਼ ਨਾ ਜਾਂਦੀ ਦੇਖ ਕੇ ਮਹਾਰਾਣੀ ਜਿੰਦ ਕੌਰ ਨੇ ਮਹਾਰਾਜਾ ਰਣਜੀਤ ਸਿੰਘ ਦੇ ਪੁਰਾਣੇ ਮਿੱਤਰ, ਰਿਸ਼ਤੇਦਾਰ ਤੇ ਜਰਨੈਲ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਨੂੰ ਇਕ ਦਰਦ ਭਰੀ ਚਿੱਠੀ ਲਿਖ ਕੇ ਬੜੇ ਹੀ ਸਹਿਜ ਤੇ ਖਾਨਦਾਨੀ ਗੌਰਵ ਨਾਲ ਵੰਗਾਰਿਆ ਤੇ ਸਨਿਮਰ ਬੇਨਤੀ ਕੀਤੀ ਕਿ ਉਹੋ ਹੀ ਸਿੱਖ ਰਾਜ ਨੂੰ ਇਸ ਅਤਿ ਮੁਸ਼ਕਲ ਦੀ ਘੜੀ ਸਮੇਂ ਸੰਕਟ ਵਿਚੋਂ ਬਾਹਰ ਕੱਢ ਸਕਦੇ ਹਨ। ਦਰਦ ਭਰੀ ਚਿੱਠੀ ਪੜ੍ਹ ਕੇ ਚਿੱਟੇ ਨੂਰਾਨੀ ਦਾੜ੍ਹੇ ਵਾਲੇ ਸੂਰਬੀਰ ਸ. ਸ਼ਾਮ ਸਿੰਘ ਅਟਾਰੀ ਵਾਲੇ ਨੂੰ ਕੌਮੀ ਜੋਸ਼ ਚੜ੍ਹਿਆ, ਸਿਰ 'ਤੇ ਕੱਫਣ ਬੰਨ੍ਹਿਆ, ਸਰਬੱਤ ਦੇ ਭਲੇ ਲਈ ਕਿਰਪਾਨ ਧੂ ਲਈ, ਮਿਆਨ ਕਿੱਲੀ ਨਾਲ ਟੰਗਿਆ ਤੇ ਪਰਿਵਾਰ ਨੂੰ ਫ਼ਤਹਿ ਬੁਲਾ ਕੇ ਘੋੜੇ ਦੀਆਂ ਵਾਗਾਂ ਖਿੱਚੀਆਂ ਅਤੇ ਸਭਰਾਵਾਂ ਦੇ ਨਜ਼ਦੀਕ ਮੈਦਾਨੇ ਜੰਗ ਵਿੱਚ ਪਹੁੰਚ ਕੇ ਲੜਾਈ ਦੀ ਆਖਰੀ ਰਣਨੀਤੀ ਘੜਨੀ ਸ਼ੁਰੂ ਕਰ ਦਿੱਤੀ, ਜਿੱਥੇ ਕਿ ਖ਼ਾਲਸਾ ਤੇ ਫਿਰੰਗੀ ਫੌਜਾਂ ਨੇ ਜੰਗ ਵਿੱਚ ਮਰ ਮਿਟਣ ਦੀ ਤਿਆਰੀ ਕਰ ਰੱਖੀ ਸੀ।

ਸਰਦੀ ਦਾ ਮੌਸਮ ਸੀ। 10 ਫਰਵਰੀ, 1846 ਵਾਲੇ ਦਿਨ ਦੀ ਸਵੇਰ ਸੀ। ਸ. ਸ਼ਾਮ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਅਰਦਾਸ-ਬੇਨਤੀ ਕੀਤੀ। ਖ਼ਾਲਸਾ ਫੌਜ ਨੂੰ ਸੰਬੋਧਨ ਕਰਦਿਆਂ ਆਪਣੇ ਗੁਰੂਆਂ, ਕੌਮੀ ਸ਼ਹੀਦਾਂ, ਮੁਰੀਦਾਂ ਤੇ ਪੁਰਖਿਆਂ ਦੀਆਂ ਕੁਰਬਾਨੀਆਂ ਤੇ ਕਾਰਨਾਮਿਆਂ ਦੀ ਯਾਦ ਤਾਜ਼ਾ ਕਰਵਾਈ। ਸਭਰਾਉਂ (ਜ਼ਿਲ੍ਹਾ ਫਿਰੋਜ਼ਪੁਰ, ਨੇੜੇ ਕਸਬਾ ਮਖੂ) ਦੇ ਮੈਦਾਨੇ ਜੰਗ ਵਿੱਚ ਅੰਗਰੇਜ਼ ਤੇ ਖ਼ਾਲਸਾ ਫੌਜਾਂ ਦਰਮਿਆਨ ਆਰ ਤੇ ਪਾਰ ਦੀ ਗਹਿਗੱਚ ਜੰਗ ਸ਼ੁਰੂ ਹੋ ਗਈ। ਦੋਵੇਂ ਹੀ ਬਾਦਸ਼ਾਹੀ ਫੌਜਾਂ ਭਾਰੀਆਂ ਸਨ ਪਰ ਸਿੰਘਾਂ ਦੇ ਜੋਸ਼ ਅੱਗੇ ਫਿਰੰਗੀਆਂ ਦੇ ਪੈਰ ਖਿਸਕ ਰਹੇ ਸਨ। ਖੂਬ ਗੋਲੀਆਂ ਚੱਲੀਆਂ ਤੇ ਖੰਡੇ ਖੜਕੇ। ਦੋਵਾਂ ਹੀ ਧਿਰਾਂ ਦਰਮਿਆਨ ਬਹੁਤ ਹੀ ਭਿਆਨਕ ਤੇ ਲਹੂ ਡੋਲ੍ਹਵੀਂ ਜੰਗ ਹੋਈ। ਸਿੰਘਾਂ ਨੇ ਆਪਣੀ ਰਵਾਇਤ ਕਾਇਮ ਰੱਖਦੇ ਹੋਏ ਇਕ ਵਾਰ ਫਿਰ ਬਹਾਦਰੀ, ਜਜ਼ਬੇ ਅਤੇ ਸੂਰਬੀਰਤਾ ਦੀ ਮਿਸਾਲ ਕਾਇਮ ਕੀਤੀ ਅਤੇ ਵੈਰੀਆਂ ਨੂੰ ਹੱਥਾਂ-ਪੈਰਾਂ ਦੀ ਪਾ ਦਿੱਤੀ। ਸ਼ਾਹ ਮੁਹੰਮਦ ਲਿਖਦਾ ਹੈ

"ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆ ਦੇ, ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ"

ਡੋਗਰਿਆਂ ਤੇ ਫਿਰੰਗੀਆਂ ਦਰਮਿਆਨ ਪਹਿਲਾਂ ਤੋਂ ਹੀ ਹੋਏ ਇੱਕ ਗਿਣੇ-ਮਿੱਥੇ ਤੇ ਗੁਪਤ ਸਮਝੌਤੇ ਤਹਿਤ ਖ਼ਾਲਸਾ ਫੌਜਾਂ ਲਈ ਬਾਰੂਦ ਦੀ ਸਪਲਾਈ ਬੰਦ ਕਰ ਦਿੱਤੀ ਗਈ। ਉਸੇ ਹੀ ਸਾਜ਼ਿਸ਼ ਅਧੀਨ ਡੋਗਰੇ ਜਰਨੈਲ ਮੈਦਾਨੇ ਜੰਗ ਵਿਚੋਂ ਆਪਣੀਆਂ ਫੌਜਾਂ ਨੂੰ ਧੋਖਾ ਦੇ ਕੇ ਨੱਸ ਤੁਰੇ। ਉਹ ਜਾਂਦੇ-ਜਾਂਦੇ ਹੋਏ ਸਤਲੁਜ ਦਰਿਆ ਉੱਪਰ ਬਣੇ ਹੋਏ ਬੇੜੀਆਂ ਦੇ ਪੁਲ ਨੂੰ ਵੀ ਤੋੜ ਗਏ ਜਿਸ ਕਰਕੇ ਹਜ਼ਾਰਾਂ ਸਿੱਖ ਫੌਜੀ ਉੱਥੇ ਪਾਣੀ ਦੇ ਵਹਿਣ ਵਿੱਚ ਰੁੜ੍ਹ ਗਏ। ਜਰਨੈਲਾਂ ਤੋਂ ਬਿਨਾਂ ਸਿੱਖ ਫੌਜ ਦਾ ਉਸ ਵੇਲੇ ਘਬਰਾ ਜਾਣਾ ਵੀ ਕੁਦਰਤੀ ਸੀ। ਇਸ ਸੰਕਟ ਦੇ ਸਮੇਂ ਖ਼ਾਲਸਈ ਫੌਜਾਂ ਨੂੰ ਡਰ ਦੇ ਮਾਰੇ ਬਹੁਤੇ ਜਨ ਸਾਧਾਰਨ ਸਿੱਖਾਂ ਦੀ ਹਮਾਇਤ ਵੀ ਨਾ ਹਾਸਲ ਹੋਈ। ਸਿੱਖ ਫੌਜਾਂ ਤਾਣ ਹੁੰਦਿਆਂ ਵੀ ਨਿਤਾਣੀਆਂ ਹੋ ਗਈਆਂ। ਘਮਸਾਨ ਦੀ ਇਸ ਲੜਾਈ ਵਿੱਚ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਨੇ ਪੂਰੇ ਤਾਣ ਨਾਲ ਗੋਰਿਆਂ ਦੇ ਆਹੂ ਲਾਹੇ ਪਰ ਲੜਦਿਆਂ-ਲੜਦਿਆਂ ਉਸ ਯੋਧੇ ਨੂੰ ਗੋਲੀਆਂ ਦੇ ਸੱਤ ਜ਼ਖਮ ਲੱਗੇ। ਸਿੱਖ ਰਾਜ ਦੀ ਰਾਖੀ ਲਈ ਕੀਤਾ ਹੋਇਆ ਆਪਣਾ ਪ੍ਰਣ ਨਿਭਾਉਂਦਿਆਂ ਉਹ ਸ਼ਹੀਦ ਹੋ ਗਏ। ਜਰਨੈਲ ਤੋਂ ਸੱਖਣੀ ਹੋਈ ਸਿੱਖ ਫੌਜ ਜੋ ਸ਼ਾਮਾਂ ਪੈਣ ਤੋਂ ਪਹਿਲਾਂ ਜਿੱਤ ਰਹੀ ਸੀ, ਦੀ ਅੰਤ ਨੂੰ ਹਾਰ ਹੋ ਗਈ। ਸ਼ਾਹ ਮੁਹੰਮਦ ਲਿਖਦਾ ਹੈ:

"ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ ਜਿਹੜੀਆਂ ਖ਼ਾਲਸੇ ਤੇਗਾਂ ਮਾਰੀਆਂ ਨੇ,
ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ'

ਉਧਰ ਪਤੀ ਦੀ ਮੌਤ ਦੀ ਖ਼ਬਰ ਸੁਣਦਿਆਂ ਹੀ ਸ਼ਾਮ ਸਿੰਘ ਅਟਾਰੀ ਵਾਲਿਆਂ ਦੀ ਸੁਪਤਨੀ ਮਾਈ ਦੇਸਾਂ ਨੇ 10 ਫਰਵਰੀ 1846 ਵਾਲੇ ਦਿਨ ਹੀ ਆਪਣੇ ਪਰਾਣ ਤਿਆਗ ਦਿੱਤੇ। ਸ਼ਹੀਦ ਸ਼ਾਮ ਸਿੰਘ ਦਾ ਸਸਕਾਰ ਉਨ੍ਹਾਂ ਦੇ ਪਿੰਡ ਅਟਾਰੀ ਵਿਖੇ 12 ਫਰਵਰੀ, 1846 ਨੂੰ ਆਪਣੀ ਸੁਪਤਨੀ ਦੀ ਚਿਖਾ ਨੇੜੇ ਹੀ ਕਰ ਦਿੱਤਾ ਗਿਆ।



ਬਹੁਤਾ ਕਰਕੇ ਖੁਦਗਰਜ਼ ਡੋਗਰਿਆਂ ਤੇ ਫੌਜ ਵਿਚਲੇ ਕੁਝ ਕੁ ਆਪ ਮੁਹਾਰੇ ਤੱਤਾਂ ਨੇ ਦੇਸ਼-ਧਰੋਹ ਕਰਨ ਵਿੱਚ ਕੋਈ ਵੀ ਕਸਰ ਨਾ ਛੱਡੀ। ਉਹ ਇਤਨਾ ਜ਼ੋਰ ਖ਼ਾਲਸਈ ਫੌਜ ਦੀ ਤਾਕਤ ਵਧਾਉਣ ਵਿੱਚ ਨਹੀਂ ਸਨ ਲਾਉਂਦੇ ਜਿਤਨਾ ਕਿ ਇਕ-ਦੂਜੇ ਦੀ ਵਿਰੋਧਤਾ ਕਰਨ ਵਿੱਚ ਲਾਉਂਦੇ ਸਨ। ਜੇਕਰ ਮਿਸਰ ਲਾਲ ਸਿੰਘ ਅਤੇ ਮਿਸਰ ਤੇਜ ਸਿੰਘ ਡੋਗਰੇ ਆਗੂਆਂ ਦੀ ਨੀਅਤ ਸਾਫ ਹੁੰਦੀ ਅਤੇ ਉਹ ਨਮਕ ਹਰਾਮੀ ਨਾ ਕਰਦੇ ਤਾਂ ਲੜਾਈ ਦੇ ਸਿੱਟੇ ਕੋਈ ਹੋਰ ਹੀ ਹੋਣੇ ਸਨ ਅਤੇ ਸਾਰੇ ਹਿੰਦ ਦਾ ਇਤਿਹਾਸ ਵੀ ਅੱਜ ਕੁਝ ਹੋਰ ਹੀ ਹੋਣਾ ਸੀ। ਸਭਰਾਵਾਂ ਦੀ ਜੰਗ ਵਿਚ ਹੋਈ ਹਾਰ ਤੋਂ ਕੁਝ ਸਮਾਂ ਪਿੱਛੋਂ ਮਹਾਰਾਣੀ ਜਿੰਦ ਕੌਰ ਨੂੰ ਮਹਾਰਾਜਾ ਦਲੀਪ ਸਿੰਘ ਦੇ ਸਰਪ੍ਰਸਤ ਵਜੋਂ ਹਟਾ ਦਿੱਤਾ ਗਿਆ। ਦਲੀਪ ਸਿੰਘ ਤੋਂ ਬਾਦਸ਼ਾਹੀ ਖੋਹ ਲਈ ਗਈ ਤੇ ਖ਼ਾਲਸਾ ਰਾਜ ਦੀ ਸਾਰੀ ਸੰਪਤੀ ਜ਼ਬਤ ਕਰ ਲਈ ਗਈ। 29 ਮਾਰਚ 1849 ਵਾਲੇ ਦਿਨ 10 ਸਾਲਾ ਮਹਾਰਾਜਾ ਦਲੀਪ ਸਿੰਘ ਪਾਸੋਂ ਇੱਕ ਦਸਤਾਵੇਜ਼ ਉੱਪਰ ਦਸਤਖ਼ਤ ਕਰਵਾ ਲਏ ਗਏ ਅਤੇ ਇਸ ਪੰਜਾਬ ਉੱਪਰ ਪੂਰਨ ਤੌਰ 'ਤੇ ਬ੍ਰਿਟਿਸ਼ ਰਾਜ ਕਾਇਮ ਹੋ ਗਿਆ।

ਕਿਸੇ ਅਣਸੁਖਾਵੀਂ ਘਟਨਾ ਤੋਂ ਬਚਣ ਲਈ ਸੰਨ 1850 ਵਿੱਚ ਫਿਰੰਗੀਆਂ ਵਲੋਂ ਮਹਾਰਾਜਾ ਦਲੀਪ ਸਿੰਘ ਨੂੰ ਪੰਜਾਬ ਤੋਂ ਫ਼ਤਹਿਗੜ੍ਹ ਲਿਜਾਇਆ ਗਿਆ, ਜਿੱਥੇ ਉਸ ਨੂੰ ਈਸਾਈ ਮਿਸ਼ਨਰੀਆਂ ਦੇ ਹਵਾਲੇ ਕੀਤਾ ਗਿਆ। ਉਸ ਲਈ ਫ਼ਾਰਸੀ, ਪੰਜਾਬੀ ਤੇ ਅੰਗ੍ਰੇਜ਼ੀ ਦੀ ਪੜ੍ਹਾਈ ਦਾ ਪ੍ਰਬੰਧ ਕੀਤਾ ਗਿਆ। ਪੰਜਾਬ ਦੀ ਧਰਤੀ ਨਾਲੋਂ ਮੋਹ ਤੋੜਨ ਲਈ ਅੰਗਰੇਜ਼ ਸਰਕਾਰ ਆਖਰ 1854 ਵਿਚ ਮਹਾਰਾਜਾ ਦਲੀਪ ਸਿੰਘ ਨੂੰ ਇੰਗਲੈਂਡ ਲੈ ਗਈ, ਜਿਥੇ ਉਸ ਦਾ ਧਰਮ ਤਬਦੀਲ ਕਰਕੇ ਉਸ ਨੂੰ ਪੂਰੀ ਤਰ੍ਹਾਂ ਈਸਾਈ ਧਰਮ ਵਿੱਚ ਸ਼ਾਮਲ ਕਰ ਲਿਆ ਗਿਆ। ਥੋੜ੍ਹੇ ਸਮੇਂ ਵਿੱਚ ਹੀ ਦਲੀਪ ਸਿੰਘ ਮਹਾਰਾਣੀ ਵਿਕਟੋਰੀਆਂ ਦਾ ਮਨ ਪਸੰਦ ਸ਼ਹਿਜ਼ਾਦਾ ਬਣ ਗਿਆ ਅਤੇ ਉਸ ਨੇ ਐਸ਼ੋ-ਆਰਾਮ ਵਾਲੀ ਜ਼ਿੰਦਗੀ ਬਤੀਤ ਕਰਨੀ ਸ਼ੁਰੂ ਕਰ ਦਿੱਤੀ। ਕਹਿੰਦੇ ਨੇ ਕਿ ਮੁਸੀਬਤਾਂ ਕਦੇ ਵੀ ਇਕੱਲੀਆਂ ਨਹੀਂ ਆਇਆ ਕਰਦੀਆਂ। ਇੱਧਰ ਪੰਜਾਬ ਵਿੱਚ ਫਿਰੰਗੀਆਂ ਵਲੋਂ ਮਹਾਰਾਣੀ ਜਿੰਦਾਂ ਨੂੰ ਕੈਦ ਕਰ ਲਿਆ ਗਿਆ ਤੇ ਫਿਰ ਜਲਾਵਤਨ ਕਰਕੇ ਬਨਾਰਸ ਭੇਜ ਦਿੱਤਾ ਗਿਆ, ਜਿੱਥੇ ਉਹ ਜੇਲ੍ਹ ਵਿਚੋਂ ਕਿਸੇ ਢੰਗ-ਤਰੀਕੇ ਨਾਲ ਬਚ ਨਿਕਲੀ ਅਤੇ ਨੇਪਾਲ ਵਿੱਚ ਦਰ-ਬ-ਦਰ ਧੱਕੇ ਖਾਂਦੀ ਹੋਈ ਤਕਰੀਬਨ ਅੰਨ੍ਹੀ ਹੀ ਹੋ ਗਈ ਤੇ ਮੰਗਤਿਆਂ ਵਾਲਾ ਜੀਵਨ ਬਤੀਤ ਕਰਨ ਲਈ ਮਜਬੂਰ ਹੋ ਗਈ। ਆਪਣਿਆਂ ਤੇ ਪਰਾਇਆਂ ਦੀਆਂ ਸਾਜ਼ਿਸ਼ਾਂ ਅਧੀਨ ਉਸ ਨੂੰ ਬਦਨਾਮ ਕੀਤਾ ਗਿਆ ਪਰ ਉਸ ਨੇ ਹੌਸਲਾ ਨਾ ਛੱਡਿਆ ਤੇ ਆਖਰ ਆਪਣੇ ਵਤਨ ਦੀ ਸੁੱਖ ਮੰਗਦਿਆਂ ਉਹ ਆਪਣੇ ਪੁੱਤਰ ਦਲੀਪ ਸਿੰਘ ਨਾਲ 1861 ਵਿੱਚ ਇੰਗਲੈਂਡ ਚਲੀ ਗਈ, ਜਿੱਥੇ ਉਹ ਪਹਿਲੀ ਅਗਸਤ 1863 ਵਾਲੇ ਦਿਨ 46 ਸਾਲਾ ਉਮਰ ਭੋਗ ਕੇ (1817 ਤੋਂ 1 ਅਗਸਤ 1863) ਇਸ ਸੰਸਾਰ ਨੂੰ ਸਦਾ ਲਈ ਅਲਵਿਦਾ ਕਹਿ ਗਈ।

ਆਪਣੀ ਮਾਂ ਦੀ ਇੱਛਾ ਅਨੁਸਾਰ ਮਹਾਰਾਜਾ ਦਲੀਪ ਸਿੰਘ ਆਪਣੀ ਮਾਤਾ ਮਹਾਰਾਣੀ ਜਿੰਦ ਕੌਰ ਦਾ ਸਸਕਾਰ ਪੰਜਾਬ ਵਿੱਚ ਆਪਣੇ ਪਿਤਾ ਦੇ ਨੇੜੇ ਲਾਹੌਰ ਵਿਖੇ ਕਰਨਾ ਚਾਹੁੰਦਾ ਸੀ ਪਰ ਗੋਰੀ ਸਰਕਾਰ ਵਲੋਂ ਉਸ ਨੂੰ ਪੰਜਾਬ ਜਾਣ ਦੀ ਆਗਿਆ ਨਾ ਦਿੱਤੀ ਗਈ, ਜਿਸ ਕਰਕੇ ਉਸ ਨੂੰ ਆਪਣੀ ਮਾਂ ਦਾ ਸਸਕਾਰ ਮੁੰਬਈ ਦੇ ਨੇੜੇ ਨਾਸਿਕ ਵਿਖੇ ਗੋਦਾਵਰੀ ਦਰਿਆ ਦੇ ਕੰਢੇ ਹੀ ਕਰਨਾ ਪਿਆ। ਸਮਾਂ ਪਾ ਕੇ ਮਹਾਰਾਣੀ ਜਿੰਦਾਂ ਦੀਆਂ ਆਸ਼ਾਵਾਂ ਨੂੰ ਉਦੋਂ ਬੂਰ ਪਿਆ ਜਦੋਂ ਆਪਣੀ ਦਾਦੀ ਦੀ ਇੱਛਾ ਦਾ ਸਤਿਕਾਰ ਕਰਦਿਆਂ ਪਰਿੰਸੈਸ ਬੰਬਾ ਸੋਫੀਆ ਜਿੰਦਾਂ ਦਲੀਪ ਸਿੰਘ ਨੇ ਮਹਾਰਾਣੀ ਜਿੰਦਾਂ ਦੀਆਂ ਅਸਤੀਆਂ ਲਾਹੌਰ ਵਿਖੇ ਮਹਾਰਾਜਾ ਰਣਜੀਤ ਸਿੰਘ ਦੇ ਮੈਮੋਰੀਅਲ ਵਿਖੇ ਭੇਟ ਕਰ ਹੀ ਦਿੱਤੀਆਂ।

ਭਾਵੇਂ ਫਿਰੰਗੀਆਂ ਨੇ ਮਹਾਰਾਜਾ ਦਲੀਪ ਸਿੰਘ ਨੂੰ ਆਪਣੇ ਮਕੜੀ ਜਾਲ ਵਿੱਚ ਖੂਬ ਫਸਾ ਲਿਆ ਸੀ ਪਰ ਤਵਾਰੀਖ਼ ਨੇ ਆਖਰ ਐਸਾ ਪਲਟਾ ਮਾਰਿਆ ਕਿ 25 ਮਈ 1886 ਨੂੰ ਅਦਨ ਵਿਖੇ ਮਹਾਰਾਜਾ ਦਲੀਪ ਸਿੰਘ ਨੇ ਅੰਮ੍ਰਿਤ ਛਕ ਕੇ ਮੁੜ ਸਿੱਖ ਧਰਮ ਧਾਰਨ ਕਰ ਲਿਆ। ਮਹਾਰਾਜਾ ਦਲੀਪ ਸਿੰਘ ਸਿੱਖ ਰਾਜ ਨੂੰ ਮੁੜ ਪ੍ਰਾਪਤ ਕਰਨ ਲਈ ਵਿਸ਼ਵ ਭਰ ਵਿੱਚ ਕੋਸ਼ਿਸ਼ਾਂ ਕਰਦਾ ਹੋਇਆ ਆਖਰ 22 ਅਕਤੂਬਰ 1893 ਵਾਲੇ ਦਿਨ ਪੈਰਿਸ (ਫਰਾਂਸ) ਵਿਖੇ ਗੁਰਬਤ ਦੀ ਜ਼ਿੰਦਗੀ ਨਾਲ ਲੜਦਾ ਹੋਇਆ ਇਕ ਛੋਟੇ ਜਿਹੇ ਹੋਟਲ ਵਿੱਚ ਇਸ ਸੰਸਾਰ ਨੂੰ ਸਦਾ ਲਈ ਅਲਵਿਦਾ ਕਹਿ ਗਿਆ। ਕੁਦਰਤ ਦਾ ਐਸਾ ਭਾਣਾ ਵਾਪਰਿਆ ਕਿ ਸਿੱਖ ਰਾਜ ਦੇ ਆਖਰੀ ਮਹਾਰਾਜੇ ਨੂੰ ਆਪਣੇ ਹੀ ਵਤਨ ਪੰਜਾਬ ਵਿੱਚ ਸਸਕਾਰ ਵਾਸਤੇ ਕੋਈ ਥਾਂ ਵੀ ਨਸੀਬ ਨਾ ਹੋ ਸਕੀ। ਸਾਨੂੰ ਆਪਣੇ ਇਨ੍ਹਾਂ ਪੁਰਖਿਆਂ ਜੋ ਕਿ ਖ਼ਾਲਸਈ ਆਨ-ਸ਼ਾਨ ਅਤੇ ਪ੍ਰਭੂਸੱਤਾ ਲਈ ਜੂਝੇ, ਦੀਆਂ ਕੁਰਬਾਨੀਆਂ ਤੇ ਘਾਲਣਾਵਾਂ ਨੂੰ ਸਦਾ ਲਈ ਆਪਣੇ ਚੇਤਿਆਂ ਵਿਚ ਵਸਾਉਣਾ ਚਾਹੀਦਾ ਹੈ ਤਾਂ ਕਿ ਇਨ੍ਹਾਂ ਦਾ ਸੁਨਹਿਰੀ ਤੇ ਲਾਸਾਨੀ ਇਤਿਹਾਸ ਸਾਡਾ ਮਾਰਗ-ਦਰਸ਼ਨ ਕਰਦਾ ਹੈ ਅਤੇ ਆਪਣੇ ਵਤਨ ਤੇ ਕੌਮੀ ਆਭਾ ਖਾਤਰ ਜੂਝਣ ਦੀ ਪ੍ਰੇਰਨਾ ਦਿੰਦਾ ਰਹੇ। ਜਥੇਦਾਰ ਸ਼ਾਮ ਸਿੰਘ ਅਟਾਰੀ ਵਾਲਿਆਂ ਦੇ ਸ਼ਹੀਦੀ ਸਥਾਨ 'ਤੇ ਮੌਜੂਦਾ ਸਮੇਂ ਬਾਬਾ ਸ਼ਿੰਦਰ ਸਿੰਘ ਜੀ ਕਾਰ ਸੇਵਾ ਸੰਪਰਦਾਇ ਸਰਹਾਲੀ ਵਲੋਂ ਸੇਵਾ ਕਰਵਾਈ ਜਾ ਰਹੀ ਹੈ। ਸ਼ਹੀਦ ਸਰਦਾਰ ਸ਼ਾਮ ਸਿੰਘ ਅਟਾਰੀ ਦੀ ਯਾਦ ਵਿਚ 10 ਫਰਵਰੀ ਨੂੰ ਹਰ ਸਾਲ ਸਮਾਗਮ ਕਰਵਾਇਆ ਜਾਂਦਾ ਹੈ, ਸਮਾਗਮ ਦੇ ਦੌਰਾਨ ਗਤਕਾ, ਕਬੱਡੀ ਤੋਂ ਇਲਾਵਾ ਹੋਰ ਖੇਡਾ ਵੀ ਕਰਵਾਈਆਂ ਜਾਂਦੀਆ ਹਨ। ਗੁਰਦੁਆਰਾ ਸਾਹਿਬ ਦੀ ਇਮਾਰਤ ਵੀ ਬਹੁਤ ਸ਼ਾਨਦਾਰ ਬਣੀ ਹੋਈ। ਜਥੇਦਾਰ ਅਟਾਰੀਵਾਲਾ ਦੇ ਨਾਮ 'ਤੇ ਪਿੰਡ ਸਭਰਾਂ ਵਿਖੇ ਸਕੂਲ ਬਣਾਇਆ ਹੋਇਆ ਜਿਸ ਵਿਚ ਅਨੇਕਾਂ ਹੀ ਵਿਦਿਆਰਥੀ ਵਿਦਿਆ ਹਾਸਲ ਕਰ ਰਹੇ ਹਨ। ਕਾਰ ਸੇਵਾ ਵੱਲੋਂ ਬਹੁਤ ਬੱਚਿਆਂ ਨੂੰ ਮੁਫਤ ਵਿਦਿਆ ਦਿੱਤੀ ਜਾ ਰਹੀ ਵਿਦਿਆ ਦੇ ਨਾਲ-ਨਾਲ ਉਨ੍ਹਾਂ ਨੂੰ ਗੁਰਮਤਿ ਦੀ ਪੜ੍ਹਾਈ ਵੀ ਕਰਵਾਈ ਜਾਂਦੀ ਹੈ।

# ਕੈਪਟਨ ਕੰਵਰ ਹਰਭਜਨ ਸਿੰਘ ਦੀ ਯਾਦ ਵਿਚ ਸੈਂਟਾ ਐਨਾ ਗੁਰਦੁਆਰਾ ਸਾਹਿਬ ਵਿਚ ਸਮਾਗਮ

**ਸੈਂਟਾ ਐਨਾ/ਬਿਊਰੋ ਨਿਊਜ਼ :**

ਇੰਟਰਨੈਸ਼ਨਲ ਇੰਸਟੀਚਿਊਟ ਆਫ਼ ਗੁਰਮਤਿ ਸਟੱਡੀਜ਼ (ਆਈ.ਆਈ.ਜੀ.ਐਸ.) ਵਲੋਂ ਸੰਸਥਾ ਦੇ ਬਾਨੀ ਮਰਹੂਮ ਕੈਪਟਨ ਕੰਵਰ ਹਰਭਜਨ ਸਿੰਘ ਨੂੰ ਯਾਦ ਕਰਦਿਆਂ ਸੈਂਟਾ ਐਨਾ ਗੁਰਦੁਆਰਾ ਸਾਹਿਬ ਵਿਖੇ ਸਮਾਗਮ ਕੀਤਾ ਗਿਆ।





ਕੈਪਟਨ ਕੰਵਰ ਹਰਭਜਨ ਸਿੰਘ ਨੂੰ, ਜੋ 30 ਜਨਵਰੀ 2011 ਨੂੰ ਵਿਛੋੜਾ ਦੇ ਗਏ ਸਨ, ਸਾਰਿਆਂ ਵਲੋਂ ਸਤਿਕਾਰ ਨਾਲ ਪਾਪਾ ਜੀ ਸੱਦਿਆ ਜਾਂਦਾ ਸੀ। ਇਹ ਸਮਾਗਮ ਸ਼ਾਮ 6:00 ਵਜੇ ਸ਼ੁਰੂ ਹੋਇਆ ਜਿਸ ਵਿਚ ਸੈਂਟਾ ਐਨਾ ਗੁਰਦੁਆਰਾ ਸਾਹਿਬ ਦੇ ਰਾਗੀ ਸਿੰਘਾਂ ਅਤੇ ਵਿਦਿਆਰਥੀਆਂ ਵਲੋਂ ਕੀਰਤਨ ਕੀਤਾ ਗਿਆ। ਸਫਲ ਰਹਿਣ ਵਾਲੇ ਵਿਦਿਆਰਥੀਆਂ ਨੂੰ ਵਜ਼ੀਫੇ ਦਿੱਤੇ ਗਏ।

ਜ਼ਿਕਰਯੋਗ ਹੈ ਕਿ ਕੈਪਟਨ ਹਰਭਜਨ ਸਿੰਘ ਦੀ ਯਾਦ ਵਿਚ ਸੰਸਥਾ ਵਲੋਂ ਸਿੱਖ ਨੌਜਵਾਨਾਂ ਨੂੰ ਵੱਖ ਵੱਖ ਖੇਤਰਾਂ ਲਈ ਵਜ਼ੀਫ਼ੇ ਦਿੱਤੇ ਜਾਂਦੇ ਹਨ। ਅਕਤੂਬਰ ਵਿਚ ਪਾਪਾ ਜੀ ਦੀ ਯਾਦ ਵਿਚ ਗੌਲਫ਼ ਟੂਰਨਾਮੈਂਟ ਕਰਵਾਇਆ ਗਿਆ ਸੀ ਤੇ ਵਜ਼ੀਫਿਆਂ ਲਈ ਫੰਡ ਜੁਟਾਏ ਗਏ ਸਨ। ਇਹ ਸੰਸਥਾ ਨੌਜਵਾਨ ਪੀੜ੍ਹੀ ਨੂੰ ਸਿੱਖੀ ਸਿਧਾਂਤਾ ਬਾਰੇ ਜਾਗਰੂਕ ਕਰਨ ਦੇ ਨਾਲ ਨਾਲ ਹੋਰ ਸਭਿਆਚਾਰਕ ਤੇ ਸਮਾਜਿਕ ਗਤੀਵਿਧੀਆਂ ਵੀ ਕਰਵਾਉਂਦੀ ਹੈ।



Raja SWEETS & CATERING
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders






ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

(510) 900-6319

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING table cloth, napkins, chairs etc.





# PANNU'S
LEGAL SERVICES

G.S. Pannu (Immigration Consultant, LDA)
ivisapass@gmail.com • FAX 510.279.7624
510.677.5200

IMMIGRATION
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT
STUDENT VISA (EDUCATE YOUR CHILDREN IN USA)

DIVORCE
★ CHILD SUPPORT ★ CHILD VISITATION ★ CHILD CUSTODY ★ MODIFICATION

# PANNU'S
PASSPORT & VISA SERVICES
indiavisa123@gmail.com • FAX 510.279.7624



M.K. Pannu (Owner)

VISA IN ONE DAY




Indian Passport | India Visa in 1 Day | OCI | US Passport

Power of Attorney & Other Services

510.677.8440

40757, Grimmer Blvd. FREMONT CA-94538 | 3810 Eau Claire Ave, Ceres, MODESTO/CERES CA-95307 | 220 Bush St/Montgomery St, #445 SAN FRANCISCO (OPPOSITE INDIA VISA CENTER)



RADIO GAL PUNJAB DI USA

LISTEN & SUPPORT
ਨਿਰਪੱਖ

ਰੇਡੀਓ ਗੱਲ ਪੰਜਾਬ ਦੀ ਯੂਐਸਏ

ਅਸੀਂ ਧਾਰਮਿਕ, ਰਾਜਨੀਤਿਕ, ਸਮਾਜਿਕ
ਅਤੇ ਸਮਾਜ ਦੇ ਹੋਰ ਵੱਖ-ਵੱਖ ਖੇਤਰਾਂ ਦੀਆਂ ਉਘੀਆਂ ਸਖਸ਼ੀਅਤਾਂ ਨੂੰ ਤੁਹਾਡੇ ਰੂਬਰੂ ਲੈ ਕੇ ਆਵਾਂਗੇ

001-510-541-7344
galpunjabdi1@gmail.com

www.radiogalpunjabdiusa.com

Download App From

STAFF/PARTNERS
NEEDED AROUND THE WORLD
ਕ੍ਰਿਪਾ ਕਰਕੇ ਸਾਡੇ ਨਾਲ ਜੁੜੇ ਰਹੋ, ਅਸੀਂ ਤੁਹਾਡੀ ਸਾਰੀਆਂ ਉਮੀਦਾਂ ਤੇ ਖਰੇ ਉਤਰਾਂਗੇ।

CALL TO LISTEN
USA : +1-563-999-3276
CAN : +1-867-675-1499
UK : +44-0330-606-1304
AUS : +61-028-080-5101

Free announcements for Religious, Political, and Social Events

# 'ਕਾਮਾਗਾਟਾ ਮਾਰੂ ਦਾ ਅਸਲੀ ਸਚ'





ਰਾਜਵਿੰਦਰ ਸਿੰਘ ਰਾਹੀ

ਕਾਮਾਗਾਟਾਮਾਰੂ ਦੇ ਦੁਖਾਂਤ ਨੂੰ ਉਜਾਗਰ ਕਰਦੀ
ਸ. ਰਾਜਵਿੰਦਰ ਸਿੰਘ ਰਾਹੀ ਦੀ ਕਿਤਾਬ
'ਕਾਮਾਗਾਟਾਮਾਰੂ ਦਾ ਅਸਲੀ ਸਚ'
ਨੂੰ ਲੋਕ ਅਰਪਣ ਕਰਨ ਲਈ ਦੋ ਵਿਸ਼ੇਸ਼ ਸਮਾਗਮ

**ਪ੍ਰੋਗਰਾਮਾਂ ਦਾ ਵੇਰਵਾ ਇਸ ਤਰ੍ਹਾਂ ਹੈ:**

**19 ਫਰਵਰੀ ਐਤਵਾਰ ਬਾਅਦ ਦੁਪਹਿਰ 1:00 ਵਜੇ**
**ਗੁਰਦੁਆਰਾ ਸਿੰਘ ਸਭਾ ਮਿਲਪੀਟਸ**
690 E Calaveras Blvd. Milpitas, CA, Ph : (408) 618-5545

**26 ਫਰਵਰੀ ਐਤਵਾਰ ਦੁਪਹਿਰ 12:00 ਵਜੇ**
**ਗੁਰਦੁਆਰਾ ਸਾਹਿਬ ਸਟਾਕਟਨ**
1930 S Grant St, Stockton, CA, Ph : (209) 625-7500

ਪੁਸਤਕ ਦੇ ਲੇਖਕ ਸ. ਰਾਜਵਿੰਦਰ ਸਿੰਘ ਰਾਹੀ ਸੰਗਤਾਂ ਨੂੰ ਵੀਡੀਓ ਕਾਨਫਰੰਸ ਰਾਹੀਂ ਸੰਬੋਧਨ ਕਰਨਗੇ

ਪੰਜਾਬੀ ਰੇਡੀਓ ਯੂਐਸਏ Punjabi RADIO USA

**ਸਭਨਾਂ ਨੂੰ ਪੁੱਜਣ ਦਾ ਖੁਲ੍ਹਾ ਸੱਦਾ ਹੈ**

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# Travel for Less Inc.



SPECIALIZED IN DISCOUNT FARES WORLDWIDE
**INDIA | PAKISTAN | EUROPE**

ASIANA AIRLINES
A STAR ALLIANCE MEMBER

Asiana Airlines Daily Flight To New Delhi

ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।

**Best deals on major airlines like**

ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الاتحاد ETIHAD AIRWAYS
Lufthansa
QATAR AIRWAYS القطرية

BBB IATAN

8th time in a row
2016 Best of Fremont Award




CALL US TO GET BEST RATES FOR YOUR AIR TICKETS TO INDIA AND WORLDWIDE.

CST NO : 2031914-40

We have moved to

**Serving the Bay Area Since 1996**
**32116-Alvarado Blvd. Union City, CA-94587**
Email: info@travelforlessinc.com

**CALL 510-791-3300** Book online 24x7 @ www.Letsflyhome.com

# SAVE $2500

## ON DIESEL PER TRUCK WITH ONE CALL!



# 11¢ DISCOUNT PER GALLON




- ✓ No more Pre-Paid Cards
- ✓ Get Rid of Bank Wires
- ✓ Low Transaction Fee

TRANS-ALLIANCE
TOGETHER WE SAVE

(855) 641-6955 • (888) 795-7035
sales@trans-alliance.com • www.trans-alliance.com

ਜ਼ਿੰਦਗੀ ਨੂੰ ਸੁਹਾਵਣੀ ਬਣਾਓ
'ਦ ਕੰਪਨੀ ਯੂ ਕੀਪ'
ਦੇ ਨਾਲ !

NEW YORK LIFE
www.newyorklife.com

1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।




COVERED CALIFORNIA

ਸਿਮਰਨ ਕੌਰ ਅਟਵਾਲ
ਏਜੰਟ
ਲਾਇਸੰਸ # OE17073

ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com

ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ
ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!



Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL




Special fares to
Amritsar
& Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345



CHAAT BHAVAN®
CHAAT BHAVAN RESTAURANT
Best Name for Indian Vegetarian Food

DINE IN • TAKE OUT • CATERING • DELIVERY



ਵਿਆਹ ਸ਼ਾਦੀ,
ਬਰਥ ਡੇ ਪਾਰਟੀ,
ਐਨਵਰਸਰੀ ਜਾਂ ਹੋਰ
ਕਿਸੇ ਵੀ ਕਿਸਮ ਦੀ
ਕੇਟਰਿੰਗ ਲਈ ਸਦਾ
ਸਾਨੂੰ ਯਾਦ ਰੱਖੋ।

FOR CATERING INQUIRIES:
408.472.0229

Catering
FULL SERVICE CATERING
FOR YOUR SPECIAL EVENT
from 50 to upto 10,000 guests.
Setup a Tasting Appointment Today!

5355 MOWRY AVENUE • FREMONT
510.795.1100

976 E. EL CAMINO REAL • SUNNYVALE
408.795.1100

4112 GRAFTON ST • DUBLIN
925.829.1700

WWW.CHAATBHAVAN.COM

# HYDERABAD PAVILION

# BIRYANIS
## MADE FRESH EVERYDAY!

39030 Argonaut Way, Fremont, CA 94538



CHICKEN BIRYANI



LAMB BIRYANI



GOAT BIRYANI



FISH BIRYANI



EGG BIRYANI



VEGETARIAN BIRYANI

THALI • BIRYANI • TANDOORI

ਅੰਮ੍ਰਿਤਸਰੀ ਕੁਲਚੇ ਦਾ ਅਸਲੀ ਜ਼ਾਇਕਾ ਸਿਰਫ਼
ਹੈਦਰਾਬਾਦ ਪੰਜਾਬੀ ਢਾਬੇ 'ਤੇ ਹੀ ਮਿਲਦਾ ਹੈ
ਅਸੀਂ ਕੇਟਰਿੰਗ ਵੀ ਕਰਦੇ ਹਾਂ।



ORDER AHEAD & PICKUP, CALL:

510.713.0183

# ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦਾ 70ਵਾਂ ਜਨਮ ਦਿਹਾੜਾ ਚੜ੍ਹਦੀ ਕਲਾ ਨਾਲ ਮਨਾਇਆ

## ਗੁਰਦੁਆਰਾ ਸਾਹਿਬ ਸਟਾਕਟਨ ਵਿਖੇ ਸ਼ਾਨਦਾਰ ਸਮਾਗਮ ਮੌਕੇ ਸੰਤਾਂ ਦੇ ਜੀਵਨ ਅਤੇ ਸ਼ਹਾਦਤ ਸਬੰਧੀ ਅਹਿਮ ਵਿਚਾਰਾਂ







**ਗੁਰਦੁਆਰਾ ਸਾਹਿਬ ਸਟਾਕਟਨ ਵਿਖੇ ਸ਼ਾਨਦਾਰ ਸਮਾਗਮ ਮੌਕੇ ਸੰਤਾਂ ਦੇ ਜੀਵਨ ਅਤੇ ਸ਼ਹਾਦਤ ਸਬੰਧੀ ਬਾਰੇ ਅਹਿਮ ਵਿਚਾਰਾਂ**

**ਸਟਾਕਟਨ/ਬਲਿਵੰਦਰਪਾਲ ਸਿੰਘ ਖਾਲਸਾ:**
ਵੀਹਵੀਂ ਸਦੀ ਦੇ ਮਹਾਨ ਸਿੱਖ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦਾ 70ਵਾਂ ਜਨਮ ਦਿਹਾੜਾ ਚੜ੍ਹਦੀ ਕਲਾ ਨਾਲ ਗੁਰਦੁਆਰਾ ਸਾਹਿਬ ਸਟਾਕਟਨ ਵਿਚ ਮਨਾਇਆ ਗਿਆ। ਸ਼ੁੱਕਰਵਾਰ ਨੂੰ ਇਲਾਹੀ ਬਾਣੀ ਦੇ ਅਖੰਡ ਜਾਪ ਦੀ ਅਰੰਭਤਾ ਹੋਈ ਜਿਸ ਦੀ ਸੰਪੂਰਨਤਾ ਐਤਵਾਰ ਨੂੰ ਹਫਤਾਵਾਰੀ ਦੀਵਾਨਾਂ ਵਿਚ ਹੋਈ। ਕਥਾ ਕੀਰਤਨ ਦੇ ਪਰਵਾਹ ਚੱਲੇ, ਜਿਸਦਾ ਲਾਹਾ ਸੰਗਤਾਂ ਨੇ ਰੱਜ ਰੱਜ ਮਾਣਿਆ। ਕਥਾ ਵਿਚ ਸੰਤਾਂ ਦੇ ਜੀਵਨ ਉਤੇ ਝਾਤ ਪਵਾਉਂਦਿਆਂ ਦੱਸਿਆ ਗਿਆ ਕਿ ਉਨਾਂ ਦੀ ਰੁਚੀ ਤੇ ਲਗਨ ਬਚਪਨ ਤੋਂ ਹੀ ਅਕਾਲ ਪੁਰਖ ਵੱਲ ਸੀ। ਸਾਦਾ ਜੀਵਨ ਸੀ ਪਰ ਬੰਦਗੀ ਨਾਲ ਸਰਸ਼ਾਰ ਸੀ।

ਉਪਰੰਤ ਪੰਥਕ ਬੁਲਾਰਿਆਂ ਡਾ: ਦਲਜੀਤ ਸਿੰਘ. ਪੁਨੀਤ ਕੌਰ, ਸਤਨਾਮ ਸਿੰਘ ਅਤੇ ਭਾਈ ਤਰਲੋਚਨ ਸਿੰਘ ਨੇ ਸੰਗਤਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ।

ਸਕੱਤਰ ਭਾਈ ਜਤਿੰਦਰ ਸਿੰਘ ਪੰਮਾ ਨੇ ਸਭ ਬੁਲਾਇਆਂ ਨੂੰ ਕ੍ਰਮਵਾਰ ਸਮਾਂ ਦੇ ਕੇ ਜਨਮ ਦਿਨ ਦੇ ਸਮਾਗਮਾਂ ਨੂੰ ਤਰਤੀਬ ਦਿੱਤੀ। ਬੁਲਾਰਿਆ ਨੇ ਸੰਤਾਂ ਦੇ ਜੀਵਨ ਦੇ ਵੱਖ ਵੱਖ ਪਹਿਲੂ ਪੇਸ਼ ਕੀਤੇ ਜਿਸ ਵਿਚ ਉਨਾਂ ਦੀ ਸ਼ਖਸ਼ੀਅਤ ਦੇ ਬਹੁਤ ਸਾਰੇ ਵਿਲੱਖਣ ਪੱਖ ਬਚਪਨ, ਜਵਾਨੀ ਤੇ ਸ਼ਹਾਦਤ ਸ਼ਾਮਲ ਸਨ। ਉਨਾਂ ਦੇ ਗੁਰਮਿਤ ਗਿਆਨ ਬਾਰੇ ਵੀ ਰੌਸ਼ਨੀ ਪਾਈ ਗਈ।

ਯੂਨੀਵਰਸਿਟੀ ਆਫ ਕੈਲੇਫੋਨਰੀਆ ਸੈਂਟਾ ਕਰੂਜ਼ ਤੋਂ ਵਿਸ਼ੇਸ ਤੌਰ ਤੇ ਪਹੁੰਚੀ ਬੀਬੀ ਪੁਨੀਤ ਕੌਰ ਨੇ ਸੰਤਾਂ ਦੇ ਜੀਵਨ ਵਿਚੋਂ ਸਿੱਖ ਕੌਮ ਦੀ ਗੁਲਾਮੀ ਦੇ ਪੱਖ ਨੂੰ ਉਭਾਰਿਆ। ਇਹ ਗੱਲ ਵਿਸ਼ੇਸ਼ ਧਿਆਨ ਮੰਗਦੀ ਹੈ ਕਿ ਸੰਤਾਂ ਨੇ ਧੁਰ ਅੰਦਰੋਂ ਇਹ ਮਹਿਸੂਸ ਕਰ ਲਿਆ ਸੀ ਕਿ ਸਿੱਖ ਕੌਮ ਬੁਰੀ ਤਰਾਂ ਗੁਲਾਮੀ ਦਾ ਸ਼ਿਕਾਰ ਹੈ ਤੇ ਗੁਲਾਮੀ ਦਾ ਜੂਲਾ ਹਰ ਹਾਲਤ ਵਿਚ ਕੌਮ ਦੇ ਗਲੋਂ ਉਤਾਰਨਾ ਹੈ। ਧਰਮ ਯੁੱਧ ਮੋਰਚੇ ਦਾ ਇਹੀ ਨਿਸ਼ਾਨਾ ਸੀ ਕਿ ਪ੍ਰਾਧੀਨਤਾ ਤੋਂ ਪੱਲਾ ਛੁਡਾਇਆ ਜਾਵੇ। ਗੁਲਾਮੀ ਲਾਹੁਣ ਲਈ ਜੇ ਜਾਨ ਵੀ ਵਾਰਨੀ ਪੈ ਜਾਵੇ ਤਾਂ ਪਿਛਾਂਹ ਨਹੀਂ ਹਟਣਾ। ਇਸੇ ਕਰਕੇ ਸੰਤਾਂ ਨੇ ਜੀਵਨ ਵਿਚ ਜੋ ਕਿਹਾ ਕਰਕੇ ਵਿਖਾਇਆ। ਜੋ ਨਹੀਂ ਕਿਹਾ ਉਹ ਵੀ ਕਰਕੇ ਵਿਖਾਇਆ। ਭਾਰਤੀ ਹਕੂਮਤ ਨੂੰ ਜੜ੍ਹੋਂ ਹਿਲਾ ਕੇ ਰੱਖ ਦਿੱਤਾ। ਸ਼ਹੀਦ ਭਾਈ ਅਮਰੀਕ ਸਿੰਘ ਦੇ ਪੁੱਤਰ ਭਾਈ ਤਰਲੋਚਨ ਸਿੰਘ ਨੇ ਕਿਹਾ ਕਿ ਸੰਤ ਦੀ ਇਹ ਚਾਹਤ ਸੀ ਕਿ ਸਿੱਖੀ ਵਧੇ ਫੁਲੇ ਤੇ ਭਾਰਤੀ ਹਕੂਮਤ ਚਾਹੁੰਦੀ ਸੀ ਕਿ ਸਿੱਖੀ ਮਰ ਮੁੱਕ ਜਾਵੇ। ਇਹੀ ਜੰਗ ਦੀ ਵਜਾਹ ਸੀ। ਭਾਰਤੀ ਹਕੂਮਤ ਜਿੱਤ ਕੇ ਵੀ ਹਾਰ ਗਈ ਤੇ ਸੰਤ ਹਰ ਦਿਲ ਅਜੀਜ਼ ਹੋ ਗਏ।

ਭਾਈ ਸਤਨਾਮ ਸਿੰਘ ਨੇ ਭਾਈ ਮੰਡ ਦੀ ਲਿਖੀ ਇਕ ਨਜ਼ਮ ਸੰਗਤਾਂ ਨੂੰ ਤਰੰਨੁਮ ਵਿਚ ਗਾ ਕੇ ਸੁਣਾਈ। ਅੰਤ ਵਿਚ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਸ਼ਹੀਦ ਭਾਈ ਅਮਰੀਕ ਸਿੰਘ ਦੀ ਸਿੰਘਣੀ ਬੀਬੀ ਹਰਮੀਤ ਕੌਰ ਨੂੰ ਤੇ ਉਨਾਂ ਦੇ ਪੁੱਤਰ ਭਾਈ ਤਰਲੋਚਨ ਸਿੰਘ ਨੂੰ ਗੁਰਦੁਆਰਾ ਸਾਹਿਬ ਵੱਲੋਂ ਸਿਰੋਪਾਓ ਦੀ ਬਖਸ਼ਿਸ਼ ਨਾਲ ਸਨਮਾਨਿਤ ਕੀਤਾ ਗਿਆ।

ਮੁੱਖ ਗੁਰਦੁਆਰਾ ਸਾਹਿਬ ਦੇ ਪੰਡਾਲ ਵਿਚ ਕੈਲੇਫੋਰਨੀਆ ਗਤਕਾ ਦਲ ਦੇ ਸਿੰਘਾਂ ਸਿੰਘਣੀਆਂ ਨੇ ਖਾਲਿਸਤਾਨੀ ਝੰਡਿਆਂ-ਨਿਸ਼ਾਨ ਸਾਹਿਬਾਂ ਦੀ ਰਹਿਨੁਮਾਈ ਵਿਚ ਸੰਗਤਾ ਨੂੰ ਗਤਕੇ ਦੇ ਜੌਹਰ ਵਿਖਾਏ। ਜਥੇਦਾਰ ਦੀਦਾਰ ਸਿੰਘ, ਜਥੇਦਾਰ ਜਸਪ੍ਰੀਤ ਸਿੰਘ ਦੀ ਅਗਵਾਈ ਵਿਚ ਭੁਜੰਗੀਆਂ ਭੁਜੰਗਣਾਂ ਨੇ ਇਕ ਵਾਰ ਤਾਂ ਮਾਹੌਲ ਨੂੰ ਸੰਤ ਸਿਪਾਹੀ ਦੇ ਰੰਗ ਵਿਚ ਰੰਗ ਦਿੱਤਾ। ਖਾਲਿਸਤਾਨ ਜ਼ਿੰਦਾਬਾਦ ਤੇ ਇਤਿਹਾਸਕ ਵਾਰਾਂ ਨਾਲ ਮਾਹੌਲ ਜੋਸ਼ੀਲਾ ਬਣਾ ਦਿੱਤਾ। ਭਾਈ ਰਣਜੀਤ ਸਿੰਘ ਦੀ ਅਵਾਜ਼ ਵਿਚ ਗਤਕੇ ਦੀ ਕਾਰਵਾਈ ਲਗਾਤਾਰ ਸੁਣਨ ਨੂੰ ਮਿਲਦੀ ਰਹੀ। ਅਰਦਾਸ ਨਾਲ ਸ਼ੁਰੂ ਹੋਏ ਗਤਕੇ ਦੀ ਸਮਾਪਤੀ ਵੀ ਅਰਦਾਸ ਨਾਲ ਕੀਤੀ ਗਈ। ਗੁਰਦੁਆਰਾ ਸਾਹਿਬ ਸਟਾਕਟਨ ਦੀ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਤੇ ਕੈਲੇਫੋਰਨੀਆ ਗਤਕਾ ਦਲ ਦੇ ਆਪਸੀ ਸਹਿਯੋਗ ਨਾਲ ਸੰਤਾਂ ਦੇ 70 ਵੇਂ ਜਨਮ ਦਿਨ ਦੀਆਂ ਭਾਰੀ ਰੌਣਕਾਂ ਲੱਗੀਆਂ ਜਿਸ ਵਿਚ ਦੂਰੋਂ ਨੇੜਿਓਂ ਸੰਗਤਾਂ ਹੁੰਮ ਹੁਮਾ ਕੇ ਪਹੁੰਚੀਆਂ।



## ਬਹਿਬਲ ਕਲਾਂ ਕਾਂਡ : ਮ੍ਰਿਤਕ ਕ੍ਰਿਸ਼ਨ ਭਗਵਾਨ ਦੇ ਭਰਾ ਨੇ ਅਦਾਲਤ 'ਚ ਦਿੱਤੀ ਸ਼ਿਕਾਇਤ

*ਕੇਸ ਦੀ ਸੁਣਵਾਈ 18 ਫਰਵਰੀ ਨੂੰ*

**ਫ਼ਰੀਦਕੋਟ/ਬਿਊਰੋ ਨਿਊਜ਼ :** ਜ਼ਿਲ੍ਹਾ ਫ਼ਰੀਦਕੋਟ ਦੇ ਪਿੰਡ ਬਹਿਬਲ ਕਲਾਂ ਵਿੱਚ ਅਕਤੂਬਰ 2015 ਵਿੱਚ ਪੁਲੀਸ ਦੀ ਗੋਲੀ ਨਾਲ ਮਾਰੇ ਗਏ ਦੋ ਸਿੱਖ ਨੌਜਵਾਨਾਂ ਦਾ ਮਾਮਲਾ ਇੱਥੋਂ ਦੀ ਅਦਾਲਤ ਵਿੱਚ ਪੁੱਜ ਗਿਆ ਹੈ। ਮ੍ਰਿਤਕ ਕ੍ਰਿਸ਼ਨ ਭਗਵਾਨ ਦੇ ਭਰਾ ਰੇਸ਼ਮ ਸਿੰਘ ਨੇ ਅਦਾਲਤ ਵਿੱਚ ਸ਼ਿਕਾਇਤ ਦਰਜ ਕਰਵਾ ਕੇ ਮੋਗਾ ਦੇ ਸਾਬਕਾ ਜ਼ਿਲ੍ਹਾ ਪੁਲੀਸ ਮੁਖੀ ਚਰਨਜੀਤ ਸ਼ਰਮਾ, ਫ਼ਰੀਦਕੋਟ ਦੇ ਸਾਬਕਾ ਐੱਸ.ਪੀ. ਬਿਕਰਮਜੀਤ ਸਿੰਘ ਅਤੇ ਇੰਸਪੈਕਟਰ



ਅਮਰਜੀਤ ਸਿੰਘ ਕੁਲਾਰ ਖ਼ਿਲਾਫ਼ ਕਤਲ, ਇਰਾਦਾ ਕਤਲ ਅਤੇ ਅਸਲੇ ਦੀ ਦੁਰਵਰਤੋਂ ਦੇ ਮਾਮਲੇ ਵਿੱਚ ਇਨ੍ਹਾਂ ਅਧਿਕਾਰੀਆਂ ਨੂੰ ਅਦਾਲਤ ਵਿੱਚ ਤਲਬ ਕਰ ਕੇ ਸਜ਼ਾ ਦੇਣ ਦੀ ਮੰਗ ਕੀਤੀ ਹੈ। ਜੁਡੀਸ਼ੀਅਲ ਮੈਜਿਸਟਰੇਟ ਸ਼ਵੇਤਾ ਦਾਸ ਇਸ ਕੇਸ ਦੀ ਸੁਣਵਾਈ 18 ਫਰਵਰੀ ਨੂੰ ਕਰਨਗੇ। ਦੱਸਣਯੋਗ ਹੈ ਕਿ ਕਰੀਬ ਡੇਢ ਸਾਲ ਪਹਿਲਾਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਬਾਅਦ ਪਿੰਡ ਬਹਿਬਲ ਕਲਾਂ ਨੇੜੇ ਇਕੱਤਰ ਹੋਈਆਂ ਸਿੱਖ ਸੰਗਤਾਂ 'ਤੇ ਪੁਲੀਸ ਨੇ ਗੋਲੀ ਚਲਾ ਦਿੱਤੀ ਸੀ, ਜਿਸ ਨਾਲ ਕ੍ਰਿਸ਼ਨ ਭਗਵਾਨ ਸਿੰਘ ਅਤੇ ਗੁਰਜੀਤ ਸਿੰਘ ਦੀ ਮੌਤ ਹੋ ਗਈ ਸੀ। ਸਿੱਖ ਸੰਗਤ ਦੇ ਦਬਾਅ ਤੋਂ ਬਾਅਦ ਪੁਲੀਸ ਨੇ ਥਾਣਾ ਬਾਜਾਖਾਨਾ ਵਿੱਚ ਇਨ੍ਹਾਂ ਦੋ ਸਿੱਖ ਨੌਜਵਾਨਾਂ ਖ਼ਿਲਾਫ਼ ਕਤਲ ਦਾ ਕੇਸ ਦਰਜ ਕੀਤਾ ਗਿਆ ਸੀ, ਜਿਸ ਵਿੱਚ ਅਣਪਛਾਤੇ ਪੁਲੀਸ ਅਧਿਕਾਰੀਆਂ ਨੂੰ ਦੋਸ਼ੀ ਠਹਿਰਾਇਆ ਗਿਆ ਹੈ ਪ੍ਰੰਤੂ ਘਟਨਾ ਤੋਂ 17 ਮਹੀਨੇ ਬਾਅਦ ਵੀ ਦੋਸ਼ੀਆਂ ਦੀ ਸ਼ਨਾਖਤ ਨਹੀਂ ਹੋ ਸਕੀ। ਬੇਅਦਬੀ ਕਾਂਡ ਨਾਲ ਸਬੰਧਤ ਮਾਮਲਿਆਂ ਵਿੱਚ ਪੁਲੀਸ ਹਾਲੇ ਤੱਕ ਤਫ਼ਤੀਸ਼ ਮੁਕੰਮਲ ਨਹੀਂ ਕਰ ਸਕੀ ਅਤੇ ਨਾ ਹੀ ਅਜੇ ਤੱਕ ਸੀਬੀਆਈ ਕਿਸੇ ਸਿੱਟੇ 'ਤੇ ਪਹੁੰਚ ਸਕੀ। ਪੀੜਤ ਪਰਿਵਾਰ ਨੇ ਸੀਬੀਆਈ ਅਤੇ ਪੰਜਾਬ ਪੁਲੀਸ ਦੀ ਕਾਰਗੁਜ਼ਾਰੀ 'ਤੇ ਅਸੰਤੁਸ਼ਟੀ ਜ਼ਾਹਰ ਕਰਦਿਆਂ ਅਦਾਲਤ ਵਿੱਚ ਸਿੱਧੀ ਸ਼ਿਕਾਇਤ ਦਰਜ ਕਰਵਾ ਕੇ ਉਕਤ ਪੁਲੀਸ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ। ਸ਼ਿਕਾਇਤਕਰਤਾ ਰੇਸ਼ਮ ਸਿੰਘ ਨੇ ਦਾਅਵਾ ਕੀਤਾ ਕਿ ਘਟਨਾ ਵਾਲੇ ਦਿਨ ਮੌਕੇ 'ਤੇ ਕਰੀਬ 350 ਪੁਲੀਸ ਅਧਿਕਾਰੀ ਤੇ ਕਰਮਚਾਰੀ ਮੌਜੂਦ ਸਨ, ਜਿਨ੍ਹਾਂ ਨੇ ਬਿਨਾਂ ਚੇਤਾਵਨੀ ਗੋਲੀਆਂ ਚਲਾਈਆਂ ਸਨ।

# ਐਸ.ਵਾਈ.ਐਲ. ਨਹਿਰ ਮੁੱਦੇ 'ਤੇ ਪੰਜਾਬੀਆਂ ਅਤੇ ਹਰਿਆਣਵੀਆਂ ਵਿਚਾਲੇ ਟਕਰਾਅ ਦੇ ਆਸਾਰ

*ਸਿੱਖ ਸਟੂਡੈਂਟ ਫੈਡਰੇਸ਼ਨ ਵਲੋਂ 23 ਫਰਵਰੀ ਨੂੰ ਪਿੰਡ ਕਪੂਰੀ ਲਾਗੇ ਥਾਂ ਪੂਰਨ ਦਾ ਐਲਾਨ*

**ਅੰਮ੍ਰਿਤਸਰ/ਬਿਊਰੋ ਨਿਊਜ਼ :** ਪੰਜਾਬ ਵਿੱਚ ਵੋਟਾਂ ਪਾਉਣ ਦਾ ਕੰਮ ਮੁਕੰਮਲ ਹੋਣ ਮਗਰੋਂ ਐਸਵਾਈਐਲ ਦਾ ਮਾਮਲਾ ਮੁੜ ਭਖਣ ਲੱਗਿਆ ਹੈ। ਇਸ ਤਹਿਤ 23 ਫਰਵਰੀ ਨੂੰ ਇਸ ਮੁੱਦੇ 'ਤੇ ਹਰਿਆਣਵੀਆਂ ਅਤੇ ਪੰਜਾਬੀਆਂ ਵਿਚਾਲੇ ਟਕਰਾਅ ਵੀ ਹੋ ਸਕਦਾ ਹੈ। ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ (ਪੀਰ ਮੁਹੰਮਦ) ਦੇ ਮੁਖੀ ਕਰਨੈਲ ਸਿੰਘ ਪੀਰ ਮੁਹੰਮਦ ਨੇ ਐਲਾਨ ਕੀਤਾ ਹੈ ਕਿ 23 ਫਰਵਰੀ ਨੂੰ ਪਟਿਆਲਾ ਜ਼ਿਲ੍ਹੇ ਦੇ ਪਿੰਡ ਕਪੂਰੀ ਵਿੱਚ ਐਸਵਾਈਐਲ ਲਈ ਪੁੱਟੀ ਥਾਂ ਨੂੰ ਪੂਰਿਆ ਜਾਵੇਗਾ, ਜਦੋਂਕਿ ਦੂਜੇ ਪਾਸੇ ਹਰਿਆਣਾ ਦੇ ਚੌਟਾਲਾ ਪਰਿਵਾਰ ਅਤੇ ਇਨੈਲੋ ਆਗੂਆਂ ਨੇ ਐਲਾਨ ਕੀਤਾ ਹੈ ਕਿ 23 ਫਰਵਰੀ ਨੂੰ ਉਹ ਐਸਵਾਈਐਲ ਲਈ ਖੁਦਾਈ ਸ਼ੁਰੂ ਕਰਨਗੇ। ਜੇਕਰ ਉਹ ਪੰਜਾਬ ਵਿੱਚ ਆ ਕੇ ਐਸਵਾਈਐਲ ਲਈ ਖੁਦਾਈ ਸ਼ੁਰੂ ਕਰਦੇ ਹਨ ਅਤੇ ਫੈਡਰੇਸ਼ਨ ਦੇ ਸੱਦੇ 'ਤੇ ਇਕੱਠੇ ਹੋਏ ਪੰਜਾਬੀ ਉਥੇ ਨਹਿਰ ਨੂੰ ਪੂਰਦੇ ਹਨ ਤਾਂ ਦੋਵਾਂ ਵਿਚਾਲੇ ਟਕਰਾਅ ਦੀ ਸੰਭਾਵਨਾ ਹੈ। ਇਸ ਸਬੰਧੀ ਫੈਡਰੇਸ਼ਨ ਮੁਖੀ ਕਰਨੈਲ ਸਿੰਘ ਪੀਰ ਮੁਹੰਮਦ ਨੇ ਆਖਿਆ ਕਿ ਇਸ ਮਾਮਲੇ ਵਿੱਚ ਪਹਿਲਾਂ ਇਨੈਲੋ ਆਗੂਆਂ ਨੇ ਮੁੱਦੇ ਨੂੰ ਛੇੜਦਿਆਂ ਨਹਿਰ ਦੀ ਖੁਦਾਈ ਕਰਨ ਦਾ ਐਲਾਨ ਕੀਤਾ ਹੈ। ਉਨ੍ਹਾਂ ਆਖਿਆ ਕਿ ਇਸ ਸਬੰਧੀ 23 ਫਰਵਰੀ ਨੂੰ ਦੇਵੀਗੜ੍ਹ ਤੋਂ ਇਕ ਮਾਰਚ ਸ਼ੁਰੂ ਕੀਤਾ ਜਾਵੇਗਾ, ਜੋ ਬਾਅਦ ਦੁਪਹਿਰ ਪਿੰਡ ਕਪੂਰੀ ਪੁੱਜੇਗਾ ਅਤੇ ਉਥੇ ਐਸਵਾਈਐਲ ਨੂੰ ਪੂਰਨ ਦਾ ਕੰਮ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਇਸ ਸਬੰਧੀ ਪੰਜਾਬ ਦੀਆਂ ਤਿੰਨੋਂ ਪ੍ਰਮੁੱਖ ਸਿਆਸੀ ਪਾਰਟੀਆਂ ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਤੇ ਆਮ ਆਦਮੀ ਪਾਰਟੀ ਦੇ ਆਗੂਆਂ ਨੂੰ ਸੱਦਾ ਦਿੱਤਾ ਕਿ ਉਹ ਪੰਜਾਬ ਦੇ ਪਾਣੀਆਂ ਨੂੰ ਬਚਾਉਣ ਲਈ




ਅੱਗੇ ਆਉਣ। ਉਨ੍ਹਾਂ ਭਾਰਤੀ ਕਿਸਾਨ ਯੂਨੀਅਨ ਦੇ ਸਾਰੇ ਗੁੱਟਾਂ ਤੇ ਹੋਰ ਕਿਸਾਨ ਜਥੇਬੰਦੀਆਂ ਸਮੇਤ ਹੋਰ ਪਾਰਟੀਆਂ ਦੇ ਆਗੂਆਂ ਨੂੰ ਵੀ ਪੰਜਾਬ ਦੇ ਪਾਣੀਆਂ ਨੂੰ ਬਚਾਉਣ ਲਈ ਸਹਿਯੋਗ ਦੇਣ ਵਾਸਤੇ ਅਪੀਲ ਕੀਤੀ ਹੈ। ਉਨ੍ਹਾਂ ਆਖਿਆ ਕਿ ਜੇਕਰ ਹਰਿਆਣਾ ਦੇ ਆਗੂ ਪੰਜਾਬ ਵਿੱਚ ਆ ਕੇ ਐਸਵਾਈਐਲ ਨਹਿਰ ਦੀ ਪੁਟਾਈ ਕਰਦੇ ਹਨ ਤਾਂ ਪੰਜਾਬੀ ਉਨ੍ਹਾਂ ਨੂੰ ਜ਼ਰੂਰ ਰੋਕਣਗੇ। ਉਨ੍ਹਾਂ ਆਖਿਆ ਕਿ ਸਰਕਾਰ ਹਰਿਆਣਾ ਦੇ ਆਗੂਆਂ ਨੂੰ ਪੰਜਾਬ ਵਿੱਚ ਆ ਕੇ ਅਜਿਹਾ ਕਰਨ ਤੋਂ ਰੋਕੇ।

ਇਸ ਦੌਰਾਨ ਸਿੱਖ ਜਥੇਬੰਦੀ ਵੱਲੋਂ ਐਸਵਾਈਐਲ ਮੁੱਦੇ 'ਤੇ ਲੋਕਾਂ ਦਾ ਜਨਮਤ ਇਕੱਠਾ ਕਰਨ ਲਈ ਸ਼ੁਰੂ ਕੀਤੀ ਚਾਰਾਜੋਈ ਤਹਿਤ ਇਸ ਮੁੱਦੇ 'ਤੇ ਲੋਕਾਂ ਕੋਲੋਂ ਸਮਰਥਨ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਆਖਿਆ ਕਿ ਇਸ ਸਬੰਧੀ ਇੱਕ ਮੋਬਾਈਲ ਐਪ ਸ਼ੁਰੂ ਕੀਤੀ ਹੈ, ਜਿਸ ਰਾਹੀਂ ਲੋਕ ਐਸਵਾਈਐਲ ਮਾਮਲੇ 'ਤੇ ਸੁਪਰੀਮ ਕੋਰਟ ਦੇ ਫ਼ੈਸਲੇ ਦਾ ਵਿਰੋਧ ਦਰਜ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਲੋਕਾਂ ਦੇ ਸਮਰਥਨ ਵਾਲੀ ਇਹ ਪਟੀਸ਼ਨ ਮੁੜ ਨੀਦਰਲੈਂਡ ਦੇ ਸ਼ਹਿਰ ਹੇਗ ਸਥਿਤ ਇੰਟਰਨੈਸ਼ਨਲ ਟ੍ਰਿਬਿਊਨਲ ਨੂੰ ਭੇਜੀ ਜਾਵੇਗੀ। ਉਨ੍ਹਾਂ ਆਖਿਆ ਕਿ ਸਿੱਖ ਜਥੇਬੰਦੀ ਇਸ ਮੁੱਦੇ 'ਤੇ 11 ਮਾਰਚ ਤਕ ਦਸ ਲੱਖ ਲੋਕਾਂ ਦਾ ਸਮਰਥਨ ਹਾਸਲ ਕਰੇਗੀ। ਇਸ ਸਬੰਧੀ ਸ਼ੁਰੂ ਕੀਤੀ ਮੁਹਿੰਮ ਤਹਿਤ ਸਿੱਖ ਜਥੇਬੰਦੀ ਨੇ ਹੁਣ ਤਕ ਪੌਣੇ ਛੇ ਲੱਖ ਲੋਕਾਂ ਦੀ ਰਜਿਸਟਰੇਸ਼ਨ ਕੀਤੀ ਹੈ, ਜਿਨ੍ਹਾਂ ਨੂੰ ਹੁਣ ਆਪਣੀ ਵੋਟ ਰਾਹੀਂ ਸਮਰਥਨ ਦੇਣ ਵਾਸਤੇ ਫਾਰਮ ਭੇਜੇ ਜਾਣਗੇ। ਉਨ੍ਹਾਂ ਆਖਿਆ ਕਿ ਲੋਕਾਂ ਦੇ ਸਮਰਥਨ ਨਾਲ ਐਸਵਾਈਐਲ ਮਾਮਲੇ ਵਿੱਚ ਮਜ਼ਬੂਤ ਕੇਸ ਤਿਆਰ ਕਰਕੇ ਸੁਪਰੀਮ ਕੋਰਟ ਦੇ ਫ਼ੈਸਲੇ ਨੂੰ ਅੰਤਰਰਾਸ਼ਟਰੀ ਟ੍ਰਿਬਿਊਨਲ ਵਿੱਚ ਚੁਣੌਤੀ ਦਿੱਤੀ ਜਾਵੇਗੀ।

# ਚੋਣ ਪ੍ਰਚਾਰ ਦੌਰਾਨ ਭਗਵੰਤ ਮਾਨ ਨੇ ਕੀਤੀਆਂ ਸਭ ਤੋਂ ਵੱਧ 200 ਰੈਲੀਆਂ

**ਚੰਡੀਗੜ੍ਹ/ਕੰਚਨ ਵਾਸਦੇਵ :** ਆਮ ਆਦਮੀ ਪਾਰਟੀ ਦੇ ਧੂੰਆਂ-ਧਾਰ ਪ੍ਰਚਾਰਕ ਅਤੇ ਲੋਕ ਸਭਾ ਮੈਂਬਰ ਭਗਵੰਤ ਮਾਨ ਨੇ ਚੋਣਾਂ ਦੌਰਾਨ ਇਕ ਮਹੀਨੇ ਵਿਚ ਸਭ ਤੋਂ ਵੱਧ 200 ਰੈਲੀਆਂ ਕਰਕੇ ਇਸ ਸੂਚੀ ਵਿਚ ਸਭ ਤੋਂ ਉਪਰ ਆਪਣਾ ਨਾਂ ਦਰਜ ਕਰਵਾ ਲਿਆ ਹੈ। ਸਭ ਤੋਂ ਵੱਧ ਭੀੜ ਜੁਟਾਉਣ ਵਾਲੇ, ਖ਼ਾਸ ਤੌਰ 'ਤੇ ਨੌਜਵਾਨਾਂ ਦੇ ਚਹੇਤੇ ਭਗਵੰਤ ਮਾਨ ਨੇ ਦਿਨ ਵਿਚ 7-8 ਰੈਲੀਆਂ ਨੂੰ ਸੰਬੋਧਨ ਕੀਤਾ। ਉਸ ਨੇ ਚੋਣ ਜ਼ਾਬਤਾ ਲੱਗਣ ਤੱਕ ਸੂਬੇ ਵਿਚ 200 ਰੈਲੀਆਂ ਕੀਤੀਆਂ।

**ਸੂਚੀ ਵਿਚ ਸ਼ੁਮਾਰ ਬਾਕੀ ਪ੍ਰਚਾਰਕ :**

ਇਸ ਤੋਂ ਬਾਅਦ ਨਾਂ ਆਉਂਦਾ ਹੈ ਪਾਰਟੀ ਦੇ ਸੂਬਾਈ ਮਾਮਲਿਆਂ ਬਾਰੇ ਇੰਚਾਰਜ ਸੰਜੇ ਸਿੰਘ ਦਾ, ਜਿਨ੍ਹਾਂ ਨੇ ਨਾਮਜ਼ਦਗੀਆਂ ਲਈ ਮੁਹਿੰਮ ਦੌਰਾਨ ਵੱਡੀਆਂ-ਛੋਟੀਆਂ 108 ਰੈਲੀਆਂ ਕੀਤੀਆਂ। ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਜਿਨ੍ਹਾਂ ਨੇ ਚੋਣਾਂ ਤੋਂ ਇਕ ਮਹੀਨਾ ਪਹਿਲਾਂ ਪੰਜਾਬ ਵਿਚ ਪ੍ਰਚਾਰ ਕੀਤਾ, ਇਕ ਮਹੀਨੇ ਦੌਰਾਨ 70 ਰੈਲੀਆਂ ਕੀਤੀਆਂ। ਭਗਵੰਤ ਮਾਨ ਅਤੇ ਕੇਜਰੀਵਾਲ ਦੋਵੇਂ ਠੰਢ ਵਿਚ ਵੀ ਸਵੇਰੇ 10 ਵਜੇ ਤੋਂ ਲੋਕਾਂ ਨੂੰ ਸੰਬੋਧਨ ਕਰਦੇ ਦੇਖੇ ਜਾ ਸਕਦੇ ਸਨ। 'ਆਪ' ਨੂੰ ਆਪਣੀ ਮੁਹਿੰਮ ਛੇਤੀ ਸ਼ੁਰੂ ਕਰਨ ਦਾ ਲਾਹਾ ਮਿਲਿਆ ਤੇ ਇਸ ਦੇ ਆਗੂਆਂ ਨੂੰ ਲੰਬਾ ਸਮਾਂ ਪ੍ਰਚਾਰ ਕਰਨ ਦਾ ਮੌਕਾ ਮਿਲਿਆ ਜਦਕਿ ਕਾਂਗਰਸ ਇਸ ਤੋਂ ਪਛੜ ਗਈ, ਕਿਉਂਕਿ ਇਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦਿੱਲੀ ਹਾਈਕਮਾਂਡ ਵਲੋਂ ਟਿਕਟਾਂ ਦੀ ਕੀਤੀ ਜਾ ਰਹੀ



ਵੰਡ ਵਿਚ ਉਲਝੇ ਰਹੇ। ਇਸ ਕਾਰਨ ਕੈਪਟਨ ਨੂੰ ਪ੍ਰਚਾਰ ਕਰਨ ਦਾ ਘੱਟ ਮੌਕਾ ਮਿਲਿਆ। ਉਨ੍ਹਾਂ ਨੇ 20 ਤੋਂ ਵੀ ਘੱਟ ਦਿਨਾਂ ਵਿਚ 40 ਰੈਲੀਆਂ ਨੂੰ ਸੰਬੋਧਨ ਕੀਤਾ ਅਤੇ ਇਥੋਂ ਤਕ ਕਿ ਉਨ੍ਹਾਂ ਦੇ ਪੈਰ ਵਿਚ ਮੋਚ ਆ ਗਈ। ਪਾਰਟੀ ਸੂਤਰਾਂ ਦਾ ਕਹਿਣਾ ਹੈ ਕਿ ਪ੍ਰਚਾਰ ਮੁਹਿੰਮ ਦੇ ਆਖਰੀ ਦਿਨ ਜਦੋਂ ਰਾਹੁਲ ਗਾਂਧੀ ਪੰਜਾਬ ਦੌਰੇ 'ਤੇ ਆਏ ਤਾਂ ਕੈਪਟਨ ਅਮਰਿੰਦਰ ਸਿੰਘ ਦੇ ਪੈਰ ਵਿਚ ਦਰਦ ਸੀ ਤੇ ਸੁੱਜਿਆ ਹੋਇਆ ਸੀ। ਕੈਪਟਨ ਸਭ ਤੋਂ ਵੱਧ ਪਸੰਦੀਦਾ ਪ੍ਰਚਾਰਕ ਹੋਣ ਕਾਰਨ ਹਰੇਕ ਉਮੀਦਵਾਰ ਵਲੋਂ ਆਪਣੇ ਇਲਾਕਿਆਂ ਵਿਚ ਪ੍ਰਚਾਰ ਲਈ ਉਨ੍ਹਾਂ ਦੀ ਮੰਗ ਕੀਤੀ ਗਈ। ਕਾਂਗਰਸ ਦੇ ਸਟਾਰ ਕੈਂਪੇਨਰ ਨਵਜੋਤ ਸਿੱਧੂ, ਜਿਨ੍ਹਾਂ ਨੇ ਚੋਣਾਂ ਤੋਂ ਮਹਿਜ਼ 14 ਦਿਨ ਪਹਿਲਾਂ ਪਾਰਟੀ ਵਿਚ ਸ਼ਮੂਲੀਅਤ ਕੀਤੀ, ਚੋਣ ਜ਼ਾਬਤੇ ਤਕ ਰੈਲੀਆਂ ਕਰਦੇ ਰਹੇ। ਉਨ੍ਹਾਂ ਨੇ ਮਾਲਵਾ, ਮਾਝਾ ਤੇ ਦੁਆਬੇ ਵਿਚ 28 ਰੈਲੀਆਂ ਕੀਤੀਆਂ। ਸੀਮਤ ਸਮਾਂ ਹੋਣ ਕਾਰਨ ਪਾਰਟੀ ਵਲੋਂ ਉਨ੍ਹਾਂ ਨੂੰ ਹੈਲੀਕਾਪਟਰ ਮੁਹੱਈਆ ਕਰਵਾਇਆ ਗਿਆ ਤਾਂ ਜੋ ਉਹ ਵੱਧ ਤੋਂ ਵੱਧ ਹਲਕਿਆਂ ਵਿਚ ਜਾ ਕੇ ਪ੍ਰਚਾਰ ਕਰ ਸਕਣ।

'ਆਪ' ਦੇ ਸੂਬਾਈ ਕਨਵੀਨਰ ਗੁਰਪ੍ਰੀਤ ਸਿੰਘ ਵੜੈਚ ਨੇ ਆਪਣੇ ਚੋਣ ਹਲਕੇ ਬਟਾਲਾ ਵਿਚ ਹੀ ਧਿਆਨ ਕੇਂਦਰਤ ਕਰਦਿਆਂ 64 ਥਾਵਾਂ 'ਤੇ ਪਾਰਟੀ ਮੀਟਿੰਗਾਂ ਕੀਤੀਆਂ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪੂਰੇ ਸੂਬੇ ਵਿਚ 35 ਤੋਂ ਵੱਧ ਰੈਲੀਆਂ ਕੀਤੀਆਂ। ਬਾਦਲ ਨੇ ਸਭ ਤੋਂ ਵੱਧ ਸਮਾਂ ਆਪਣੇ ਹਲਕੇ ਲੰਬੀ ਵਿਚ ਬਿਤਾਇਆ ਅਤੇ ਲਗਾਤਾਰ ਤਿੰਨ ਦਿਨ ਆਪਣੇ ਹਲਕੇ ਦੇ ਲੋਕਾਂ ਵਿਚ ਹੀ ਰਹੇ। ਇਸੇ ਤਰ੍ਹਾਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ 78 ਰੈਲੀਆਂ ਨੂੰ ਸੰਬੋਧਨ ਕੀਤਾ। ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ 20 ਦਿਨਾਂ ਵਿਚ 54 ਰੈਲੀਆਂ ਕੀਤੀਆਂ।

## ਮੋਦੀ ਦੀ ਭਗਵੰਤ ਮਾਨ ਨੇ ਸਪੀਕਰ ਕੋਲ ਕੀਤੀ ਸ਼ਿਕਾਇਤ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ ਦੇ ਲੋਕ ਸਭਾ ਸੰਸਦ ਮੈਂਬਰ ਭਗਵੰਤ ਮਾਨ ਨੇ ਲੋਕ ਸਭਾ ਸਪੀਕਰ ਨੂੰ ਬੀਤੇ ਦਿਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਆਪਣੇ ਭਾਸ਼ਣ ਦੌਰਾਨ ਉਸਦੇ ਖ਼ਿਲਾਫ਼ ਕੀਤੀ ਇਤਰਾਜ਼ਯੋਗ ਟਿੱਪਣੀ ਨੂੰ ਰਿਕਾਰਡ ਵਿਚੋਂ ਹਟਾਉਣ ਦੀ ਮੰਗ ਕੀਤੀ ਹੈ। ਸਪੀਕਰ ਸੁਮਿਤਰਾ ਮਹਾਜਨ ਨੂੰ ਪੱਤਰ ਲਿਖ ਕੇ ਭਗਵੰਤ ਮਾਨ ਨੇ ਬੇਨਤੀ ਕੀਤੀ ਹੈ ਕਿ ਉਹ ਪ੍ਰਧਾਨ ਮੰਤਰੀ ਮੋਦੀ ਤੋਂ ਉਨ੍ਹਾਂ ਦੀ ਇਤਰਾਜ਼ਯੋਗ ਟਿੱਪਣੀ ਬਾਰੇ ਸਪਸ਼ਟੀਕਰਨ ਮੰਗਣ ਤੇ ਇਸ ਦੇ ਨਾਲ ਹੀ ਮਾਨ ਨੇ ਪ੍ਰਧਾਨ ਮੰਤਰੀ ਤੋਂ ਕੁਝ ਸਵਾਲ ਪੁੱਛਣ ਦੀ ਇਜਾਜ਼ਤ ਵੀ ਮੰਗੀ ਹੈ। ਮਾਨ ਨੇ ਸਪੀਕਰ ਨੂੰ ਲਿਖੇ ਪੱਤਰ ਵਿਚ ਕਿਹਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਨੇ ਉਸ ਖ਼ਿਲਾਫ ਇਤਰਾਜ਼ਯੋਗ ਟਿੱਪਣੀ ਕਰਕੇ ਆਪਣੇ ਅਹੁਦੇ ਦੀ ਤੌਹੀਨ ਕੀਤੀ ਹੈ ਤੇ ਇਸ ਨਾਲ ਉਹ ਖੁਦ ਨੂੰ ਬੇਹੱਦ ਅਪਮਾਨਿਤ ਹੋਇਆ ਮਹਿਸੂਸ ਕਰ ਰਹੇ ਹਨ।

# ਹੁਣ ਸੁਖਬੀਰ ਤੇ ਹਰਸਿਮਰਤ ਅਮਰੀਕਾ ਲਈ ਰਵਾਨਾ, ਵੱਡੇ ਬਾਦਲ 17 ਫਰਵਰੀ ਨੂੰ ਭਾਰਤ ਪਰਤਣਗੇ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਉਨ੍ਹਾਂ ਦੀ ਪਤਨੀ ਹਰਸਿਮਰਤ ਕੌਰ ਬਾਦਲ ਅਮਰੀਕਾ ਲਈ ਰਵਾਨਾ ਹੋ ਗਏ ਹਨ ਜਦਕਿ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ 17 ਫਰਵਰੀ ਨੂੰ ਅਮਰੀਕਾ ਤੋਂ ਵਾਪਸ ਆ ਰਹੇ ਹਨ। ਮੁੱਖ ਮੰਤਰੀ 7 ਫਰਵਰੀ ਨੂੰ ਆਪਣੇ ਮੈਡੀਕਲ ਚੈੱਕਅਪ ਲਈ ਅਮਰੀਕਾ ਗਏ ਸਨ। ਕੁਝ ਸਰਕਾਰੀ ਅਧਿਕਾਰੀ ਵੀ ਉਨ੍ਹਾਂ ਦੇ ਨਾਲ ਗਏ ਹਨ। ਦੱਸਿਆ ਗਿਆ ਹੈ ਕਿ ਮੈਡੀਕਲ ਚੈੱਕਅਪ ਵਿਚ ਸ. ਬਾਦਲ ਬਿਲਕੁਲ ਠੀਕ ਠਾਕ ਪਾਏ ਗਏ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਉਨ੍ਹਾਂ ਦੀ ਪਤਨੀ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਅਚਨਚੇਤ ਅਮਰੀਕਾ ਚਲੇ ਗਏ ਹਨ। ਸੂਤਰਾਂ ਅਨੁਸਾਰ ਬਾਦਲ ਜੋੜੀ ਏਅਰ ਇੰਡੀਆ ਦੀ ਦਿੱਲੀ ਤੋਂ ਨਿਊਯਾਰਕ ਜਾਣ ਵਾਲੀ ਸਿੱਧੀ ਉਡਾਣ ਰਾਹੀਂ ਅਮਰੀਕਾ ਗਈ। ਉਪ ਮੁੱਖ ਮੰਤਰੀ ਨਾਲ ਤਾਇਨਾਤ ਇਕ ਆਈਏਐਸ ਅਧਿਕਾਰੀ ਨੇ ਬਾਦਲ ਜੋੜੇ ਦੇ ਅਚਾਨਕ ਅਮਰੀਕਾ ਜਾਣ ਦੀ ਪੁਸ਼ਟੀ ਕੀਤੀ ਹੈ। ਇਸ ਅਧਿਕਾਰੀ ਨੇ ਦੋਵਾਂ ਦੇ ਵਿਦੇਸ਼ ਦੌਰੇ ਸਬੰਧੀ ਹੋਰ ਖੁਲਾਸਾ ਕਰਨ ਤੋਂ ਇਨਕਾਰ ਕਰ ਦਿੱਤਾ। ਬਾਦਲ ਜੋੜੀ ਦੇ ਅਚਾਨਕ ਅਮਰੀਕਾ ਜਾਣ ਨੂੰ ਮੁੱਖ ਮੰਤਰੀ ਦੇ ਇਲਾਜ ਨਾਲ ਹੀ ਜੋੜ ਕੇ ਵੀ ਦੇਖਿਆ ਜਾ ਰਿਹਾ ਹੈ। ਉਮਰ ਦੇ ਨੌਵੇਂ ਦਹਾਕੇ ਵਿੱਚ ਪਹੁੰਚੇ ਸ੍ਰੀ ਬਾਦਲ ਪਹਿਲਾਂ ਵੀ ਆਪਣਾ ਇਲਾਜ ਅਮਰੀਕਾ ਤੋਂ ਕਰਾ ਚੁੱਕੇ ਹਨ। ਵਿਧਾਨ ਸਭਾ ਚੋਣ ਦਾ ਅਮਲ ਸਮਾਪਤ ਹੋਣ ਤੋਂ ਤੁਰੰਤ ਬਾਅਦ ਪੀਜੀਆਈ ਦੇ ਡਾਕਟਰਾਂ ਨੇ



ਉਨ੍ਹਾਂ ਨੂੰ ਅਮਰੀਕਾ ਤੋਂ ਨਿਰੀਖਣ ਕਰਾਉਣ ਦੀ ਸਲਾਹ ਦਿੱਤੀ ਸੀ। ਮੁੱਖ ਮੰਤਰੀ ਨਾਲ ਪੀਜੀਆਈ ਦੇ ਸਾਬਕਾ ਡਾਇਰੈਕਟਰ ਡਾ. ਕੇ.ਕੇ. ਤਲਵਾਰ, ਸ੍ਰੀ ਬਾਦਲ ਦੇ ਵਿਸ਼ੇਸ਼ ਪ੍ਰਮੁੱਖ ਸਕੱਤਰ ਗਗਨਦੀਪ ਸਿੰਘ ਬਰਾੜ ਤੇ ਸੁਰੱਖਿਆ ਅਧਿਕਾਰੀ ਵੀ ਗਿਆ ਹੈ। ਸੂਤਰਾਂ ਅਨੁਸਾਰ ਬਾਦਲ ਜੋੜੀ ਦੇ ਹਫ਼ਤੇ ਤੋਂ 10 ਦਿਨ ਤੱਕ ਅਮਰੀਕਾ ਵਿੱਚ ਰਹਿਣ ਦੀ ਸੰਭਾਵਨਾ ਹੈ। ਪਾਰਟੀ ਦੇ ਇਕ ਸੀਨੀਅਰ ਆਗੂ ਨੇ ਦੱਸਿਆ ਕਿ ਕੁੱਝ ਦਿਨ ਪਹਿਲਾਂ ਹੀ ਸੁਖਬੀਰ ਸਿੰਘ ਬਾਦਲ ਨੇ ਅਕਾਲੀ ਦਲ ਦੀ ਕੋਰ ਕਮੇਟੀ ਮੀਟਿੰਗ ਦੀ ਪ੍ਰਧਾਨਗੀ ਕੀਤੀ ਸੀ, ਜਿਸ ਦੌਰਾਨ ਉਨ੍ਹਾਂ ਵਿਦੇਸ਼ ਜਾਣ ਦਾ ਕੋਈ ਸੰਕੇਤ ਨਹੀਂ ਸੀ ਦਿੱਤਾ। ਪਾਰਟੀ ਆਗੂਆਂ ਦਾ ਮੰਨਣਾ ਹੈ ਕਿ ਬਾਦਲ ਜੋੜੀ ਦਾ ਵਿਦੇਸ਼ ਜਾਣ ਦਾ ਪ੍ਰੋਗਰਾਮ ਅਚਾਨਕ ਬਣਿਆ ਹੈ। ਸ਼੍ਰੋਮਣੀ ਅਕਾਲੀ ਦਲ ਲਈ ਰਾਜਸੀ ਤੌਰ 'ਤੇ ਇਹ ਦਿਨ ਬਹੁਤ ਅਹਿਮ ਮੰਨੇ ਜਾ ਰਹੇ ਹਨ ਕਿਉਂਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਡੀਐਸਜੀਐਮਸੀ) ਦੀਆਂ ਚੋਣਾਂ ਸਿਰ 'ਤੇ ਹਨ। ਪੰਜਾਬ ਦੇ ਬਹੁਤੇ ਅਕਾਲੀ ਆਗੂਆਂ ਵੱਲੋਂ ਵਿਧਾਨ ਸਭਾ ਚੋਣਾਂ ਦੌਰਾਨ ਡੇਰਾ ਸਿਰਸਾ ਜਾਣ ਦੇ ਦੋਸ਼ ਲੱਗੇ ਹੋਣ ਕਾਰਨ ਦਿੱਲੀ ਕਮੇਟੀ ਚੋਣਾਂ ਤੋਂ ਪਹਿਲਾਂ ਹੀ ਸੀਨੀਅਰ ਅਕਾਲੀਆਂ ਨੂੰ ਲਾਂਭੇ ਕੀਤਾ ਜਾ ਚੁੱਕਾ ਹੈ। ਮੁੱਖ ਮੰਤਰੀ ਸਮੇਤ ਬਾਦਲ ਪਰਿਵਾਰ ਦੇ ਤਿੰਨੋਂ ਅਹਿਮ ਮੈਂਬਰਾਂ ਦੇ ਵਿਦੇਸ਼ ਚਲੇ ਜਾਣ ਕਾਰਨ ਡੀਐਸਜੀਐਮਸੀ ਚੋਣਾਂ ਦਾ ਸਾਰਾ ਦਾਰੋਮਦਾਰ ਦਿੱਲੀ ਦੇ ਅਕਾਲੀ ਨੇਤਾਵਾਂ ਦੇ ਸਿਰ 'ਤੇ ਹੀ ਰਹਿ ਗਿਆ ਹੈ। ਇਨ੍ਹਾਂ ਚੋਣਾਂ ਵਿੱਚ ਪਹਿਲਾਂ ਹੀ ਅਕਾਲੀ ਦਲ ਨੂੰ ਸਖ਼ਤ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

## ਭਾਰਤੀ ਮੂਲ ਦੇ ਮੁਸਲਿਮ ਨਾਸਾ ਵਿਗਿਆਨੀ ਨੂੰ ਹਿਰਾਸਤ 'ਚ ਲੈ ਕੇ ਰੋਕੀ ਰਖਿਆ

**ਹਿਊਸਟਨ/ਬਿਊਰੋ ਨਿਊਜ਼:** ਭਾਰਤੀ ਮੂਲ ਦੇ ਇਕ ਮੁਸਲਿਮ ਨਾਸਾ ਵਿਗਿਆਨੀ ਸਿੱਧ ਬਿਕਨਵਰ ਦਾ ਕਹਿਣਾ ਹੈ ਕਿ ਅਮਰੀਕਾ ਦੇ ਇੰਮੀਗਰੇਸ਼ਨ ਅਧਿਕਾਰੀਆਂ ਨੇ ਉਸ ਨੂੰ ਹਿਰਾਸਤ 'ਚ ਲੈ ਕੇ ਜਬਰਦਸਤੀ ਉਸ ਨੂੰ ਆਪਣਾ ਮੋਬਾਈਲ ਫੋਨ ਅੱਨਲਾਕ ਕਰਨ ਲਈ ਕਿਹਾ.ਗ ਵਿਗਿਆਨੀ ਮੋਬਾਈਲ ਦੀ ਵਰਤੋਂ ਆਪਣੇ ਕੰਮ ਲਈ ਕਰਦਾ ਸੀ ਤੇ ਉਸ ਨੇ ਪਿਨ ਪਾਸਵਰਡ ਲਗਾ ਰੱਖਿਆ ਸੀ.ਗ ਉਸ ਨੇ ਸੋਸ਼ਲ ਮੀਡੀਆ 'ਤੇ ਆਪਣੀ ਪੋਸਟ 'ਚ ਦੱਸਿਆ ਕਿ ਉਸ ਨੂੰ ਹਿਊਸਟਨ ਜਾਰਜ ਬੁਸ਼ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਜਾਣ ਦੀ ਆਗਿਆ ਦੇਣ ਤੋਂ ਪਹਿਲਾਂ ਅਮਰੀਕੀ ਅਧਿਕਾਰੀ ਉਸਦਾ ਮੋਬਾਈਲ ਤੇ ਪਾਸਵਰਡ ਚਾਹੁੰਦੇ ਸਨ। ਆਪਣੀ ਫ਼ੇਸਬੁੱਕ ਪੋਸਟ 'ਤੇ ਸਿੱਧ ਬਿਕਨਵਰ ਨੇ ਲਿਖਿਆ ਕਿ ਪਿਛਲੇ ਹਫ਼ਤੇ ਅਮਰੀਕਾ 'ਚ ਆਪਣੇ ਘਰ ਵਾਪਿਸ ਆਉਣ ਸਮੇਂ ਸੁਰੱਖਿਆ ਅਧਿਕਾਰੀਆਂ ਨੇ ਹਿਰਾਸਤ 'ਚ ਲੈ ਲਿਆ ਤੇ ਉਸ ਨੂੰ ਹੋਰ ਲੋਕਾਂ ਨਾਲ ਰੱਖਿਆ ਗਿਆ ਜੋ ਮੁਸਲਿਮ ਰੋਕ ਕਾਰਨ ਹਿਰਾਸਤ 'ਚ ਸਨ।

ਉਨ੍ਹਾਂ ਕਿਹਾ ਕਿ ਮੈਂ ਪਹਿਲਾਂ ਇਨਕਾਰ ਕੀਤਾ ਕਿਉਂਕਿ ਉਕਤ ਮੋਬਾਈਲ ਨਾਸਾ ਵੱਲੋਂ ਦਿੱਤਾ ਗਿਆ ਸੀ, ਜਿਸ ਦੀ ਮੈਨੂੰ ਰੱਖਿਆ ਕਰਨੀ ਸੀ.ਗ ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਮੈਂ ਇਹ ਸਪਸ਼ਟ ਕਰਨਾ ਚਾਹੁੰਦਾ ਹਾਂ ਕਿ ਮੈਂ ਅਮਰੀਕਾ 'ਚ ਜਨਮਿਆਂ ਨਾਗਰਿਕ ਹਾਂ ਤੇ ਨਾਸਾ ਦਾ ਇੰਜੀਨੀਅਰ ਹਾਂ। ਉਨ੍ਹਾਂ ਮੇਰਾ ਮੋਬਾਈਲ ਤੇ ਪਾਸਵਰਡ ਖੋ ਲਿਆ ਤੇ ਜਦੋਂ ਤੱਕ ਸਾਰਾ ਡਾਟਾ ਕਾਪੀ ਨਹੀਂ ਹੋ ਗਿਆ ਮੈਨੂੰ ਉਸ ਜਗ੍ਹਾ ਰੱਖਿਆ ਗਿਆ ਜਿੱਥੇ ਹੋਰ ਲੋਕ ਹਿਰਾਸਤ 'ਚ ਸਨ।

## 'ਜਾਂਚ ਕਮੇਟੀ ਨੂੰ ਰਿਪੋਰਟ ਸੌਂਪਣ ਲਈ ਹੋਰ ਸਮਾਂ ਦੇਣ ਬਾਰੇ ਵਿਚਾਰਿਆ ਜਾਵੇਗਾ'

**ਫਗਵਾੜਾ/ਬਿਊਰੋ ਨਿਊਜ਼ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਹੈ ਕਿ ਡੇਰਾ ਸਿਰਸਾ ਮਾਮਲੇ ਵਿੱਚ ਬਣਾਈ ਤਿੰਨ ਮੈਂਬਰੀ ਜਾਂਚ ਕਮੇਟੀ ਨੇ ਆਪਣਾ ਕੰਮ ਸ਼ੁਰੂ ਕਰ ਦਿੱਤਾ ਹੈ। ਪਰਵਾਸੀ ਭਾਰਤੀ ਤੇ ਸੰਗੀਤ ਦਰਪਣ ਮੈਗਜ਼ੀਨ ਦੇ ਸਰਪਰਸਤ ਐੱਚ. ਐਸ. ਪ੍ਰੀਤ ਦੀ ਰਿਹਾਇਸ਼ 'ਤੇ ਮੀਡੀਆ ਨਾਲ ਗੱਲਬਾਤ ਦੌਰਾਨ ਪ੍ਰੋ. ਬਡੂੰਗਰ ਨੇ ਕਿਹਾ ਕਿ 17 ਫਰਵਰੀ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਕਾਰਨੀ ਦੀ ਮੀਟਿੰਗ ਫਤਿਹਗੜ੍ਹ ਸਾਹਿਬ ਵਿਖੇ ਰੱਖੀ ਗਈ ਹੈ, ਜਿਸ ਵਿੱਚ ਜਾਂਚ ਕਮੇਟੀ ਦੀ ਰਿਪੋਰਟ ਲਈ ਸਮਾਂ ਵਧਾਉਣ 'ਤੇ ਵਿਚਾਰ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਕਮੇਟੀ ਨੇ ਵੀਡੀਓ ਅਤੇ ਅਖ਼ਬਾਰੀ ਕਟਿੰਗਜ਼ ਤੋਂ ਇਲਾਵਾ ਕੁੱਝ ਸਮਗਰੀ ਇਕੱਠੀ ਕਰ ਲਈ ਹੈ ਅਤੇ ਮਾਮਲਾ ਵੱਡਾ ਹੋਣ ਕਰਕੇ ਸਮਾਂ ਲੱਗੇਗਾ। ਇਸੇ ਦੌਰਾਨ ਉਨ੍ਹਾਂ ਕਿਹਾ ਕਿ ਗੁਰੂ ਹਰਿਰਾਏ ਸਾਹਿਬ ਦਾ ਪ੍ਰਕਾਸ਼ ਦਿਹਾੜਾ 14 ਮਾਰਚ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਮੁੱਖ ਸਮਾਗਮ ਕੀਰਤਪੁਰ ਸਾਹਿਬ ਵਿਖੇ ਹੋਵੇਗਾ। ਇਸ ਸਮਾਗਮ ਵਿੱਚ ਵਾਤਾਵਰਣ ਦੀ ਸੰਭਾਲ 'ਤੇ ਵਿਸ਼ੇਸ਼ ਚਰਚਾ ਹੋਵੇਗੀ।

# ਗੁਰੂ ਗੋਬਿੰਦ ਸਿੰਘ ਜੀ ਦੇ ਨਾਂ 'ਤੇ ਹਰਿਆਣਾ ਵਿਚ ਖੁੱਲ੍ਹੇਗੀ ਯੂਨੀਵਰਸਿਟੀ

## ਪ੍ਰਕਾਸ਼ ਪੁਰਬ ਸਮਾਗਮ ਮੌਕੇ ਖੱਟੜ ਨੇ ਹੋਰ ਵੀ ਕਈ ਅਹਿਮ ਐਲਾਨ ਕੀਤੇ

**ਕੁਰੂਕਸ਼ੇਤਰ/ਬਿਊਰੋ ਨਿਊਜ਼ :** ਹਰਿਆਣਾ ਸਰਕਾਰ ਨੇ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਪੁਰਬ ਸਬੰਧੀ ਕਰਨਾਲ ਵਿੱਚ 'ਚੜ੍ਹਦੀ ਕਲਾ ਸਮਾਗਮ' ਕਰਵਾਇਆ। ਇਸ ਮੌਕੇ ਮੁਗਲ ਅੱਤਿਆਚਾਰ ਖ਼ਿਲਾਫ਼ ਲੋਕਾਂ ਵਿੱਚ ਆਜ਼ਾਦੀ ਦੀ ਭਾਵਨਾ ਪੈਦਾ ਕਰਨ ਵਿੱਚ ਸਿੱਖ ਗੁਰੂ ਸਾਹਿਬਾਨ ਦੇ ਅਹਿਮ ਯੋਗਦਾਨ ਨੂੰ ਯਾਦ ਕਰਦੇ ਹੋਏ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨੇ ਕਈ ਅਹਿਮ ਐਲਾਨ ਕੀਤੇ। ਪੱਗ ਬੰਨ੍ਹ ਕੇ ਸਮਾਗਮ ਵਿੱਚ ਪੁੱਜੇ ਮੁੱਖ ਮੰਤਰੀ ਮਨੋਹਰ ਲਾਲ ਨੇ ਕਿਹਾ ਕਿ ਅੰਬਾਲਾ, ਪੰਚਕੂਲਾ ਜਾਂ ਯਮੁਨਾਨਗਰ ਜ਼ਿਲ੍ਹਿਆਂ ਵਿੱਚ ਖੋਲ੍ਹੀਆਂ ਜਾ ਰਹੀਆਂ ਯੂਨੀਵਰਸਿਟੀਆਂ ਵਿਚੋਂ ਕਿਸੇ ਇਕ ਦਾ ਨਾਂ ਗੁਰੂ ਗੋਬਿੰਦ ਸਿੰਘ ਜੀ ਯੂਨੀਵਰਸਿਟੀ ਰੱਖਿਆ ਜਾਵੇਗਾ। ਲਖਨੌਰ ਸਾਹਿਬ ਵਿੱਚ ਮਾਤਾ ਗੁਜਰੀ ਦੇ ਨਾਂ 'ਤੇ ਵੀਐਲਡੀਏ ਕਾਲਜ ਖੋਲ੍ਹਿਆ ਜਾਵੇਗਾ ਅਤੇ ਅੰਬਾਲਾ ਦੇ ਮਾਨਵ ਚੌਕ ਤੋਂ ਲਖਨੌਰ ਸਾਹਿਬ ਤੱਕ ਸੜਕ ਦਾ ਨਾਂ ਮਾਤਾ ਗੁਜਰੀ ਮਾਰਗ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਅਸੰਧ ਵਿੱਚ ਸਾਹਿਬਜ਼ਾਦਾ ਫਤਹਿ ਸਿੰਘ ਦੇ ਨਾਂ 'ਤੇ ਕਾਲਜ ਖੋਲ੍ਹਿਆ ਜਾਵੇਗਾ। ਜੀਟੀ ਰੋਡ 'ਤੇ ਅੰਬਾਲਾ ਵਿੱਚ ਅੰਮ੍ਰਿਤਸਰ ਅਤੇ ਚੰਡੀਗੜ੍ਹ ਵੱਲੋਂ ਜਾਣ ਵਾਲੇ ਤਿੰਨ ਰਾਹੇ 'ਤੇ ਸਿੱਖ ਮਿਊਜ਼ੀਅਮ, ਕਰਨਾਲ-ਕੈਥਲ ਸੜਕ ਮਾਰਗ 'ਤੇ ਚਿੜਾਵ ਮੋੜ 'ਤੇ ਗੁਰੂ ਨਾਨਕ ਦੇਵ ਪ੍ਰਵੇਸ਼ ਦੁਆਰ ਬਣਾਉਣ ਤੋਂ ਇਲਾਵਾ ਪੰਜਾਬੀ ਭਾਸ਼ਾ ਨੂੰ ਉਤਸ਼ਾਹਤ ਕਰਨ ਲਈ ਪੀਜੀਟੀ ਦੇ 397 ਅਤੇ ਟੀਜੀਟੀ ਦੇ 392 ਪੰਜਾਬੀ ਅਧਿਆਪਕ ਭਰਤੀ ਕੀਤੇ ਜਾਣਗੇ।



ਕਰਨਾਲ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮ ਮੌਕੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦਾ ਸਨਮਾਨ ਕੀਤੇ ਜਾਣ ਦੀ ਝਲਕ।

ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਵਿੱਚ ਹੁਣ ਤੱਕ ਕਿਸੇ ਵੀ ਸਰਕਾਰ ਨੇ ਸਿੱਖ ਗੁਰੂ ਸਾਹਿਬਾਨ ਦੇ ਨਾਂ 'ਤੇ ਕੋਈ ਸਰਕਾਰੀ ਪ੍ਰੋਗਰਾਮ ਨਹੀਂ ਕੀਤਾ। ਮੁੱਖ ਮੰਤਰੀ ਨੇ ਰਾਸ਼ਟਰੀ ਰਾਜਮਾਰਗ ਨੰਬਰ-73 ਦੇ ਨਾਡਾ ਸਾਹਿਬ ਤੋਂ ਕਪਾਲਮੋਚਨ ਮਾਰਗ ਦਾ ਨਾਂ ਗੁਰੂ ਗੋਬਿੰਦ ਸਿੰਘ ਜੀ ਰੱਖਣ ਅਤੇ ਅੰਬਾਲਾ ਦੀ ਗੁਰੂ ਗੋਬਿੰਦ ਸਿੰਘ ਲਾਇਬ੍ਰੇਰੀ ਦੇ ਨਵੀਨੀਕਰਨ ਦਾ ਵੀ ਐਲਾਨ ਕੀਤਾ। ਉਨ੍ਹਾਂ ਸੰਤ ਸਮਾਜ ਦੀਆਂ 175 ਤੋਂ ਵੱਧ ਹਸਤੀਆਂ ਦਾ ਖ਼ਾਸ ਤੌਰ 'ਤੇ ਧੰਨਵਾਦ ਕੀਤਾ, ਜਿਨ੍ਹਾਂ ਇਸ ਪ੍ਰੋਗਰਾਮ ਵਿੱਚ ਸਹਿਯੋਗ ਦਿੱਤਾ। ਵਿੱਤ ਮੰਤਰੀ ਕੈਪਟਨ ਅਭਿਮੰਨਿਊ ਨੇ ਕਿਹਾ ਕਿ ਜਦੋਂ ਵੀ ਦੇਸ਼ ਦਾ ਇਤਿਹਾਸ ਲਿਖਿਆ ਜਾਵੇਗਾ, ਖਾਲਸਾ ਪੰਥ ਦਾ ਨਾਂ ਸੁਨਹਿਰੀ ਅੱਖਰਾਂ ਵਿੱਚ ਆਇਗਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਗੁਰੂ ਸਾਹਿਬ ਨੇ ਸਮਾਜ ਵਿੱਚ ਫੈਲੀਆਂ ਬੁਰਾਈਆਂ ਅਤੇ ਜਾਤ-ਪਾਤ ਦੇ ਵਿਤਕਰੇ ਨੂੰ ਖ਼ਤਮ ਕਰਨ ਲਈ ਖਾਸ ਤੌਰ 'ਤੇ ਯਤਨ ਕੀਤੇ। ਉਨ੍ਹਾਂ ਸ਼ਬਦ ਨੂੰ ਗੁਰੂ ਦਾ ਦਰਜਾ ਦੇ ਕੇ ਦੇਹਧਾਰੀ ਗੁਰੂ ਪਰੰਪਰਾ ਨੂੰ ਖਤਮ ਕੀਤਾ। ਭਾਜਪਾ ਦੇ ਸੂਬਾਈ ਪ੍ਰਧਾਨ ਅਤੇ ਵਿਧਾਇਕ ਸੁਭਾਸ਼ ਬਰਾਲਾ ਨੇ 'ਹਿੰਦ ਤੇਰੀ ਸ਼ਾਨ ਬਦਲੇ ਮਾਂ ਗੁਜਰੀ ਦੀ ਕੁਰਬਾਨੀ' ਕਵਿਤਾ ਸੁਣਾ ਕੇ ਸੰਗਤ ਦਾ ਮਨ ਮੋਹ ਲਿਆ। ਮੁੱਖ ਪਾਰਲੀਮਾਨੀ ਸਕੱਤਰ ਬਖ਼ਸ਼ੀਸ਼ ਸਿੰਘ ਵਿਰਕ ਨੇ ਮੁੱਖ ਮੰਤਰੀ ਮਨੋਹਰ ਲਾਲ ਦਾ ਧੰਨਵਾਦ ਕੀਤਾ, ਜਿਨ੍ਹਾਂ ਗੁਰੂ ਸਾਹਿਬਾਨ ਦੇ ਪ੍ਰਕਾਸ਼ ਉਤਸਵ ਸਰਕਾਰੀ ਤੌਰ 'ਤੇ ਮਨਾਉਣ ਦੀ ਪਹਿਲ ਕੀਤੀ ਹੈ। ਇਸ ਤੋਂ ਇਲਾਵਾ ਰਾਸ਼ਟਰੀ ਸਿੱਖ ਸੰਗਤ ਜੈਪੁਰ ਦੇ ਪੀ.ਐਸ. ਗਿੱਲ ਨੇ ਵੀ ਸੰਬੋਧਨ ਕੀਤਾ। ਮੁੱਖ ਮੰਤਰੀ ਮਨੋਹਰ ਲਾਲ, ਬਖ਼ਸ਼ੀਸ਼ ਸਿੰਘ ਵਿਰਕ, ਓਐਸਡੀ ਅਮਰਿੰਦਰ ਸਿੰਘ ਨੇ ਪੰਗਤ ਵਿੱਚ ਬੈਠ ਕੇ ਲੰਗਰ ਛਕਿਆ। ਮੁੱਖ ਮੰਤਰੀ ਨੇ ਲੰਗਰ ਵੀ ਵਰਤਾਇਆ। ਇਸ ਤੋਂ ਇਲਾਵਾ ਉਨ੍ਹਾਂ ਪ੍ਰੋਗਰਾਮ ਦੌਰਾਨ ਲਾਏ ਖ਼ੂਨਦਾਨ ਕੈਂਪ ਵਿੱਚ ਪੁੱਜ ਕੇ ਖ਼ੂਨਦਾਨੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ। ਉਨ੍ਹਾਂ ਗੁਰੂ ਸਾਹਿਬਾਨ ਦੇ ਗੌਰਵਮਈ ਇਤਿਹਾਸ 'ਤੇ ਚਾਨਣਾ ਪਾਉਣ ਲਈ ਲਾਈ ਨੁਮਾਇਸ਼ ਵੀ ਵੇਖੀ। ਇਸ ਤੋਂ ਇਲਾਵਾ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਸਤਰਾਂ ਨਾਲ ਸਜੀ ਬੱਸ ਵੀ ਸੰਗਤ ਦੀ ਖਿੱਚ ਦਾ ਕੇਂਦਰ ਰਹੀ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਸੀਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਾਇਮਪੁਰੀ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਤਜਿੰਦਰਪਾਲ ਸਿੰਘ ਢਿੱਲੋਂ, ਸ਼੍ਰੋਮਣੀ ਅਕਾਲੀ ਦਲ ਮਹਿਲਾ ਵਿੰਗ ਦੀ ਕੌਮੀ ਸੀਨੀਅਰ ਮੀਤ ਪ੍ਰਧਾਨ ਬੀਬੀ ਕਰਤਾਰ ਕੌਰ, ਸ਼੍ਰੋਮਣੀ ਅਕਾਲੀ ਦਲ ਦੇ ਸੂਬਾਈ ਪ੍ਰਧਾਨ ਸ਼ਰਨਜੀਤ ਸਿੰਘ, ਸਿੱਖ ਮਿਸ਼ਨ ਹਰਿਆਣਾ ਦੇ ਇੰਚਾਰਜ ਮਨਪ੍ਰੀਤ ਸਿੰਘ ਸਮੇਤ ਸਾਰੇ ਸਿੱਖ ਤਖ਼ਤਾਂ ਦੇ ਜਥੇਦਾਰ ਮੌਜੂਦ ਸਨ।

# ਚੋਣ ਨਤੀਜਿਆਂ ਮਗਰੋਂ ਅਕਾਲੀ ਦਲ 'ਚ ਬ.ਗਾਵਤ ਦੇ ਆਸਾਰ

## 2007 ਤੋਂ ਡੇਰੇ ਜਾਣ ਵਾਲੇ ਸਿੱਖਾਂ ਤੇ ਅਕਾਲੀ ਆਗੂਆਂ ਖ਼ਿਲਾਫ਼ ਹੋਵੇਗੀ ਜਾਂਚ : ਪ੍ਰੋ. ਬਡੂੰਗਰ

**ਚੰਡੀਗੜ੍ਹ/ਬਿਊਰੋ ਨਿਊਜ਼ :** ਅਕਾਲੀ ਦਲ ਵਲੋਂ ਵੋਟਾਂ ਖ਼ਾਤਰ ਵਿਵਾਦਤ ਡੇਰਾ ਸਿਰਸਾ ਨਾਲ ਸਾਂਝ ਪਾਉਣਾ ਅਕਾਲੀ ਆਗੂਆਂ ਦੇ ਗਲੇ ਦੀ ਹੱਡੀ ਬਣਦਾ ਨਜ਼ਰ ਆ ਰਿਹਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਗਠਤ ਤਿੰਨ ਮੈਂਬਰੀ ਕਮੇਟੀ ਵਲੋਂ ਸਿਰਫ਼ ਡੇਰੇ ਵਿਚ ਜਾਣ ਵਾਲੇ ਅਕਾਲੀ ਆਗੂਆਂ ਦੀ ਜਾਂਚ ਹੀ ਨਹੀਂ ਕੀਤੀ ਜਾਵੇਗੀ ਸਗੋਂ 17 ਮਈ 2007 ਦੇ ਹੁਕਮਨਾਮੇ ਤੋਂ ਬਾਅਦ ਹੁਣ ਤਕ ਦੇ ਵਾਪਰੇ ਪੂਰੇ ਘਟਨਾਕ੍ਰਮ ਨੂੰ ਪੜਤਾਲ ਦੇ ਘੇਰੇ ਵਿਚ ਲਿਆ ਜਾਵੇਗਾ। ਕਰੀਬ ਇਕ ਦਹਾਕੇ ਦੇ ਸਫ਼ਰ ਦੌਰਾਨ ਆਪਣੀ ਸਿਆਸੀ ਪਕੜ ਮਜ਼ਬੂਤ ਕਰਨ ਲਈ ਡੇਰਾ ਸਿਰਸਾ ਪ੍ਰੇਮੀਆਂ ਦੀ ਮਦਦ ਲੈਣ ਲਈ ਜਿੰਨੇ ਵੀ ਸਿੱਖ ਆਗੂਆਂ ਨੇ ਸਿਰਸਾ ਮੁਖੀ ਨਾਲ ਮੁਲਾਕਾਤ ਕੀਤੀ ਹੈ, ਉਹ ਸਾਰੇ ਜਾਂਚ ਦੇ ਘੇਰੇ ਵਿਚ ਲਿਆਂਦੇ ਜਾਣਗੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋਫ਼ੈਸਰ ਕਿਰਪਾਲ ਸਿੰਘ ਬਡੂੰਗਰ ਨੇ ਇਸ ਦੀ ਪੁਸ਼ਟੀ ਕੀਤੀ ਹੈ। ਸੂਤਰ ਦਸਦੇ ਹਨ ਕਿ ਅਕਾਲੀ ਆਗੂ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੁੱਝ ਮੈਂਬਰ ਜਕੋਤੱਕੀ ਵਿਚ ਹਨ ਅਤੇ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਅਤੇ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵਿਰੁਧ ਮੋਰਚਾ ਖੋਲ੍ਹਣ ਲਈ ਉਚਿਤ ਸਮੇਂ ਦਾ ਇੰਤਜ਼ਾਰ ਕਰ ਰਹੇ ਹਨ। ਦਸਿਆ ਜਾਂਦਾ ਹੈ ਕਿ ਜ਼ਿਆਦਾਤਰ ਅਕਾਲੀ ਆਗੂ 11 ਮਾਰਚ ਤਕ ਚੋਣਾਂ ਦੇ ਨਤੀਜਿਆਂ ਦਾ ਇੰਤਜ਼ਾਰ ਕਰ ਰਹੇ ਹਨ, ਜੇਕਰ ਵੋਟਾਂ ਦੇ ਨਤੀਜੇ ਅਕਾਲੀ ਦਲ ਦੇ ਵਿਰੁੱਧ ਆਉਂਦੇ ਹਨ ਤਾਂ ਅਕਾਲੀ ਦਲ ਵਿਚ ਬਗ਼ਾਵਤ ਹੋ ਸਕਦੀ ਹੈ। ਪੰਥਕ ਧਿਰਾਂ ਤੇ ਗਰਮ ਖਿਆਲੀ ਆਗੂ ਤਾਂ ਪਹਿਲਾਂ ਹੀ ਜਥੇਦਾਰਾਂ ਦੇ ਵਿਰੁਧ ਸਖ਼ਤ ਟਿਪਣੀਆਂ ਕਰ ਰਹੇ ਹਨ, ਪਰ ਅਕਾਲੀ ਦਲ ਦੇ ਅੰਦਰ ਵੀ ਕਈ ਆਗੂ ਜਥੇਦਾਰਾਂ 'ਤੇ ਦਬਾਅ ਬਣਾ ਸਕਦੇ ਹਨ। ਅਜਿਹੀ ਹਾਲਤ ਵਿੱਚ ਜਥੇਦਾਰਾਂ ਨੂੰ ਡੇਰੇ ਨਾਲ ਸਾਂਝ ਵਧਾਉਣ ਨੂੰ ਲੈ ਕੇ ਅਕਾਲੀ ਦਲ ਦੇ ਸੀਨੀਅਰ ਆਗੂਆਂ ਨੂੰ ਜਿਥੇ ਪੰਥ ਵਿਚੋਂ ਛੇਕਣ ਲਈ ਦਬਾਇਆ ਪਾਇਆ ਜਾ ਸਕਦਾ ਹੈ, ਉਥੇ ਅਕਾਲੀ ਦਲ ਵਿਚ ਨਵੀਂ ਸਫ਼ਬੰਦੀ ਵੀ ਬਣ ਸਕਦੀ ਹੈ।

ਉਧਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਦਾ ਕਹਿਣਾ ਹੈ ਕਿ ਅਕਾਲ ਤਖ਼ਤ ਸਾਹਿਬ ਦੇ 17 ਮਈ 2007 ਦੇ ਹੁਕਮਨਾਮੇ ਦੀ ਉਲੰਘਣਾ ਕਰਕੇ ਜਿੰਨੇ ਵੀ ਅਕਾਲੀ ਆਗੂਆਂ ਜਾਂ ਸਿੱਖਾਂ ਨੇ ਡੇਰਾ ਸਿਰਸਾ ਨਾਲ ਸਾਂਝ ਪਾਈ ਹੈ, ਜਾਂ ਡੇਰੇ 'ਤੇ ਦਸਤਕ ਦਿੱਤੀ ਹੈ, ਉਸ ਦੀ ਜਾਂਚ ਕਰਕੇ ਰਿਪੋਰਟ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਸੌਂਪੀ ਜਾਵੇਗੀ। ਉਨ੍ਹਾਂ ਦੱਸਿਆ ਕਿ ਕਰੀਬ ਦਸ ਸਾਲ ਦੇ ਵਕਤ ਦੌਰਾਨ ਕੀ ਕੀ ਵਾਪਰਿਆ, ਫ਼ੋਟੋਆਂ, ਵੀਡੀਓ ਜਾਂ ਹੋਰ ਜਿੰਨੇ ਵੀ ਸਬੂਤ ਮਿਲਣਗੇ, ਉਹ ਸਾਰੇ ਇਕੱਠੇ ਕੀਤੇ ਜਾ ਰਹੇ ਹਨ।



## ਅਕਾਲੀ ਦਲ ਵਲੋਂ ਚੱਲੀ ਚਾਲ ਪਈ ਪੁੱਠੀ

*ਚੰਡੀਗੜ੍ਹ: ਪਾਰਟੀ ਨਾਲ ਸਬੰਧਤ ਦਿੱਲੀ ਦੇ ਅਕਾਲੀ ਆਗੂਆਂ ਨੇ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨੂੰ ਕਿਹਾ ਹੈ ਕਿ ਡੇਰਾ ਸਿਰਸਾ ਦੀ ਹਮਾਇਤ ਵਿੱਚ ਗਏ ਨੇਤਾਵਾਂ ਨੂੰ ਦਿੱਲੀ ਦੀਆਂ ਚੋਣਾਂ ਤੋਂ ਦੂਰ ਹੀ ਰੱਖਿਆ ਜਾਵੇ। ਇਸ ਮਾਮਲੇ 'ਤੇ ਪਾਰਟੀ ਦੀ ਕੋਰ ਕਮੇਟੀ ਦੀ ਸ਼ਨਿਚਰਵਾਰ ਨੂੰ ਚੰਡੀਗੜ੍ਹ ਵਿੱਚ ਹੋਈ ਮੀਟਿੰਗ ਦੌਰਾਨ ਵੀ ਭਰਵੀਂ ਚਰਚਾ ਹੋਈ। ਪਾਰਟੀ ਦੇ ਇੱਕ ਸੀਨੀਅਰ ਆਗੂ ਨੇ ਦੱਸਿਆ ਕਿ ਡੇਰੇ ਵਿੱਚ ਜਾ ਕੇ ਵੋਟਾਂ ਮੰਗਣ ਵਾਲੇ ਅਕਾਲੀ ਨੇਤਾਵਾਂ ਨੇ ਜਿੱਥੇ ਇਸ ਮਾਮਲੇ ਨੂੰ ਸਰਸਰੀ ਮੰਨਦਿਆਂ ਰਸਮੀ ਕਾਰਵਾਈ ਨਾਲ 'ਰਫ਼ਾ-ਦਫ਼ਾ' ਕਰਨ ਦਾ ਤਰਕ ਪੇਸ਼ ਕੀਤਾ ਉਥੇ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨੇ ਕਿਹਾ ਕਿ ਇਸ ਮਾਮਲੇ ਦਾ ਅਕਾਲ ਤਖ਼ਤ ਉੱਤੇ ਮੁਕੰਮਲ ਕਾਰਵਾਈ ਕਰਨ ਤੋਂ ਬਾਅਦ ਹੀ ਨਿਬੇੜਾ ਹੋਣਾ ਚਾਹੀਦਾ ਹੈ।*

## 22 ਸਿੱਖ ਆਗੂਆਂ ਨੇ ਕੀਤੀ ਹੁਕਮਨਾਮੇ ਦੀ 'ਉਲੰਘਣਾ'

ਅੰਮ੍ਰਿਤਸਰ : ਲਗਭਗ ਦੋ ਦਰਜਨ ਸਿੱਖ ਆਗੂਆਂ ਨੇ ਡੇਰਾ ਸਿਰਸਾ ਜਾ ਕੇ ਸਿਆਸੀ ਸਮਰਥਨ ਪ੍ਰਾਪਤ ਕਰਨ ਅਤੇ ਅਸ਼ੀਰਵਾਦ ਲੈਣ ਲਈ ਸ੍ਰੀ ਅਕਾਲ ਤਖ਼ਤ ਦੇ ਹੁਕਮਨਾਮੇ ਦੀ ਉਲੰਘਣਾ ਕੀਤੀ ਹੈ। ਇਨ੍ਹਾਂ ਆਗੂਆਂ ਵਿੱਚ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਸਮੇਤ ਕਾਂਗਰਸ ਅਤੇ 'ਆਪ' ਦੇ ਸਿੱਖ ਉਮੀਦਵਾਰ ਸ਼ਾਮਲ ਹਨ। ਇਹ ਤੱਥ ਸ਼੍ਰੋਮਣੀ ਕਮੇਟੀ ਦੀ ਜਾਂਚ ਕਮੇਟੀ ਵੱਲੋਂ ਕੀਤੀ ਜਾ ਰਹੀ ਜਾਂਚ ਦੌਰਾਨ ਸਾਹਮਣੇ ਆਏ ਹਨ। ਪ੍ਰਾਪਤ ਵੇਰਵਿਆਂ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਣਾਈ ਗਈ ਤਿੰਨ ਮੈਂਬਰੀ ਜਾਂਚ ਕਮੇਟੀ ਨੂੰ ਹੁਣ ਤੱਕ ਇਸ ਮਾਮਲੇ ਵਿੱਚ ਸਬੂਤਾਂ ਵਜੋਂ ਅਖ਼ਬਾਰਾਂ ਦੀਆਂ ਕਾਤਰਾਂ ਅਤੇ ਸੋਸ਼ਲ ਮੀਡੀਆ 'ਤੇ ਚੱਲ ਰਹੀ ਇੱਕ ਵੀਡੀਓ ਮਿਲੀ ਹੈ। ਜਾਂਚ ਕਮੇਟੀ ਵੱਲੋਂ ਇਨ੍ਹਾਂ ਖ਼ਬਰਾਂ ਅਤੇ ਵੀਡੀਓ ਕਲਿੱਪ ਦੇ ਆਧਾਰ 'ਤੇ ਹੀ ਡੇਰਾ ਸਿਰਸਾ ਜਾ ਕੇ ਸ੍ਰੀ ਅਕਾਲ ਤਖ਼ਤ ਦੇ ਹੁਕਮਨਾਮੇ ਦੀ ਉਲੰਘਣਾ ਕਰਨ ਵਾਲਿਆਂ ਦੀ ਸ਼ਨਾਖ਼ਤ ਕੀਤੀ ਗਈ ਹੈ। ਇਨ੍ਹਾਂ ਵਿੱਚ ਲਗਭਗ 22 ਸਿੱਖ ਆਗੂ ਸ਼ਾਮਲ ਹਨ। ਇਹ ਆਗੂ ਹਾਕਮ ਧਿਰ ਸਮੇਤ ਕਾਂਗਰਸ ਅਤੇ ਹੋਰ ਪਾਰਟੀਆਂ ਨਾਲ ਸਬੰਧਤ ਹਨ। ਜਾਂਚ ਕਮੇਟੀ ਵਿੱਚ ਸ਼ਾਮਲ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਅਮਰਜੀਤ ਸਿੰਘ ਚਾਵਲਾ ਨੇ ਦੱਸਿਆ ਕਿ ਅਕਾਲ ਤਖ਼ਤ ਦੇ ਹੁਕਮ ਮੁਤਾਬਕ ਮਾਮਲੇ ਦੀ ਜਾਂਚ ਜਾਰੀ ਹੈ ਅਤੇ ਜਲਦੀ ਹੀ ਇਕ ਮੀਟਿੰਗ ਕਰਕੇ ਹੁਣ ਤੱਕ ਦੀ ਇਸ ਸਬੰਧੀ ਕੀਤੀ ਗਈ ਕਾਰਵਾਈ ਦੀ ਸਮੀਖਿਆ ਕੀਤੀ ਜਾਵੇਗੀ ਅਤੇ ਅਗਲੀ ਕਾਰਵਾਈ ਬਾਰੇ ਵਿਚਾਰ ਹੋਵੇਗਾ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਸਿੱਖ ਆਗੂਆਂ ਦੇ ਡੇਰਾ ਸਿਰਸਾ ਜਾ ਕੇ ਹੁਕਮਨਾਮੇ ਦੀ ਉਲੰਘਣਾ ਕਰਨ ਬਾਰੇ ਨਾਂ ਆ ਰਹੇ ਹਨ, ਉਨ੍ਹਾਂ ਨਾਲ ਇਸ ਸਬੰਧੀ ਮੀਟਿੰਗ ਕਰਕੇ ਉਨ੍ਹਾਂ ਕੋਲੋਂ ਇਸ ਦੀ ਤਸਦੀਕ ਕੀਤੀ ਜਾਵੇਗੀ। ਜਾਂਚ ਕਮੇਟੀ ਸਮੁੱਚੀ ਜਾਂਚ ਮਗਰੋਂ ਆਪਣੀ ਰਿਪੋਰਟ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਸੌਂਪੇਗੀ। ਸਿਆਸੀ ਹਲਕਿਆਂ ਵਿੱਚ ਚਰਚਾ ਹੈ ਕਿ ਜਾਂਚ ਕਮੇਟੀ ਦੀ ਰਿਪੋਰਟ 26 ਫਰਵਰੀ ਨੂੰ ਹੋਣ ਵਾਲੀਆਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਤੋਂ ਬਾਅਦ ਹੀ ਸ੍ਰੀ ਅਕਾਲ ਤਖ਼ਤ ਨੂੰ ਸੌਂਪੀ ਜਾਵੇਗੀ। ਜਾਂਚ ਕਮੇਟੀ ਨੇ ਵੀ ਕਿਹਾ ਹੈ ਕਿ ਜਾਂਚ ਦੌਰਾਨ ਡੇਰੇ ਗਏ ਸਿੱਖ ਆਗੂਆਂ ਦਾ ਪੱਖ ਲੈਣ ਵਿੱਚ ਸਮਾਂ ਲੱਗ ਸਕਦਾ ਹੈ।

ਅਮਰੀਕੀ ਰਸਾਲੇ ਦੀ ਭਵਿੱਖਬਾਣੀ

# ਜਗਮੀਤ ਸਿੰਘ ਕੈਨੇਡਾ ਵਿਚ ਪ੍ਰਧਾਨ ਮੰਤਰੀ ਅਹੁਦੇ ਦਾ ਬਣ ਸਕਦਾ ਹੈ ਦਾਅਵੇਦਾਰ

**ਵੈਨਕੂਵਰ/ਬਿਊਰੋ ਨਿਊਜ਼ :** ਕੈਨੇਡਾ ਦੇ ਉਨਟਾਰੀਓ ਸੂਬੇ ਵਿਚ ਨਿਊ ਡੈਮੋਕ੍ਰੇਟਿਕ ਪਾਰਟੀ ਦੇ ਵਿਧਾਇਕ ਜਗਮੀਤ ਸਿੰਘ ਨੂੰ ਕੈਨੇਡਾ ਦੀ ਸਿਆਸਤ ਵਿਚ ਉਭਰਦਾ ਸਿਤਾਰਾ ਕਰਾਰ ਦਿੰਦਿਆਂ ਅਮਰੀਕਾ ਦੇ ਇਕ ਰਸਾਲੇ ਨੇ ਭਵਿੱਖਬਾਣੀ ਕੀਤੀ ਹੈ ਕਿ ਉਹ (ਜਗਮੀਤ ਸਿੰਘ) ਪ੍ਰਧਾਨ ਮੰਤਰੀ ਅਹੁਦੇ ਦੇ ਦਾਅਵੇਦਾਰ ਬਣ ਸਕਦੇ ਹਨ।



ਐਨ.ਡੀ.ਪੀ ਦੇ ਨਵੇਂ ਆਗੂ ਦੀ ਚੋਣ ਅਕਤੂਬਰ ਵਿਚ ਹੋਣੀ ਹੈ ਕਿਉਂਕਿ 2015 ਦੀਆਂ ਆਮ ਚੋਣਾਂ ਵਿਚ ਵੱਡੀ ਹਾਰ ਤੋਂ ਬਾਅਦ ਥੌਮਸ ਮਲਕੇਅਰ ਨੇ ਅਸਤੀਫ਼ਾ ਦੇ ਦਿੱਤਾ ਸੀ। ਚੋਣਾਂ ਤੋਂ ਪਹਿਲਾਂ ਐਨ.ਡੀ.ਪੀ. ਨੂੰ ਫ਼ੈਡਰਲ ਸਰਕਾਰ ਬਣਾਉਣ ਦੀ ਦੌੜ ਵਿਚ ਤਕੜਾ ਦਾਅਵੇਦਾਰ ਮੰਨਿਆ ਜਾ ਰਿਹਾ ਸੀ ਪਰ ਨਤੀਜਿਆਂ ਵਿਚ ਪਾਰਟੀ ਨੂੰ ਤੀਜੇ ਸਥਾਨ 'ਤੇ ਸਬਰ ਕਰਨਾ ਪਿਆ। 'ਜੀ.ਕਿਊ' ਰਸਾਲੇ ਨੇ ਜਗਮੀਤ ਸਿੰਘ ਨੂੰ ਕਵਰ ਪੇਜ 'ਤੇ ਥਾਂ ਦਿੱਤੀ ਹੈ। ਜਗਮੀਤ ਸਿੰਘ ਜੋ ਕਿ ਬਰੈਮਲੀ-ਗੋਰ-ਮਾਲਟਨ ਦੀ ਪ੍ਰਤੀਨਿਧਤਾ ਕਰਦੇ ਹਨ ਅਤੇ ਉਨਟਾਰੀਓ ਵਿਧਾਨ ਸਭਾ ਵਿਚ ਐਨ.ਡੀ.ਪੀ. ਦੇ ਉਪ ਆਗੂ ਹਨ, ਦੀ ਇੰਟਰਵਿਊ ਵਿਚ ਉਨ੍ਹਾਂ ਦੀ ਸ਼ਖ਼ਸੀਅਤ ਦੇ ਕਈ ਪਹਿਲੂਆਂ ਦਾ ਜ਼ਿਕਰ ਕੀਤਾ ਗਿਆ ਹੈ। ਜਗਮੀਤ ਸਿੰਘ ਦਾ ਕਹਿਣਾ ਸੀ, "ਸ਼ਾਇਦ 'ਜੀ ਕਿਊ' ਨੂੰ ਉਨ੍ਹਾਂ ਦੇ ਸੋਸ਼ਲ ਮੀਡੀਆ 'ਤੇ ਹੁੰਦੇ ਪ੍ਰਚਾਰ ਦੀ ਬਦੌਲਤ ਉਨ੍ਹਾਂ ਬਾਰੇ ਪਤਾ ਲਗਿਆ। ਉਨ੍ਹਾਂ ਕਿਹਾ, 'ਮੈਨੂੰ ਮਾਣ ਮਹਿਸੂਸ ਹੋ ਰਿਹਾ ਹੈ।' ਉਨ੍ਹਾਂ ਕਿਹਾ ਕਿ ਸਿਰਫ ਫ਼ੈਸ਼ਨ ਕਰ ਕੇ ਉਹ ਫ਼ੈਸ਼ਨ ਵਿਚ ਨਹੀਂ ਹਨ ਪਰ ਇਹ ਵੱਡੀ ਗੱਲ ਹੈ ਕਿ ਧਿਆਨ ਖਿੱਚਣ ਵਾਲੇ ਉਨ੍ਹਾਂ ਦੇ ਸਟਾਈਲ ਦੀ ਬਦੌਲਤ ਉਨ੍ਹਾਂ ਦੀ ਪ੍ਰਗਤੀਸ਼ੀਲ ਪਹੁੰਚ, ਜਿਸ ਦੀ ਉਹ ਹਮਾਇਤ ਕਰਦੇ ਹਨ, ਨੂੰ ਵੱਧ ਉਜਾਗਰ ਕੀਤਾ ਜਾ ਰਿਹਾ ਹੈ।

'ਜੀ ਕਿਊ' ਵਲੋਂ ਜਗਮੀਤ ਸਿੰਘ ਬਾਰੇ ਲਿਖਿਆ ਲੇਖ ਆਨ ਲਾਈਨ ਪ੍ਰਕਾਸ਼ਤ ਹੋਇਆ ਹੈ ਜਿਸ ਵਿਚ ਲਿਖਿਆ ਹੈ ਕਿ ਉਹ ਕੈਨੇਡਾ ਦੀ ਰਾਜਨੀਤੀ ਦੇ ਸਭ ਤੋਂ ਵੱਧ ਸੁਚੱਜੇ ਢੰਗ ਨਾਲ ਤਿਆਰ ਹੋਣ ਵਾਲੀ ਸ਼ਖ਼ਸੀਅਤ ਹਨ। ਮੈਗਜ਼ੀਨ ਦਾ ਕਹਿਣਾ ਹੈ ਕਿ ਤੁਹਾਨੂੰ ਅਜਿਹੇ ਵਿਅਕਤੀ ਵੱਲ ਕਿਉਂ ਧਿਆਨ ਕਰਨਾ ਚਾਹੀਦਾ ਹੈ ਜੋ ਟੋਰਾਂਟੋ ਦੇ ਬਾਹਰ ਸਭ ਅਰਬਨ ਜ਼ਿਲ੍ਹੇ ਦੀ ਪ੍ਰਤੀਨਿਧਤਾ ਕਰਦੇ ਹਨ? ਮੈਗਜ਼ੀਨ ਨੇ ਖ਼ੁਦ ਹੀ ਇਸ ਦਾ ਜਵਾਬ ਦਿੰਦਿਆਂ ਲਿਖਿਆ ਹੈ ਕਿ ਅਜਿਹਾ ਇਸ ਲਈ ਹੈ ਕਿ ਜਗਮੀਤ ਸਿੰਘ ਦੇ ਛੇਤੀ ਹੀ ਫ਼ੈਡਰਲ ਸਿਆਸਤ ਵਿਚ ਆਉਣ ਦੀ ਖ਼ਬਰ ਗਰਮ ਹੈ ਤੇ ਉਹ ਖੱਬੇ ਪੱਖੀ ਨਿਊ ਡੈਮੋਕਰੇਟਿਕ ਪਾਰਟੀ ਆਫ ਕੈਨੇਡਾ ਦੇ ਆਗੂ ਬਣਨ ਜਾ ਰਹੇ ਹਨ ਜੋ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਲਿਬਰਲ ਪਾਰਟੀ ਸਰਕਾਰ ਨਾਲ ਲੋਹਾ ਲੈਣਗੇ। ਆਪਣੀ ਇੰਟਰਵਿਊ ਦੌਰਾਨ ਉਨ੍ਹਾਂ ਤੋਂ ਪੁਛਿਆ ਗਿਆ ਕਿ ਉਹ ਕਦੋਂ ਪ੍ਰੋਵੀਨਸ਼ੀਅਲ ਰਾਜਨੀਤੀ ਤੋਂ ਅੱਗੇ ਵੱਧ ਕੇ ਫ਼ੈਡਰਲ ਰਾਜਨੀਤੀ ਵਿਚ ਆਉਣਗੇ ਤਾਂ ਜਗਮੀਤ ਸਿੰਘ ਹਾਸੇ ਵਿਚ ਜਵਾਬ ਦਿੰਦੇ ਹਨ ਕਿ ਏਨਾ ਸੌਖਾ ਨਹੀਂ।

# ਟਰੰਪ ਮੇਰੀ ਨਵੀਂ ਬਣੀ ਫਿਲਮ 'ਵਾਇਸਰਾਇਜ਼ ਹਾਊਸ' ਤੋਂ ਸਬਕ ਸਿੱਖਣ : ਗੁਰਿੰਦਰ ਚੱਢਾ



ਬਰਲਿਨ 'ਚ 67ਵੇਂ 'ਬਰਲਿਨਲ ਫਿਲਮ ਫੈਸਟੀਵਲ' ਦੌਰਾਨ ਅਦਾਕਾਰ ਮਨੀਸ਼ ਦਿਆਲ, ਹੁਮਾ ਕੁਰੈਸ਼ੀ, ਗਿਲੀਅਨ ਐਂਡਰਸਿਨ, ਗੁਰਿੰਦਰ ਚੱਢਾ ਤੇ ਹਗ ਬੋਨੀਵਿਲੇ ਇਕ ਸਾਂਝੀ ਤਸਵੀਰ 'ਚ।

**ਲੰਡਨ/ਬਿਊਰੋ ਨਿਊਜ਼ :** ਪੰਜਾਬੀ ਮੂਲ ਦੀ ਬਰਤਾਨਵੀ ਫਿਲਮ ਡਾਇਰੈਕਟਰ ਗੁਰਿੰਦਰ ਚੱਢਾ ਦੀ ਨਵੀਂ ਫਿਲਮ 'ਵਾਇਸਰਾਏਜ਼ ਹਾਊਸ' ਮਾਰਚ ਵਿੱਚ ਰਿਲੀਜ਼ ਹੋ ਰਹੀ ਹੈ। ਇਹ ਫਿਲਮ ਭਾਰਤ-ਪਾਕਿਸਤਾਨ ਦੀ ਵੰਡ 'ਤੇ ਆਧਾਰਤ ਸੱਚੀ ਕਹਾਣੀ ਹੈ। ਗੁਰਿੰਦਰ ਚੱਢਾ ਨੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਇਹ ਫਿਲਮ ਵੇਖਣ ਅਤੇ ਇਸ ਤੋਂ ਸਬਕ ਸਿੱਖਣ ਲਈ ਕਿਹਾ ਹੈ। ਚੱਢਾ ਨੇ ਕਿਹਾ ਕਿ ਕਿ ਅੱਜ ਜਿਸ ਸੰਸਾਰ ਵਿੱਚ ਰਹਿ ਰਹੇ ਹਾਂ ਉਹ ਕਾਫੀ ਵੰਡਿਆ ਹੋਇਆ ਹੈ, ਸਾਡੇ ਕੁਝ ਰਾਜਨੀਤਕ ਲੋਕ ਦੀਵਾਰ ਬਣਾਉਣ ਦੀ ਗੱਲ ਕਰ ਰਹੇ ਹਨ। ਇੱਕ ਫਿਲਮ ਆ ਰਹੀ ਹੈ ਜੋ ਯਾਦ ਕਰਵਾਏਗੀ ਕਿ ਜਦੋਂ ਵੰਡ ਦੀ ਗੱਲ ਸ਼ੁਰੂ ਹੁੰਦੀ ਹੈ ਤਾਂ ਕੀ ਹੁੰਦਾ ਹੈ। ਗੁਰਿੰਦਰ ਚੱਢਾ ਨੇ ਕਿਹਾ ਕਿ ਉਹ ਚਾਹੁੰਦੀ ਹੈ ਕਿ ਡੋਨਲਡ ਟਰੰਪ ਇਹ ਫਿਲਮ ਵੇਖੇ ਅਤੇ ਹੋ ਸਕਦਾ ਹੈ 1947 ਦੇ ਇਸ ਵਾਕਿਆ ਤੋਂ ਉਹ ਕੁਝ ਸਿੱਖਣ ਅਤੇ ਮਹਿਸੂਸ ਕਰਨ ਕਿ ਉਹ ਕਿਸ ਤਰ੍ਹਾਂ ਦੇ ਵਿਸ਼ਵਵਿਆਪੀ ਹਨ। ਗੁਰਿੰਦਰ ਚੱਢਾ ਦੀ ਨਵੀਂ ਫਿਲਮ 'ਵਾਇਸਰਾਏਜ਼ ਹਾਊਸ' 1947 ਦੇ ਬ੍ਰਿਟਿਸ਼ ਰਾਜ ਦੇ ਆਖ਼ਰੀ ਦਿਨਾਂ 'ਤੇ ਆਧਾਰਤ ਹੈ ਜਦੋਂ ਭਾਰਤ ਅਤੇ ਪਾਕਿਸਤਾਨ ਦੀ ਵੰਡ ਹੋਈ ਸੀ। ਮਨੁੱਖੀ ਇਤਿਹਾਸ ਦੀ ਸਭ ਤੋਂ ਵੱਡੀ ਵੰਡ ਅਤੇ ਕਤਲੋਗਾਰਤ ਹੋਈ ਸੀ। ਗੁਰਿੰਦਰ ਚੱਢਾ ਨੇ ਇਹ ਫਿਲਮ ਆਪਣੇ ਬਜ਼ੁਰਗਾਂ ਨੂੰ ਸਮਰਪਿਤ ਕੀਤੀ ਹੈ, ਜੋ ਇਸ ਖ਼ੂਨੀ ਬਟਵਾਰੇ ਦੌਰਾਨ ਕਿਸੇ ਤਰ੍ਹਾਂ ਬਚ ਗਏ ਸਨ। ਇਸ ਫਿਲਮ ਵਿਚ ਹੁਮਾ ਕੁਰੈਸ਼ੀ, ਓਮ ਪੁਰੀ, ਮੁਨੀਸ਼ ਦਿਆਲ ਨੇ ਕੰਮ ਕੀਤਾ ਹੈ ਜਦ ਕਿ ਬ੍ਰਿਟਿਸ਼ ਐਕਟਰ ਹਗ ਬੋਨੀਵਿਲੇ ਨੇ ਲਾਰਡ ਮਾਊਂਟਬੈਟਨ ਅਤੇ ਗਿਲੀਅਨ ਐਂਡਰਸਨ ਨੇ ਲੇਡੀ ਐਵੀਨਾ ਮਾਊਂਟਬੈਟਨ ਦੀ ਭੂਮਿਕਾ ਨਿਭਾਈ ਹੈ।

# ਅਮਰੀਕਾ ਨੇ ਪਾਕਿ ਸੈਨੇਟ ਦੇ ਉੱਪ ਚੇਅਰਮੈਨ ਗਫੂਰ ਹੈਦਰੀ ਨੂੰ ਵੀਜ਼ਾ ਦੇਣੋਂ ਕੀਤਾ ਇਨਕਾਰ

**ਇਸਲਾਮਾਬਾਦ/ਬਿਊਰੋ ਨਿਊਜ਼ :** ਅਮਰੀਕਾ ਦੀ ਟਰੰਪ ਸਰਕਾਰ ਨੇ ਵੱਡਾ ਝਟਕਾ ਦਿੰਦੇ ਹੋਏ ਪਾਕਿਸਤਾਨੀ ਸੰਸਦ ਸੈਨੇਟ ਦੇ ਡਿਪਟੀ ਚੇਅਰਮੈਨ ਮੌਲਾਨਾ ਅਬਦੁਲ ਗਫੂਰ ਹੈਦਰੀ ਨੂੰ ਵੀਜ਼ਾ ਦੇਣ ਤੋਂ ਮਨ੍ਹਾ ਕਰ ਦਿੱਤਾ ਹੈ, ਜਿਸ ਵਿਚ 2 ਮੈਂਬਰੀ ਪ੍ਰਤੀਨਿਧੀਮੰਡਲ ਦਾ ਪ੍ਰਸਤਾਵਤ ਅਮਰੀਕੀ ਦੌਰਾ ਰੱਦ ਹੋ ਗਿਆ ਹੈ। ਡਿਪਟੀ ਚੇਅਰਮੈਨ ਅਤੇ ਜਮੀਅਤ ਓਲੇਮਾ ਇਸਲਾਮ ਦੇ ਜਨਰਲ ਸਕੱਤਰ ਮੌਲਾਨਾ ਅਬਦੁਲ ਗਫੂਰ ਹੈਦਰੀ ਸੰਯੁਕਤ ਰਾਸ਼ਟਰ ਦਫਤਰ ਵਿਚ 13 ਤੇ 14 ਫਰਵਰੀ ਨੂੰ ਹੋਣ ਵਾਲੀ ਇੰਟਰ-ਪਾਰਲੀਮੈਂਟਰੀ ਯੂਨੀਅਨ ਦੀ ਬੈਠਕ ਵਿਚ ਸ਼ਾਮਲ ਹੋਣ ਲਈ ਨਿਊਯਾਰਕ ਜਾਣ ਵਾਲੇ ਸਨ। ਉਹ ਦੋ ਦਿਨਾਂ ਲਈ ਪ੍ਰਤੀਨਿਧੀ ਮੰਡਲ ਦੀ ਅਗਵਾਈ ਕਰ ਰਹੇ ਸਨ। ਸੂਤਰਾਂ ਅਨੁਸਾਰ ਹੈਦਰੀ ਨੂੰ ਵੀਜ਼ਾ ਨਹੀਂ ਦਿੱਤਾ ਗਿਆ ਹੈ। ਸੈਨੇਟਰ ਲੈਫਟੀਨੈਂਟ ਜਨਰਲ (ਸੇਵਾਮੁਕਤ) ਸਲਾਹੁਦੀਨ ਤਿਰਮਜ਼ੀ ਵੀ ਹੈਦਰੀ ਨਾਲ ਅਮਰੀਕਾ ਜਾਣ ਵਾਲੇ ਸਨ ਅਤੇ ਉਨ੍ਹਾਂ ਨੂੰ ਦੋ ਦਿਨ ਪਹਿਲਾਂ ਹੀ ਅਮਰੀਕਾ ਦਾ ਵੀਜ਼ਾ ਦਿੱਤਾ ਗਿਆ ਸੀ। ਪਾਕਿਸਤਾਨੀ ਸੈਨੇਟ ਦੇ ਸਭਾਪਤੀ ਰਾਜਾ ਰੱਬਾਨੀ ਦੇ ਹੁਕਮਾਂ 'ਤੇ ਦੋਵਾਂ ਸੈਨੇਟਰਾਂ ਦੀ ਯਾਤਰਾ ਨੂੰ ਹੁਣ ਰੱਦ ਕਰ ਦਿੱਤਾ ਗਿਆ ਹੈ। ਉਨ੍ਹਾਂ ਨੇ ਅਮਰੀਕੀ ਸਰਕਾਰ ਦੇ ਕਦਮਾਂ ਨੂੰ ਗੰਭੀਰਤਾ ਨਾਲ ਲੈਣ ਦੀ ਗੱਲ ਕਹੀ ਹੈ। ਉਨ੍ਹਾਂ ਪਾਕਿਸਤਾਨ ਦੇ ਸੰਸਦ ਸਕੱਤਰੇਤ ਨੂੰ ਕਿਸੇ ਅਮਰੀਕੀ ਪ੍ਰਤੀਨਿਧੀ ਨਾਲ ਫਿਲਹਾਲ ਕੋਈ ਵਰਤਾਓ ਨਹੀਂ ਕਰਨ ਲਈ ਕਿਹਾ ਹੈ। ਅਮਰੀਕੀ ਪ੍ਰਸ਼ਾਸਨ ਦਾ ਇਹ ਕਦਮ ਰਾਸ਼ਟਰਪਤੀ ਟਰੰਪ ਦੇ 27 ਜਨਵਰੀ ਦੇ ਉਸ ਹੁਕਮ ਤੋਂ ਬਾਅਦ ਸਾਹਮਣੇ ਆਇਆ ਹੈ, ਜਿਸ ਵਿਚ ਉਨ੍ਹਾਂ ਨੇ ਸੱਤ ਮੁਸਲਮਾਨ ਦੇਸ਼ਾਂ ਦੇ ਨਾਗਰਿਕਾਂ ਦੇ ਅਮਰੀਕਾ ਆਉਣ 'ਤੇ ਪਾਬੰਦੀ ਲਗਾਈ ਸੀ। ਹਾਲਾਂਕਿ ਹਾਈਕੋਰਟ ਦੇ ਹੁਕਮ ਨਾਲ ਇਨ੍ਹਾਂ ਲੋਕਾਂ ਨੂੰ ਰਾਹਤ ਮਿਲ ਗਈ ਹੈ। ਵ੍ਹਾਈਟ ਹਾਊਸ ਦੇ ਬੁਲਾਰੇ ਨੇ ਪਾਕਿਸਤਾਨ ਦੇ ਸਬੰਧ ਵਿਚ ਪੁੱਛੇ ਜਾਣ 'ਤੇ ਨਾਗਰਿਕਾਂ 'ਤੇ ਵੀ ਅਜਿਹੀ ਹੀ ਪਾਬੰਦੀ ਲਗਾਉਣ ਦੇ ਪ੍ਰਸਤਾਵ ਲਟਕੇ ਰਹਿਣ ਦੇ ਸੰਕੇਤ ਦਿੱਤੇ ਸਨ।



# ਬਰਤਾਨੀਆ : ਸਿੱਖ ਫੁੱਟਬਾਲ ਖਿਡਾਰੀ ਨੂੰ ਪਟਕਾ ਬੰਨ੍ਹ ਕੇ ਖੇਡਣ ਤੋਂ ਰੋਕਿਆ

## ਖੇਡਣ ਦੀ ਇਜਾਜ਼ਤ ਮਗਰੋਂ ਗੁਰਦੀਪ ਨੇ ਖੇਡ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ

**ਲੰਡਨ/ਬਿਊਰੋ ਨਿਊਜ਼ :** ਲੈਸਟਰ ਦੇ ਸਿੱਖ ਫੁੱਟਬਾਲ ਖਿਡਾਰੀ 21 ਸਾਲਾ ਗੁਰਦੀਪ ਮੁਦਾਰ ਨੂੰ ਰੈਫਰੀ ਨੇ ਪਟਕਾ ਬੰਨ੍ਹ ਕੇ ਮੈਚ ਖੇਡਣ ਤੋਂ ਰੋਕਿਆ। ਲੈਸਟਰ ਨਿਰਵਾਨਾ ਟੀਮ ਦਾ ਇਹ ਖਿਡਾਰੀ ਹਮੇਸ਼ਾ ਸਿਰ 'ਤੇ ਪਟਕਾ ਬੰਨ੍ਹ ਕੇ ਖੇਡਦਾ ਹੈ। ਉਸ ਨੂੰ ਪਹਿਲਾਂ ਕਦੇ ਵੀ ਰੋਕਿਆ ਨਹੀਂ ਗਿਆ। ਉਹ ਧਾਰਮਿਕ ਸ਼ਰਧਾ ਕਰਕੇ ਦਸਤਾਰ ਦੀ ਥਾਂ ਪਟਕਾ ਬੰਨ੍ਹ ਲੈਂਦਾ ਹੈ। ਨਿਰਵਾਨਾ ਦੇ ਨੁਮਾਇੰਦਿਆਂ ਨੇ ਕਿਹਾ ਕਿ ਨਿਯਮਾਂ ਅਨੁਸਾਰ ਸਿਰ ਢੱਕ ਸਕਦਾ ਹੈ ਪਰ ਮੈਚ ਅਧਿਕਾਰੀ ਨੇ ਉਸ ਨੂੰ ਕਿਹਾ ਹੈ ਕਿ ਉਹ ਯੂਨਾਈਟਡ ਕਾਊਂਟੀ ਫੁੱਟਬਾਲ ਲੀਗ ਨਹੀਂ ਖੇਡ ਸਕਦਾ। ਕਲੱਬ ਦੇ ਟੀਮ ਸਕੱਤਰ ਜੈਕ ਹੋਜਾਤ ਨੇ ਕਿਹਾ ਕਿ ਗੁਰਦੀਪ ਹਮੇਸ਼ਾ ਪਟਕਾ ਬੰਨ੍ਹ ਕੇ ਖੇਡਦਾ ਹੈ। ਉਸ ਨੂੰ ਪਹਿਲਾਂ ਕਦੇ



ਨਹੀਂ ਰੋਕਿਆ ਗਿਆ। ਪਰ ਇਸ ਵਾਰ ਰੈਫ਼ਰੀ ਨੇ ਕਿਹਾ ਕਿ ਉਹ ਮੈਚ ਨਹੀਂ ਖੇਡ ਰਿਹਾ। ਇਸ ਤੋਂ ਬਾਅਦ ਬਾਕੀ ਖਿਡਾਰੀਆਂ ਨੇ ਵੀ ਮੈਚ ਖੇਡਣ ਤੋਂ ਨਾਂਹ ਕਰ ਦਿੱਤੀ। ਕੁਝ ਦੇਰ ਬਾਅਦ ਗੁਰਦੀਪ ਨੂੰ ਖੇਡਣ ਦਿੱਤਾ ਗਿਆ ਅਤੇ ਉਸ ਨੇ ਇਸ ਖੇਡ ਵਿਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਆਪਣੀ ਟੀਮ ਵੱਲੋਂ 2 ਗੋਲ ਦਾਗੇ, ਜਿਸ ਵਿਚ ਇਕ 92 ਮਿੰਟ ਵਿਚ ਪੈਨਲਟੀ ਵੀ ਸ਼ਾਮਲ ਹੈ, ਜਿਸ ਨਾਲ ਨਿਰਵਾਨਾ ਕਲੱਬ ਦੀ ਟੀਮ ਨੂੰ 2-1 ਨਾਲ ਜਿੱਤ ਹਾਸਲ ਹੋਈ। ਜ਼ਿਕਰਯੋਗ ਹੈ ਕਿ ਭਾਵੇਂ ਵਿਦੇਸ਼ਾਂ ਵਿਚ ਸਿੱਖਾਂ ਨੂੰ ਦਸਤਾਰ ਪਹਿਨਣ ਅਤੇ ਕਕਾਰ ਪਹਿਨਣ ਦੀ ਖੁੱਲ੍ਹ ਹੈ ਪਰ ਫਿਰ ਵੀ ਕਈ ਵਾਰ ਅਜਿਹੇ ਮੌਕੇ ਪੈਦਾ ਹੋ ਜਾਂਦੇ ਹਨ, ਜਦੋਂ ਸਿੱਖਾਂ ਨੂੰ ਆਪਣੇ ਪਹਿਰਾਵੇ, ਦਿੱਖ ਕਾਰਨ ਪੱਖਪਾਤ ਦਾ ਸਾਹਮਣਾ ਕਰਨਾ ਪੈਂਦਾ ਹੈ। ਦੁਨੀਆ ਭਰ ਵਿਚ ਸਿੱਖਾਂ ਨੇ ਵੱਡਾ ਨਾਮਣਾ ਖੱਟਿਆ ਹੈ, ਪਰ ਫਿਰ ਵੀ ਸਿੱਖ ਧਰਮ ਦੇ ਪ੍ਰਚਾਰ ਲਈ ਅਜੇ ਬਹੁਤ ਲੋੜ ਹੈ। ਦੂਜੇ ਧਰਮਾਂ ਦੇ ਲੋਕਾਂ ਨੂੰ ਵੀ ਸਿੱਖ ਧਰਮ ਤੋਂ ਜਾਣੂ ਕਰਵਾਉਣ ਦੀ ਲੋੜ ਹੈ।

# ਸਾਨੀਆ ਮਿਰਜ਼ਾ ਨੂੰ ਟੈਕਸ ਅਦਾ ਨਾ ਕਰਨ 'ਤੇ ਸੇਵਾ ਕਰ ਵਿਭਾਗ ਵੱਲੋਂ ਸੰਮਨ

**ਹੈਦਰਾਬਾਦ/ਬਿਊਰੋ ਨਿਊਜ਼ :** ਭਾਰਤ ਦੀ ਵਿਸ਼ਵ ਪ੍ਰਸਿੱਧ ਟੈਨਿਸ ਖਿਡਾਰਨ ਸਾਨੀਆ ਮਿਰਜ਼ਾ ਵੱਲੋਂ ਸੇਵਾ ਕਰ ਅਦਾ ਨਾ ਕੀਤੇ ਜਾਣ ਕਾਰਨ ਸੇਵਾ ਕਰ ਵਿਭਾਗ ਵੱਲੋਂ ਉਸ ਨੂੰ ਸੰਮਨ ਜਾਰੀ ਕਰਕੇ 16 ਫਰਵਰੀ ਨੂੰ ਵਿਭਾਗ ਵਿਚ ਤਲਬ ਕੀਤਾ ਗਿਆ ਹੈ। ਹੈਦਰਾਬਾਦ ਦੇ ਸੇਵਾ ਕਰ ਵਿਭਾਗ ਦੇ ਪ੍ਰਮੁੱਖ ਕਮਿਸ਼ਨਰ ਵੱਲੋਂ ਜਾਰੀ ਸੰਮਨ ਵਿਚ ਕਿਹਾ ਗਿਆ ਕਿ ਹੈ ਉਹ 16 ਫਰਵਰੀ ਨੂੰ ਖ਼ੁਦ ਵਿਭਾਗ ਦੇ ਦਫ਼ਤਰ ਵਿਚ ਹਾਜ਼ਰ ਹੋਵੇ ਜਾਂ ਆਪਣੇ ਕਿਸੇ ਪ੍ਰਤੀਨਿਧ ਨੂੰ ਭੇਜੇ ਤਾਂ ਕਿ ਉਸ ਤੋਂ ਮਾਮਲੇ ਸਬੰਧੀ ਜ਼ਰੂਰੀ ਪੁੱਛਗਿੱਛ ਕੀਤੀ ਜਾ ਸਕੇ। ਪ੍ਰਮੁੱਖ ਕਮਿਸ਼ਨਰ ਨੇ ਸਾਨੀਆ ਮਿਰਜ਼ਾ ਨੂੰ ਇਸ ਵਿਚ ਮਾਮਲੇ ਆਪਣਾ ਪੱਖ ਦੇਣ ਲਈ ਜ਼ਰੂਰੀ ਦਸਤਾਵੇਜ਼ਾਂ ਸਮੇਤ ਨਿਸ਼ਚਿਤ ਸਮੇਂ 'ਤੇ ਆਉਣ ਲਈ ਕਿਹਾ ਹੈ। ਇਸ ਸਬੰਧੀ ਲਾਪ੍ਰਵਾਹੀ ਨਾ ਵਰਤਣ ਦੀ ਚਿਤਾਵਨੀ ਵੀ ਦਿੱਤੀ ਗਈ ਹੈ। ਹਾਲਾਂਕਿ ਇਹ ਸਪਸ਼ਟ ਨਹੀਂ ਕਿ ਨੋਟਿਸ ਕਿਸ ਮਾਮਲੇ ਵਿਚ ਜਾਰੀ ਕੀਤਾ ਗਿਆ ਹੈ ਪਰ ਨੋਟਿਸ ਵਿਚ ਇਹ ਵੀ ਕਿਹਾ ਗਿਆ ਹੈ ਕਿ ਜੇਕਰ ਉਹ ਸੇਵਾ ਕਰ ਵਿਭਾਗ ਦੇ ਸਵਾਲਾਂ ਦੇ ਤਸੱਲੀਬਖ਼ਸ਼ ਜਵਾਬ ਨਾ ਦੇ ਸਕੀ ਤਾਂ ਇਸ ਵਾਸਤੇ ਉਨ੍ਹਾਂ ਨੂੰ ਸਜ਼ਾ ਵੀ ਦਿੱਤੀ ਜਾ ਸਕਦੀ ਹੈ।



# ਪਾਕਿਸਤਾਨ ਨੂੰ ਹਰਾ ਕੇ ਭਾਰਤ ਦੂਜੀ ਵਾਰ ਬਣਿਆ ਟੀ-20 ਨੇਤਰਹੀਣ ਕ੍ਰਿਕਟ ਵਿਸ਼ਵ ਚੈਂਪੀਅਨ

**ਬੰਗਲੁਰੂ/ਬਿਊਰੋ ਨਿਊਜ਼ :** ਮੌਜੂਦਾ ਚੈਂਪੀਅਨ ਭਾਰਤ ਨੇ ਪ੍ਰਕਾਸ਼ ਜਯਾਰਮਈਆ ਦੀਆਂ ਅਜੇਤੂ 99 ਦੌੜਾਂ ਸਦਕਾ ਆਪਣੇ ਕੱਟੜ ਵਿਰੋਧੀ ਪਾਕਿਸਤਾਨ ਨੂੰ ਦੂਜੇ ਨੇਤਰਹੀਣ ਟੀ-20 ਕ੍ਰਿਕਟ ਵਿਸ਼ਵ ਕੱਪ ਦੇ ਫਾਈਨਲ ਵਿਚ ਲਗਾਤਾਰ ਦੂਜੀ ਵਾਰ ਹਰਾ ਕੇ ਵਿਸ਼ਵ ਚੈਂਪੀਅਨ ਹੋਣ ਦਾ ਆਪਣਾ ਖਿਤਾਬ ਬਰਕਰਾਰ ਰੱਖਿਆ ਹੈ। ਫਾਈਨਲ ਮੈਚ ਵਿਚ ਵਿਚ ਭਾਰਤ ਨੇ ਪਾਕਿਤਾਨ ਨੂੰ 8 ਵਿਕਟਾਂ ਨਾਲ ਹਰਾ ਕੇ ਖਿਤਾਬ ਆਪਣੇ ਨਾਂਅ ਕੀਤਾ।

ਇਥੇ ਬੰਗਲੁਰੂ ਦੇ ਐੱਮ. ਚਿੰਨਾਸਵਾਮੀ ਸਟੇਡੀਅਮ ਵਿਚ ਖੇਡੇ ਗਏ ਫਾਈਨਲ ਮੈਚ ਵਿਚ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਦਿਆਂ ਪਾਕਿਸਤਾਨ ਦੀ ਨੇਤਰਹੀਣ ਕ੍ਰਿਕਟ ਟੀਮ ਨੇ ਬੱਲੇਬਾਜ਼ ਬਦਰ ਮੁਨੀਰ (57) ਦੇ ਅਰਧ ਸੈਂਕੜੇ ਅਤੇ ਮੁਹੰਮਦ ਜਮਾਲ ਦੀਆਂ 24 ਦੌੜਾਂ ਦੀ ਬਦੌਲਤ ਨਿਰਧਾਰਿਤ 20 ਓਵਰਾਂ



ਵਿਚ 8 ਵਿਕਟਾਂ ਗਵਾ ਕੇ 197 ਦੌੜਾਂ ਬਣਾਈਆਂ। ਭਾਰਤ ਵੱਲੋਂ ਕੇਤਨ ਪਟੇਲ ਅਤੇ ਇਕਬਾਲ ਨੇ 2-2 ਵਿਕਟਾਂ ਲਈਆਂ। ਟੀਚੇ ਦਾ ਪਿੱਛਾ ਕਰਦਿਆਂ ਭਾਰਤ ਦੀ ਨੇਤਰਹੀਣ ਟੀਮ ਨੇ ਪ੍ਰਕਾਸ਼ ਜਯਾਰਮਈਆ ਦੀਆਂ ਅਜੇਤੂ 99 ਦੌੜਾਂ ਸਦਕਾ 17.4 ਓਵਰਾਂ ਵਿਚ ਹੀ 200 ਦੌੜਾਂ ਬਣਾ ਕੇ ਖਿਤਾਬੀ ਜਿੱਤ ਹਾਸਲ ਕਰ ਲਈ। ਭਾਰਤ ਵਲੋਂ ਅਜੇ ਰੈਡੀ 43 ਦੌੜਾਂ ਬਣਾ ਕੇ ਰਨ ਆਊਟ ਹੋਏ। ਕੇਤਨ ਪਟੇਲ (26) ਦੌੜਾਂ ਬਣਾ ਰਿਟਾਇਰ ਹਰਟ ਹੋਏ ਜਦਕਿ ਵੈਂਕਟੇਸ਼ 11 ਦੌੜਾਂ ਬਣਾ ਕੇ ਅਜੇਤੂ ਰਹੇ। ਭਾਰਤ ਦੇ ਪ੍ਰਕਾਸ਼ ਜਯਾਰਮਈਆ ਨੂੰ ਮੈਨ ਆਫ ਦ ਮੈਚ ਅਤੇ ਟੂਰਨਾਮੈਂਟ ਵਿਚ ਸਭ ਤੋਂ ਵੱਧ 570 ਦੌੜਾਂ ਬਣਾਉਣ ਵਾਲੇ ਪਾਕਿਸਤਾਨ ਦੇ ਬੱਲੇਬਾਜ਼ ਬਦਰ ਮੁਨੀਰ ਨੂੰ ਮੈਨ ਆਫ ਦ ਸੀਰੀਜ਼ ਦਾ ਐਵਾਰਡ ਦਿੱਤਾ ਗਿਆ।

## ਉਪਹਾਰ ਕਾਂਡ ਦੇ ਦੋਸ਼ੀ ਗੋਪਾਲ ਆਂਸਲ ਨੂੰ ਇਕ ਸਾਲ ਦੀ ਸਜ਼ਾ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਸੁਪਰੀਮ ਕੋਰਟ ਨੇ 1997 ਦੇ ਉਪਹਾਰ ਸਿਨੇਮਾ ਕੇਸ ਵਿੱਚ ਰੀਅਲ ਐਸਟੇਟ ਕਾਰੋਬਾਰੀ ਗੋਪਾਲ ਆਂਸਲ ਨੂੰ ਇਕ ਸਾਲ ਦੀ ਸਜ਼ਾ ਭੁਗਤਣ ਦਾ ਆਦੇਸ਼ ਦਿੱਤਾ ਹੈ। ਸੁਪਰੀਮ ਕੋਰਟ ਨੇ 2:1 ਦੇ ਬਹੁਮੱਤ ਨਾਲ ਦਿੱਤੇ ਫੈਸਲੇ ਵਿੱਚ ਗੋਪਾਲ ਆਂਸਲ ਨੂੰ ਇਕ ਸਾਲ ਦੀ ਬਚਦੀ ਸਜ਼ਾ ਭੁਗਤਣ ਲਈ ਚਾਰ ਹਫ਼ਤਿਆਂ ਵਿੱਚ ਸਮਰਪਣ ਕਰਨ ਲਈ ਕਿਹਾ ਹੈ। ਹਾਲਾਂਕਿ



ਅਦਾਲਤ ਨੇ ਉਸ ਦੇ ਵੱਡੇ ਭਰਾ ਸੁਸ਼ੀਲ ਆਂਸਲ ਨੂੰ ਜ਼ਿਆਦਾ ਉਮਰ ਕਾਰਨ ਰਾਹਤ ਦਿੰਦਿਆਂ ਉਨੀ ਹੀ ਸਜ਼ਾ ਸੁਣਾਈ, ਜੋ ਉਹ ਇਸ ਕੇਸ ਵਿੱਚ ਪਹਿਲਾਂ ਹੀ ਭੁਗਤ ਚੁੱਕਿਆ ਹੈ। ਇਸ ਵਿੱਚ ਸਜ਼ਾ ਮੁਆਫ਼ੀ ਵੀ ਸ਼ਾਮਲ ਹੈ।

ਜਸਟਿਸ ਰੰਜਨ ਗੋਗੋਈ ਅਤੇ ਕੁਰੀਅਨ ਜੋਜ਼ਫ਼ ਵੱਲੋਂ ਬਹੁਮਤ ਨਾਲ ਆਏ ਇਸ ਫੈਸਲੇ ਵਿੱਚ ਕਿਹਾ ਗਿਆ ਕਿ ਸੁਪਰੀਮ ਕੋਰਟ ਵੱਲੋਂ ਸੁਸ਼ੀਲ ਆਂਸਲ ਅਤੇ ਗੋਪਾਲ ਆਂਸਲ ਉਤੇ ਪਹਿਲਾਂ ਲਾਇਆ 30-30 ਕਰੋੜ ਦਾ ਜੁਰਮਾਨਾ 'ਹੱਦੋਂ ਵੱਧ ਨਹੀਂ' ਹੈ। ਤਿੰਨ ਮੈਂਬਰੀ ਬੈਂਚ ਵਿੱਚ ਜਸਟਿਸ ਗੋਗੋਈ ਤੇ ਜਸਟਿਸ ਜੋਜ਼ਫ਼ ਇਸ ਫੈਸਲੇ ਦੇ ਪੱਖ ਵਿੱਚ ਸਨ, ਜਦੋਂ ਕਿ ਜਸਟਿਸ ਆਦਰਸ਼ ਕੁਮਾਰ ਗੋਇਲ ਨੇ ਇਸ ਦਾ ਵਿਰੋਧ ਕੀਤਾ। ਸੁਪਰੀਮ ਕੋਰਟ ਨੇ ਇਹ ਫੈਸਲਾ ਸੀਬੀਆਈ ਅਤੇ ਪੀੜਤਾਂ ਦੀ ਸੰਸਥਾ ਦੀਆਂ ਅਰਜ਼ੀਆਂ ਦੇ ਆਧਾਰ ਉਤੇ ਦਿੱਤਾ। ਉਨਾਂ ਇਸ ਕੇਸ ਵਿੱਚ ਸਾਲ 2015 ਵਿੱਚ ਆਏ ਫੈਸਲੇ ਦੀ ਸਮੀਖਿਆ ਕਰਨ ਦੀ ਮੰਗ ਕੀਤੀ ਸੀ। ਉਨਾਂ ਦਾ ਕਹਿਣਾ ਸੀ ਕਿ ਸੁਸ਼ੀਲ ਆਂਸਲ ਅਤੇ ਗੋਪਾਲ ਆਂਸਲ ਜੇ 30-30 ਕਰੋੜ ਦਾ ਜੁਰਮਾਨਾ ਤਿੰਨ ਮਹੀਨਿਆਂ ਵਿੱਚ ਨਹੀਂ ਭਰਦੇ ਤਾਂ ਉਨਾਂ ਨੂੰ ਦੋ ਸਾਲਾਂ ਦੀ ਜੇਲ ਦੀ ਸਜ਼ਾ ਪੂਰੀ ਕਰਨ ਲਈ ਕਿਹਾ ਜਾਵੇ। ਜ਼ਿਕਰਯੋਗ ਹੈ ਕਿ ਦੱਖਣੀ ਦਿੱਲੀ ਦੇ ਗਰੀਨ ਪਾਰਕ ਵਿੱਚ ਉਪਹਾਰ ਸਿਨੇਮਾ ਵਿੱਚ 13 ਜੂਨ 1997 ਨੂੰ ਅੱਗ ਲੱਗਣ ਕਾਰਨ 59 ਵਿਅਕਤੀ ਦਮ ਘੁਟਣ ਕਾਰਨ ਮਾਰੇ ਗਏ ਸਨ। ਭਗਦੜ ਵਿੱਚ 100 ਤੋਂ ਵੱਧ ਵਿਅਕਤੀ ਜ਼ਖ਼ਮੀ ਵੀ ਹੋ ਗਏ ਸਨ।

*ਮੋਦੀ-ਰਾਹੁਲ ਵਿਚਾਲੇ ਸ਼ਬਦੀ ਜੰਗ*

# ਮੋਦੀ ਨੂੰ ਦੂਜਿਆਂ ਦੇ ਗੁਸਲਖਾਨਿਆਂ 'ਚ ਝਾਤੀਆਂ ਮਾਰਨਾ ਜ਼ਿਆਦਾ ਪਸੰਦ : ਰਾਹੁਲ ਗਾਂਧੀ

### ਮੋਦੀ ਦੀ ਸਾਬਕਾ ਪ੍ਰਧਾਨ ਮੰਤਰੀ 'ਤੇ ਤਣਜ਼ : ਗੁਸਲਖਾਨੇ 'ਚ ਬਰਸਾਤੀ ਪਾ ਕੇ ਨਹਾਉਣ ਦੀ ਕਲਾ ਆਉਂਦੀ ਹੈ ਡਾ. ਮਨਮੋਹਨ ਸਿੰਘ ਨੂੰ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਕਾਂਗਰਸ ਦੇ ਕੌਮੀ ਮੀਤ ਪ੍ਰਧਾਨ ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਖ਼ਿਲਾਫ਼ 'ਰੇਨਕੋਟ ਪਾ ਕੇ ਇਸ਼ਨਾਨ ਕਰਨ' ਵਾਲੀ ਟਿੱਪਣੀ ਦਾ ਠੋਕਵਾਂ ਜਵਾਬ ਦਿੰਦਿਆਂ ਕਿਹਾ ਕਿ ਮੋਦੀ ਨੂੰ ਦੂਜਿਆਂ ਦੇ ਗੁਸਲਖਾਨਿਆਂ ਵਿਚ ਝਾਤੀਆਂ ਮਾਰਨੀਆਂ ਆਉਂਦੀਆਂ ਹਨ। ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਵੱਲੋਂ ਨੋਟਬੰਦੀ ਨੂੰ ਸੰਗਠਿਤ ਅਤੇ ਗ਼ੈਰਕਾਨੂੰਨੀ ਲੁੱਟ ਦੱਸੇ ਜਾਣ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਜ ਸਭਾ ਵਿਚ ਉਨਾਂ ਨੂੰ ਆਪਣੇ ਨਿਸ਼ਾਨੇ 'ਤੇ ਲੈ ਕੇ ਵੱਧ ਸਖ਼ਤ ਟਿੱਪਣੀਆਂ ਕੀਤੀਆਂ ਸਨ। ਇਸ ਤੋਂ ਨਾਰਾਜ਼ ਕਾਂਗਰਸ ਮੈਂਬਰਾਂ ਨੇ ਉਨਾਂ ਦੇ ਭਾਸ਼ਨ ਦਰਮਿਆਨ ਹੀ ਸਦਨ ਵਿਚੋਂ ਵਾਕਆਊਟ ਕਰ ਦਿੱਤਾ ਸੀ। ਡਾ. ਮਨਮੋਹਨ ਸਿੰਘ ਨੇ ਕਿਹਾ ਹੈ ਕਿ ਉਹ ਟਿੱਪਣੀਆਂ ਦਾ ਸ੍ਰੀ ਮੋਦੀ ਨੂੰ ਮੋੜਵਾਂ ਜਵਾਬ ਨਹੀਂ ਦੇਣਗੇ। ਉਂਜ ਸ੍ਰੀ ਮੋਦੀ ਨੇ ਕਿਹਾ ਕਿ ਕਾਲੇ ਧਨ ਖ਼ਿਲਾਫ਼ ਲੜਾਈ ਸਿਆਸੀ ਜਾਂ ਕਿਸੇ ਪਾਰਟੀ ਖ਼ਿਲਾਫ਼ ਨਹੀਂ ਹੈ। ਡਾ. ਮਨਮੋਹਨ ਸਿੰਘ ਦੇ ਨਾਲ ਕਾਂਗਰਸ ਨੂੰ ਕਰੜੇ ਹੱਥੀਂ ਲੈਂਦਿਆਂ ਪ੍ਰਧਾਨ ਮੰਤਰੀ ਨੇ ਕਿਹਾ, "ਗੁਸਲਖਾਨੇ ਵਿਚ ਬਰਸਾਤੀ ਪਾ ਕੇ ਨਹਾਉਣ ਦੀ ਕਲਾ ਸਿਰਫ਼ ਸਾਬਕਾ ਪ੍ਰਧਾਨ ਮੰਤਰੀ ਨੂੰ ਹੀ ਆਉਂਦੀ ਹੈ ਕਿਉਂਕਿ ਸਾਰੇ ਘੁਟਾਲਿਆਂ ਦੇ ਬਾਵਜੂਦ ਉਨਾਂ ਉਪਰ ਕੋਈ ਧੱਬਾ ਨਹੀਂ ਲੱਗਿਆ ਹੈ।" ਅਜਿਹੀ ਟਿੱਪਣੀਆਂ ਤੋਂ ਖ਼ਫ਼ਾ ਕਾਂਗਰਸ ਮੈਂਬਰਾਂ ਨੇ ਰਾਸ਼ਟਰਪਤੀ ਦੇ ਭਾਸ਼ਨ 'ਤੇ ਧੰਨਵਾਦ ਮਤੇ ਦੀ ਬਹਿਸ ਦਾ ਪ੍ਰਧਾਨ ਮੰਤਰੀ ਵੱਲੋਂ ਜਵਾਬ ਦਿੱਤੇ ਜਾਣ ਸਮੇਂ ਸਦਨ ਵਿਚੋਂ ਹੀ ਵਾਕਆਊਟ ਕਰ ਦਿੱਤਾ। ਸਦਨ ਨੇ ਬਾਅਦ ਵਿਚ 651 ਸੋਧਾਂ ਨਾਲ ਭਾਸ਼ਨ ਨੂੰ ਪਾਸ ਕਰ ਦਿੱਤਾ। ਖੱਬੇ ਪੱਖੀ, ਤ੍ਰਿਣਮੂਲ ਕਾਂਗਰਸ ਅਤੇ ਜਨਤਾ ਦਲ (ਯੂ) ਦੇ ਮੈਂਬਰਾਂ ਨੇ ਵੀ ਮੋਦੀ ਦੇ ਭਾਸ਼ਨ 'ਤੇ ਨਾਖੁਸ਼ੀ ਜ਼ਾਹਰ ਕਰਦਿਆਂ ਸਦਨ ਵਿਚੋਂ ਵਾਕਆਊਟ ਕਰ ਦਿੱਤਾ। ਉਨਾਂ ਦਾ ਕਹਿਣਾ ਸੀ ਕਿ ਉਹ ਕੁਝ ਸਵਾਲ ਪੁੱਛਣਾ ਚਾਹੁੰਦੇ ਸਨ ਪਰ ਉਨਾਂ ਨੂੰ ਇਸ ਦੀ ਇਜਾਜ਼ਤ ਨਹੀਂ ਦਿੱਤੀ ਗਈ। ਕਰੀਬ ਇਕ ਘੰਟੇ ਦੇ ਭਾਸ਼ਨ ਦੌਰਾਨ ਸ੍ਰੀ ਮੋਦੀ ਨੇ ਆਪਣੇ ਸ਼ਬਦੀ ਹਮਲੇ ਕਾਂਗਰਸ ਅਤੇ ਹੋਰ ਵਿਰੋਧੀ ਪਾਰਟੀਆਂ ਵਲ ਕੀਤੇ। ਜਿਵੇਂ ਹੀ ਕਾਂਗਰਸ ਮੈਂਬਰਾਂ ਨੇ ਰੌਲਾ ਪਾਉਣਾ ਸ਼ੁਰੂ ਕੀਤਾ ਅਤੇ ਸਦਨ ਛੱਡ ਕੇ ਜਾਣ ਲੱਗੇ ਤਾਂ ਗੁੱਸੇ ਵਿਚ ਆਏ ਸ੍ਰੀ ਮੋਦੀ ਨੇ ਕਿਹਾ ਕਿ ਜੇਕਰ ਰੌਲਾ ਪਾਉਂਦੇ ਹੋ ਤਾਂ ਜਵਾਬ ਸੁਣਨ ਦਾ ਹੌਸਲਾ ਵੀ ਹੋਣਾ ਚਾਹੀਦਾ ਹੈ। ਉਨਾਂ ਕਿਹਾ ਕਿ ਉੱਚੇ ਅਹੁਦੇ 'ਤੇ ਰਹੇ ਵਿਅਕਤੀ (ਮਨਮੋਹਨ ਸਿੰਘ) ਨੇ ਜਦੋਂ ਸਦਨ ਵਿਚ ਲੁੱਟ ਅਤੇ ਹੋਰ ਤਿੱਖੇ ਸ਼ਬਦਾਂ ਦੀ ਵਰਤੋਂ ਕੀਤੀ ਸੀ ਤਾਂ ਉਸ ਸਮੇਂ ਕਾਂਗਰਸ ਨੂੰ 50 ਵਾਰ ਸੋਚਣਾ ਚਾਹੀਦਾ ਸੀ। ਰਾਹੁਲ ਨੇ ਕਿਹਾ, 'ਮੋਦੀ ਜਨਮ ਪੱਤਰੀ ਪੜਨਾ, ਗੂਗਲ 'ਤੇ ਸਰਚ ਮਾਰਨਾ ਅਤੇ ਲੋਕਾਂ ਦੇ ਗੁਸਲਖਾਨਿਆਂ ਵਿੱਚ ਝਾਕਣਾ ਪਸੰਦ ਕਰਦੇ ਹਨ ਪਰ ਉਹ ਪ੍ਰਧਾਨ ਮੰਤਰੀ ਵਜੋਂ ਕੰਮ ਕਰਨ ਵਿੱਚ ਨਾਕਾਮ ਰਹੇ ਹਨ। ਉਹ (ਮੋਦੀ) ਆਪਣੇ ਵਿਹਲੇ ਸਮੇਂ ਦੌਰਾਨ ਇਹ (ਗੁਸਲਖਾਨਿਆਂ ਵਿੱਚ ਝਾਤੀ ਮਾਰਨ) ਕੰਮ ਕਰ ਸਕਦੇ ਹਨ।' ਸੰਸਦ ਵਿਚ ਡਾ. ਮਨਮੋਹਨ ਸਿੰਘ ਅਤੇ ਹਰਿਦੁਆਰ ਵਿਚ ਚੋਣ ਰੈਲੀ ਦੌਰਾਨ ਕਾਂਗਰਸ ਖ਼ਿਲਾਫ਼ ਟਿੱਪਣੀ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਸੀ, 'ਮੈਂ ਕਾਂਗਰਸੀਆਂ ਨੂੰ ਕਹਿੰਦਾ ਹਾਂ, ਜ਼ੁਬਾਨ ਸੰਭਾਲ ਕੇ ਰੱਖੋ, ਨਹੀਂ ਤਾਂ ਮੇਰੇ ਕੋਲ ਤੁਹਾਡੀ ਪੂਰੀ ਜਨਮਪੱਤਰੀ ਪਈ ਹੈ।' ਇਸ 'ਤੇ ਰਾਹੁਲ ਨੇ ਸ੍ਰੀ ਮੋਦੀ ਨੂੰ ਵੰਗਾਰਦਿਆਂ ਕਿਹਾ, 'ਤੁਸੀਂ ਦੋ ਸਾਲਾਂ ਤੋਂ ਵੱਧ ਸਮੇਂ ਤੋਂ ਪ੍ਰਧਾਨ ਮੰਤਰੀ ਹੋ। ਤੁਸੀਂ ਕਾਂਗਰਸ ਦੀ ਜਨਮਪੱਤਰੀ ਕੱਢ ਸਕਦੇ ਹੋ ਅਤੇ ਇਸ ਦਿਸ਼ਾ ਵਿਚ ਅੱਗੇ ਵਧੋ।' ਪ੍ਰਧਾਨ ਮੰਤਰੀ ਵੱਲੋਂ ਰਾਹੁਲ ਨੂੰ ਗੂਗਲ 'ਤੇ 'ਸਭ ਤੋਂ ਵੱਧ ਮਜ਼ਾਕ ਦਾ ਪਾਤਰ ਵਿਅਕਤੀ' ਦੱਸੇ ਜਾਣ ਉਤੇ ਕਾਂਗਰਸ ਦੇ ਮੀਤ ਪ੍ਰਧਾਨ ਨੇ ਕਿਹਾ, 'ਉਹ ਗੂਗਲ 'ਤੇ ਸਰਚ ਕਰਨਾ ਪਸੰਦ ਕਰਦੇ ਹਨ ਪਰ ਉਹ ਪ੍ਰਧਾਨ ਮੰਤਰੀ ਵਜੋਂ ਕੰਮ ਕਰਨ ਵਿੱਚ ਨਾਕਾਮ ਰਹੇ ਹਨ। ਉਸ ਨੂੰ ਇਨਾਂ ਚੋਣਾਂ ਵਿੱਚ ਝਟਕਾ ਲੱਗੇਗਾ। ਅਸਲ ਵਿੱਚ ਮੋਦੀ ਦੀ ਨੀਤੀ ਧਿਆਨ ਭਟਕਾਉਣ ਵਾਲੀ ਹੈ। ਜਦੋਂ ਉਹ ਰੁਜ਼ਗਾਰ, ਸੁਰੱਖਿਆ, ਨੋਟਬੰਦੀ ਵਰਗੇ ਮੁੱਦਿਆਂ ਉਤੇ ਉੱਠਦੇ ਸਵਾਲਾਂ ਦਾ ਜਵਾਬ ਨਹੀਂ ਦੇ ਸਕਦੇ ਤਾਂ ਉਹ ਧਿਆਨ ਲਾਂਭੇ ਕਰਨ ਲਈ ਅਜਿਹੇ ਜੁਮਲੇ ਘੜਦੇ ਹਨ। ਹੁਣ ਤਾਂ ਸਾਰਾ ਮੁਲਕ ਇਸ ਬਾਰੇ ਜਾਣਦਾ ਹੈ।'



ਨਵੀਂ ਦਿੱਲੀ ਵਿਖੇ ਰਾਜ ਸਭਾ ਵਿੱਚ ਬੋਲਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ।

ਉਨਾਂ ਕਿਹਾ ਕਿ ਸ੍ਰੀ ਮੋਦੀ ਨੇ ਹਰ ਸਾਲ ਦੋ ਲੱਖ ਨੌਕਰੀਆਂ ਦੇਣ ਦਾ ਵਾਅਦਾ ਕੀਤਾ ਸੀ ਅਤੇ ਪਿਛਲੇ ਸਾਲ ਕੇਵਲ ਇਕ ਲੱਖ ਨੌਜਵਾਨਾਂ ਨੂੰ ਨੌਕਰੀ ਦਿੱਤੀ ਗਈ। ਉਹ ਸੁਰੱਖਿਆ ਤੇ ਅਤਿਵਾਦ ਬਾਰੇ ਗੱਲਾਂ ਕਰਦੇ ਹਨ। ਸਰਜੀਕਲ ਹਮਲੇ ਦੇ ਸਿੱਟੇ ਵਜੋਂ ਸੁਰੱਖਿਆ ਬਲਾਂ ਦੇ 90 ਜਵਾਨਾਂ ਨੂੰ ਬਲੀਦਾਨ ਦੇਣਾ ਪਿਆ ਹੈ, ਜੋ ਪਿਛਲੇ ਸੱਤ ਸਾਲਾਂ ਵਿੱਚ ਪਹਿਲੀ ਵਾਰ ਹੋਇਆ ਹੈ।

# ਲਓ ! ਕਰ ਲੋ ਗੱਲ...



-ਕਮਲ ਦੁਸਾਂਝ

## ਮਨਮੋਹਨ ਜੀ ਕੁਛ ਤੋ ਬੋਲੋ !!

ਰਾਹੁਲ ਗਾਂਧੀ- ਮਨਮੋਹਨ ਜੀ ਦੇਖੀਏ ਨਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਆਪ ਕੇ ਬਾਰੇ ਮੇਂ ਕਯਾ ਕਹਿ ਰਹੇ ਹੈਂ ?



ਡਾ. ਮਨਮੋਹਨ- ਜੀ, ਕਯਾ ਕਹਿ ਰਹੇ ਹੈਂ ਰਾਹੁਲ ਬਾਬਾ, ਮੁਝੇ ਤੋ ਕਮ ਸੁਣਾਈ ਦੇਤਾ ਹੈ।

ਰਾਹੁਲ- ਅਰੇ ਮਨਮੋਹਨ ਜੀ, ਵੋ ਕਹਿ ਰਹੇ ਹੈਂ ਕਿ ਆਪ ਰੇਨਕੋਟ ਪਹਿਨ ਕਰ ਨਹਾਤੇ ਹੋ ? ਉਨਹੋ ਨੇ ਆਪ ਕੋ ਕਬ ਨਹਾਤੇ ਹੂਏ ਦੇਖ ਲੀਆ ? ਕਯਾ ਆਪ ਨੇ ਦਰਵਾਜ਼ਾ ਬੰਦ ਨਹੀਂ ਕੀਯਾ ਥਾ।

ਡਾ. ਮਨਮੋਹਨ- ਅਰੇ ਰਾਹੁਲ ਬਾਬਾ, ਤੁਮੇ ਹਰ ਬਾਤ ਸਮਝਾਨੀ ਪੜਤੀ ਹੈ। ਉਨਹੋ ਨੇ ਮੁਝੇ ਨਹਾਤੇ ਹੂਏ ਨਹੀਂ ਦੇਖਾ, ਉਨਕਾ ਮਤਲਬ ਹੈ ਕਿ ਘੁਟਾਲੇ ਕਰਕੇ ਭੀ ਬਚ ਜਾਤੇ ਹੈਂ।

ਰਾਹੁਲ- ਓ...ਅੱਛਾ ਅੱਛਾ...ਤੋ ਆਪ ਉਨਕੋ ਜਵਾਬ ਨਹੀਂ ਦੇਂਗੇ ?

ਡਾ. ਮਨਮੋਹਨ-ਨਹੀਂ, ਮੈਂ ਤੋ ਮੌਨ ਮੌਨ ਹੂੰ।



ਰਾਹੁਲ-ਤੋ ਸੈਕਰੇਟਰੀ, ਤੁਮੀ ਕੋਈ ਜਵਾਬ ਬਤਾਓ ?

ਸੈਕਟਰੀ- ਜੀ ਜਨਾਬ, ਆਪ ਬਿਆਨ ਦੋ ਕਿ ਮੋਦੀ ਕੋ ਦੂਸਰੋਂ ਕੇ ਬਾਥਰੂਮ ਮੇਂ ਝਾਕਨਾ ਪਸੰਦ ਹੈ।

ਰਾਹੁਲ-ਅੱਛਾ, ਇਸ ਸੇ ਕਯਾ ਹੋਗਾ ?

ਸੈਕਟਰੀ- ਸਰ, ਹੋਗਾ ਤੋ ਕੁਛ ਨਹੀਂ... ਬੱਸ ਚਰਚਾ ਚਲੀ ਗੀ ਔਰ ਘਪਲੋਂ ਪਰ ਪਰਦਾ ਪੜਾ ਰਹੇਗਾ।

ਰਾਹੁਲ- ਓ, ਯੇ ਠੀਕ ਹੈ...ਅਬ ਹਮਾਰੇ ਬੋਲਣੇ ਕਾ ਵਕਤ ਆ ਗਿਆ ਹੈ।

## ਅਮਰੀਕਾ ਦੀ ਉਤਰ ਕੋਰੀਆ ਨੂੰ ਸਖ਼ਤ ਚਿਤਾਵਨੀ




## ਮੋਦੀ ਦਾ ਇਕ ਹੋਰ ਜੁਮਲਾ ਚੁੱਕੋ !

ਉੱਤਰ ਪ੍ਰਦੇਸ਼ ਚੋਣਾਂ ਵਿਚ ਸਾਰੀਆਂ ਸਿਆਸੀ ਧਿਰਾਂ ਦਾ ਜ਼ੋਰ ਲੱਗਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਜ਼ੋਰ-ਸ਼ੋਰ ਨਾਲ ਰੈਲੀਆਂ ਵਿਚ ਇਕ ਤੋਂ ਇਕ ਜੁਮਲਾ ਛੱਡ ਰਹੇ ਹਨ। ਜੁਮਲੇ ਛੱਡਣ 'ਚ ਇਨ੍ਹਾਂ ਦਾ ਕੋਈ ਮੁਕਾਬਲਾ ਨਹੀਂ। ਜੁਮਲਿਆਂ ਦੇ ਸਿਰ 'ਤੇ ਤਾਂ ਕੇਂਦਰ ਦੀ ਸੱਤਾ ਹੱਥ ਲੱਗ ਗਈ। ਹੁਣ ਉਤਰ ਪ੍ਰਦੇਸ਼ ਚੋਣਾਂ ਵਿਚ ਮੋਦੀ ਕਹਿ ਰਹੇ ਹਨ-'ਅਖਿਲੇਸ਼ ਸਰਕਾਰ ਸੁਧਰਨ ਵਾਲੀ ਨਹੀਂ। ਇਨ੍ਹਾਂ ਨੇ ਤਾਂ ਰਾਮ ਮਨੋਹਰ ਲੋਹੀਆ ਨੂੰ ਵੀ ਨਹੀਂ ਛੱਡਿਆ। ਜੇਕਰ ਯੂ.ਪੀ. ਵਿਚ ਭਾਜਪਾ ਦੀ ਸਰਕਾਰ ਬਣੀ ਤਾਂ 6 ਮਹੀਨਿਆਂ ਦੇ ਅੰਦਰ ਅੰਦਰ ਅਪਰਾਧੀ ਜੇਲ੍ਹ ਹੋਣਗੇ।' ਲਓ ਜੀ ਕਰ ਲੋ ਗੱਲ। ਢਾਈ ਸਾਲਾਂ ਮਗਰੋਂ ਕਾਲਾ ਧਨ ਤਾਂ ਭਾਰਤ ਵਾਪਸ ਆਇਆ ਨਹੀਂ, ਵਿਜੈ ਮਾਲਿਆ ਕਰੋੜਾਂ ਰੁਪਏ ਡਕਾਰ ਕੇ ਫਰਾਰ ਹੋ ਗਿਆ ਤੇ ਹੁਣ ਯੂ.ਪੀ. 'ਚ ਅਪਰਾਧੀਆਂ ਨੂੰ 6 ਮਹੀਨਿਆਂ ਦੇ ਅੰਦਰ ਅੰਦਰ ਜੇਲ੍ਹ ਵਿਚ ਡੱਕਣਗੇ। '84 ਦੇ ਸਿੱਖ ਕਤਲੇਆਮ ਦੇ ਦੋਸ਼ੀ, ਗੁਜਰਾਤ ਦੰਗਿਆਂ ਦੇ ਦੋਸ਼ੀ ਤਾਂ ਅਦਾਲਤਾਂ ਦੀ ਸੈਰ ਕਰਕੇ ਮੁੜ ਆਉਂਦੇ ਨੇ...ਉਨ੍ਹਾਂ ਨੂੰ ਹੀ ਜੇਲ੍ਹ ਅੰਦਰ ਡੱਕ ਦਿਓ ਜਨਾਬ। ਗਊ ਰੱਖਿਅਕ ਸ਼ਰੇਆਮ ਸੜਕਾਂ 'ਤੇ ਗੁੰਡਾਗਰਦੀ ਕਰਦੇ ਫਿਰ ਰਹੇ ਨੇ...ਇਨ੍ਹਾਂ ਨੂੰ ਜੇਲ੍ਹਾਂ ਵਿਚ ਕਦੋਂ ਡੱਕੋਂਗੇ ?!! ਚੱਲੋ ਰਹਿਣ ਈ ਦਿਓ...ਇਹ ਤਾਂ ਥੋਡੇ ਤੋਂ ਹੋਣਾ ਨਹੀਂ...ਕੋਈ ਹੋਰ ਜੁਮਲਾ ਹੀ ਸੁਣਾ ਦਿਓ...। ਟਾਈਮ ਪਾਸ ਕਰਨ ਲਈ।...!!

## ਸਜ਼ਾ...ਕੋਈ ਗੱਲ ਈ ਨੀਂ ਜੀ... !

ਡੇਰਾ ਸੌਦਾ ਸਾਧ ਤੋਂ ਸਮਰਥਨ ਲੈਣ ਗਏ ਅਕਾਲੀ ਦਲ ਉਮੀਦਵਾਰ ਹੁਣ ਸਜ਼ਾ ਲੈਣ ਲਈ ਕਾਹਲੇ ਹਨ। ਕੈਬਨਿਟ ਮੰਤਰੀ ਤੇ ਮੌੜ ਹਲਕੇ ਤੋਂ ਉਮੀਦਵਾਰ ਜਨਮੇਜਾ ਸਿੰਘ ਸੇਖੋਂ, ਕੋਟਕਪੂਰਾ ਤੋਂ ਅਕਾਲੀ ਉਮੀਦਵਾਰ ਮਨਤਾਰ ਸਿੰਘ ਬਰਾੜ ਹੋਣ ਤੇ ਭਾਵੇਂ ਹੋਰ ਗਏ ਨੇਤਾ ਹੋਣ, ਉਨ੍ਹਾਂ ਦਾ ਕਹਿਣਾ ਹੈ ਕਿ ਸਾਨੂੰ ਜਿਹੜੀ ਮਰਜ਼ੀ ਸਜ਼ਾ ਦਿਓ, ਕੋਈ ਗੱਲ ਈ ਨੀਂ ਜੀ। ਲਓ, ਹੁਣ ਡਰ ਵੀ ਕਾਹਦਾ ਹੋਵੇ ਇਨ੍ਹਾਂ ਨੂੰ...ਵੋਟਾਂ ਲੈਣ ਦਾ ਜਿਹੜਾ ਕੰਮ ਹੋਣਾ ਸੀ, ਉਹ ਤਾਂ ਹੋ ਗਿਆ। ਸਜ਼ਾ ਵੀ ਕਿਹੜਾ ਜੇਲ੍ਹ



ਹੋਣ ਲੱਗੀ ਐ...। ਧਾਰਮਿਕ ਸਜ਼ਾ ਹੈ...ਇਕ ਦਿਨ ਜਾ ਕੇ ਲੰਗਰ ਦੀ ਸੇਵਾ ਕਰ ਆਉਣਗੇ...ਭਾਂਡੇ ਮਾਂਜ ਆਉਣਗੇ...ਜੋੜਿਆਂ ਦੀ ਸੇਵਾ ਕਰ ਦੇਣਗੇ ਤੇ ਗੁਰਬਾਣੀ ਸੁਣ ਲੈਣਗੇ...। ਏਦੋਂ ਵੱਧ ਤਾਂ ਸਜ਼ਾ ਹੋ ਨੀਂ ਸਕਦੀ। ਨਾਲੇ ਇਹ ਕਿਹੜੀ ਸਜ਼ਾ...? ਇਹ ਸੇਵਾ ਤਾਂ ਰੋਜ਼ ਲੱਖਾਂ ਲੋਕ ਆਪ ਮੁਹਾਰੇ ਕਰਦੇ ਨੇ...। ਅਕਾਲੀਆਂ ਲਈ ਉਸ ਵੇਲੇ ਵੱਕਾਰ ਦਾ ਸਵਾਲ ਬਣਿਆ ਹੋਇਆ ਸੀ...ਡੇਰੇ ਅੱਗੇ ਹੱਥ ਜੋੜ ਕੇ ਬੇਇਜ਼ਤੀ ਵੀ ਕਰਵਾ ਲਈ ਤੇ ਵੋਟਾਂ ਵੀ ਲੈ ਲਈਆਂ। ਹੁਣ ਕਹਿੰਦੇ ਆ ਬਈ, ਸਜ਼ਾ ਦਿਓ...ਅਸੀਂ ਤਿਆਰ ਆਂ...ਡੇਰੇ ਜਾਣ ਨਾਲ ਸ਼ਾਇਦ ਕੁਰਸੀ ਈ ਬਚ ਜਾਵੇ, ਇੱਜ਼ਤ ਦਾ ਕੀ ਐ...?!!

## ਬਿਜਲੀ ਚੋਰੀ ਦੀਆਂ ਮੌਜਾਂ ਈ ਮੌਜਾਂ !

ਬਾਦਲ ਪਿਓ-ਪੁੱਤ ਲੰਬੀਆਂ ਲੰਬੀਆਂ ਸੁੱਟਦੇ ਹਨ-ਅਖੇ, ਪੰਜਾਬ ਵਿਚ ਬਿਜਲੀ ਸਰਪਲਸ ਐ...। ਪੰਜਾਬ 'ਚ ਤਾਂ ਪਤਾ ਨਹੀਂ ਪਰ ਲੰਬੀ 'ਚ ਜ਼ਰੂਰ ਐ। ਵੋਟਾਂ ਵੇਲੇ ਤਾਂ ਪਿਓ-ਪੁੱਤ ਨੇ ਲੋਕਾਂ ਨੂੰ ਮੌਜਾਂ ਈ ਲੁਆ ਦਿੱਤੀਆਂ। ਕਹਿੰਦੇ ਜਿੰਨੀ ਮਰਜ਼ੀ ਬਿਜਲੀ ਲੁੱਟੋ, ਸਾਨੂੰ ਕੀ ਫ਼ਰਕ ਪੈਂਦੇ...ਪੈਸੇ ਤਾਂ ਪਾਵਰਕੌਮ ਨੇ ਭਰਨੇ ਆ...ਤੁਸੀਂ ਬੱਸ ਸਾਨੂੰ ਵੋਟ ਜ਼ਰੂਰ ਪਾ ਦੇਣਾ। ਫੇਰ ਕੀ ਲੰਬੀ ਹਲਕੇ ਦੇ ਲੋਕਾਂ ਦੇ ਹੌਸਲੇ ਬੁਲੰਦ ਹੋ ਗਏ। ਬਿਜਲੀ ਚੋਰੀ ਦੀਆਂ ਮੌਜਾਂ ਲੱਗ ਗਈਆਂ। ਕੋਈ ਰੋਕਣ-ਟੋਕਣ ਵਾਲਾ ਨਹੀਂ। ਹੁਣ ਜਿੰਨੇ ਦਿਨ ਬਾਦਲ ਸਰਕਾਰ ਐ, ਬਈ ਓਨੇ ਦਿਨ ਤਾਂ ਐਸ਼ ਕਰੋ। ਚੋਰੀ ਕਰ ਕਰਕੇ ਲੰਬੀ ਦੇ ਲੋਕੀ ਸਭ ਤੋਂ ਅੱਗੇ ਨਿਕਲ ਗਏ। ਹੁਣ ਤਾਂ ਸਰਕਾਰ ਕੋਈ ਵੀ ਆ ਜਾਵੇ...ਇਨ੍ਹਾਂ ਦਾ ਕੋਈ ਕੁਝ ਨੀਂ ਵਿਗਾੜ ਸਕਦਾ। ਜਾਂ ਬਾਦਲ ਸਰਕਾਰ ਪੈਸੇ ਭਰੂ ਜਾਂ ਅਗਲੀ ਸਰਕਾਰ ਭੁਗਤੂਗੀ।



# ਗ਼ਰੀਬ ਦੀ ਕੀਮਤ-ਸਿਰਫ਼ ਇਕ ਵੋਟ !

ਡਾ. ਹਰਸ਼ਿੰਦਰ ਕੌਰ, ਐਮ.ਡੀ.
(ਮੋਬਾਈਲ : 0175-2216783)

**ਜੁਰਮ ਕਰਨ ਵਾਲੇ ਬੰਦੇ ਸਿਆਸਤ ਵਿਚ ਕਾਫ਼ੀ ਕਾਮਯਾਬ ਸਾਬਤ ਹੁੰਦੇ ਹਨ। ਜਿਹੜੇ ਗ਼ਰੀਬ ਜਾਂ ਦਲਿਤ ਸੌਖਿਆਂ ਭਰਮਾਏ ਜਾਂਦੇ ਹੋਣ, ਉਨ੍ਹਾਂ ਨੂੰ ਪਾਸੇ ਛੱਡ ਕੇ, ਲੋਕਾਂ ਨੂੰ ਜਗਾਉਣ ਵਾਲੇ ਦਾ ਸੰਘ ਨੱਪ ਕੇ, ਬਾਕੀਆਂ ਨੂੰ ਡਰਾ ਧਮਕਾ ਕੇ, ਆਪਣੇ ਵੱਲ ਵੋਟਾਂ ਪੁਆਉਣ ਵਿਚ ਇਹ ਮਾਹਰ ਹੁੰਦੇ ਹਨ। ਇਸੇ ਲਈ ਜੁਰਾਇਮ ਪੇਸ਼ਾ ਲੋਕ ਹਰ ਸਿਆਸਤਦਾਨ ਦੀ ਲੋੜ ਬਣ ਚੁੱਕੇ ਹਨ। ਪਾਲਤੂ ਜਾਨਵਰਾਂ ਵਾਂਗ ਇਨ੍ਹਾਂ ਨੂੰ ਪਾਲ ਕੇ, ਆਪਣੀ ਜਿੱਤ ਲਈ ਮੋਹਰੇ ਬਣਾ ਲਏ ਜਾਂਦੇ ਹਨ।**

ਅਮਰੀਕਾ ਦੇ ਕਈ ਰਾਸ਼ਟਰਪਤੀ ਉਸ ਅਹੁਦੇ ਉੱਤੇ ਪਹੁੰਚਣ ਤੋਂ ਪਹਿਲਾਂ ਫ਼ੌਜ ਵਿਚ ਸੇਵਾ ਨਿਭਾ ਚੁੱਕੇ ਸਨ। ਪਹਿਲੇ ਸਮੇਂ ਅਮਰੀਕਾ ਵਿਚ ਹਰ ਕਿਸੇ ਲਈ ਕੁੱਝ ਚਿਰ ਫ਼ੌਜ ਵਿਚ ਕੰਮ ਕਰਨਾ ਲਾਜ਼ਮੀ



ਹੁੰਦਾ ਸੀ। ਇਸ ਦੇ ਦੋ ਕਾਰਨ ਸਨ। ਇਕ, ਲੋਕਾਂ ਵਿਚ ਦੇਸ਼ ਪ੍ਰੇਮ ਦਾ ਜਜ਼ਬਾ ਭਰ ਜਾਂਦਾ ਸੀ। ਦੂਜਾ, ਹੋਰਨਾਂ ਦੀਆਂ ਜ਼ਿੰਦਗੀਆਂ ਵਿਚਲੀਆਂ ਔਖਿਆਈਆਂ ਬਾਰੇ ਚਾਨਣਾ ਹੋਣਾ ਤੇ ਬਾਕੀਆਂ ਨਾਲ ਰਲ ਮਿਲ ਕੇ ਰਹਿਣ ਦੀ ਜਾਚ ਆਉਣੀ। ਇਸ ਦਾ ਨਤੀਜਾ ਇਹ ਹੋਇਆ ਕਿ ਅਮਰੀਕਾ ਵਿਚ ਅੱਜ ਦੇ ਦਿਨ ਵੀ ਫ਼ੌਜ ਦੀ ਅਹਿਮੀਅਤ ਨੂੰ ਸਮਝਦੇ ਹੋਏ ਫ਼ੌਜੀਆਂ ਦੇ ਆਰਾਮ ਤੇ ਰੱਖਿਆ ਦਾ ਬਹੁਤ ਧਿਆਨ ਰੱਖਿਆ ਜਾਂਦਾ ਹੈ। ਉਨ੍ਹਾਂ ਨੂੰ ਉੱਚ ਕੋਟੀ ਦਾ ਵਧੀਆ ਗਰਮ ਖਾਣਾ, ਠੰਢ ਤੋਂ ਬਚਾਉਣ ਲਈ ਗਰਮ ਨਿੱਘੇ ਕੱਪੜੇ ਤੇ ਗਰਮੀ ਵਿਚ ਏ.ਸੀ. ਦਾ ਪ੍ਰਬੰਧ ਜਿੱਥੇ ਵੀ ਕਿਤੇ ਤੈਨਾਤ ਹੋਣ, ਉੱਥੇ ਜ਼ਰੂਰ ਕੀਤਾ ਜਾਂਦਾ ਹੈ। ਬਥੇਰੀਆਂ ਖੋਜਾਂ ਇਸੇ ਉੱਤੇ ਆਧਾਰਤ ਹਨ ਕਿ ਕਿਵੇਂ ਫ਼ੌਜ ਦੇ ਜਵਾਨਾਂ ਤੋਂ ਬਗ਼ੈਰ, ਕੰਪਿਊਟਰ ਆਧਾਰਤ ਮਸ਼ੀਨਾਂ, ਦੁਸ਼ਮਣ ਦੇ ਇਲਾਕੇ ਵਿਚ ਵਾਰ ਵੀ ਕਰਨ ਤੇ ਉੱਥੋਂ ਬਾਰੇ ਜਾਸੂਸੀ ਵੀ ਕਰਦੀਆਂ ਰਹਿਣ। ਅਜਿਹਾ ਇਸ ਲਈ ਕੀਤਾ ਜਾ ਰਿਹਾ ਹੈ ਕਿਉਂਕਿ ਇੱਕ-ਇੱਕ ਫ਼ੌਜੀ ਦੀ ਜਾਨ ਬਹੁਤ ਕੀਮਤੀ ਮੰਨੀ ਗਈ ਹੈ ਤੇ ਪੂਰਾ ਜ਼ੋਰ ਹਰ ਜਾਨ ਨੂੰ ਬਚਾਉਣ ਉੱਤੇ ਲਾਇਆ ਜਾਂਦਾ ਹੈ। ਸਭ ਤੋਂ ਵਧੀਆ ਡਾਕਟਰੀ ਸਹੂਲਤਾਂ, ਸੌਣ ਦਾ ਸਮਾਂ, ਟੀ.ਵੀ., ਰੇਡੀਓ, ਖੇਡਾਂ ਤੇ ਕਸਰਤ ਦਾ ਸਮਾਂ, ਵਧੀਆ ਕੱਪੜਿਆਂ ਤਕ ਦਾ ਖ਼ਿਆਲ ਰੱਖਿਆ ਜਾਂਦਾ ਹੈ। ਟੱਬਰ ਦੇ ਜੀਆਂ ਨਾਲ ਗੱਲਬਾਤ ਕਰਵਾਉਂਦੇ ਰਹਿਣ, ਉਨ੍ਹਾਂ ਨਾਲ ਮਿਲਣਾ-ਜੁਲਣਾ ਤੇ ਟੱਬਰਾਂ ਦੀ ਪੂਰੀ ਜ਼ਿੰਮੇਵਾਰੀ ਸਰਕਾਰ ਚੁੱਕਦੀ ਹੈ।

ਅਸੀਂ ਗੱਲ ਕਰਦੇ ਹਾਂ ਵਿਕਸਤ ਦੇਸ਼ਾਂ ਦੀ ਬਰਾਬਰੀ ਦੀ! ਉਹ ਬਰਾਬਰੀ ਪੈਸਿਆਂ ਨਾਲ ਨਹੀਂ, ਨੀਅਤ ਨਾਲ ਆਉਂਦੀ ਹੈ। ਜਦੋਂ ਅਮੀਰ-ਗ਼ਰੀਬ ਦਾ ਪਾੜ ਬਹੁਤ ਜ਼ਿਆਦਾ ਹੋ ਜਾਵੇ ਅਤੇ ਕੁਰਸੀਧਾਰੀ ਅਨਪੜ੍ਹ ਹੋਣ ਤਾਂ ਅਜਿਹੀ ਤਬਦੀਲੀ ਲਗਭਗ ਨਾਮੁਮਕਿਨ ਹੈ। ਸਾਡੇ ਮੁਲਕ ਵਿਚ 'ਦਲਿਤ' ਅਤੇ 'ਗ਼ਰੀਬ', ਸਿਰਫ਼ ਇਨ੍ਹਾਂ ਉੱਤੇ ਹੀ ਸਾਰੀ ਰਾਜਨੀਤੀ ਖੜ੍ਹੀ ਹੈ ਕਿਉਂਕਿ ਇਨ੍ਹਾਂ ਨੂੰ ਵਿਦਿਆ ਦੇ ਕੇ ਦਿਮਾਗ਼ ਵਰਤਣ ਯੋਗ ਬਣਾਇਆ ਨਹੀਂ ਜਾਂਦਾ। ਬੱਚੇ ਜੰਮ ਜੰਮ ਕੇ ਇਨ੍ਹਾਂ ਨੂੰ ਵੋਟਾਂ ਦੀ ਗਿਣਤੀ ਵਧਾਉਣ ਲਈ ਉਤਸਾਹਿਤ ਕੀਤਾ ਜਾਂਦਾ ਹੈ ਕਿਉਂਕਿ ਇਹ ਵੋਟਾਂ ਛੇਤੀ ਭਰਮਾਈਆਂ ਜਾਂਦੀਆਂ ਹਨ। ਆਪਣੀਆਂ ਰੋਜ਼ ਦੀਆਂ ਲੋੜਾਂ ਤਕ ਸੀਮਤ ਹੋ ਚੁੱਕੀ ਇਨ੍ਹਾਂ ਦੀ ਸੋਚ ਨੂੰ ਥੋੜ੍ਹੇ ਜਿਹੇ ਪੈਸੇ ਤੇ ਸ਼ਰਾਬ ਨਾਲ ਖ਼ਰੀਦ ਕੇ, ਉੱਕਾ ਹੀ ਅਨਪੜ੍ਹ ਲੋਕ ਵੀ ਬਿਨਾਂ ਕਿਸੇ ਵੱਡੀ ਤਬਦੀਲੀ ਨੂੰ ਅਮਲੀ ਜਾਮਾ ਪਹਿਨਾ ਕੇ, ਸੌਖਿਆਂ ਜਿੱਤ ਜਾਂਦੇ ਹਨ।

ਪੜ੍ਹੇ ਲਿਖੇ ਲੋਕ ਇਨ੍ਹਾਂ ਤੋਂ ਗਿਣਤੀ ਵਿਚ ਘੱਟ ਹੋਣ ਸਦਕਾ, ਪੂਰਨ ਰੂਪ ਵਿਚ ਜਾਗਰੂਕ ਹੋਣ ਬਾਅਦ ਵੀ ਆਪਣੀ ਮਰਜ਼ੀ ਦੇ ਲੋਕਾਂ ਨੂੰ ਜਿਤਾ ਨਹੀਂ ਸਕਦੇ ਜੋ ਲੋਕ ਹਿਤਾਂ ਨੂੰ ਤਰਜੀਹ ਦਿੰਦੇ ਹੋਣ। ਇਹੀ ਕਾਰਨ ਹੈ ਕਿ ਟੁੱਟਦੇ ਸੁਫ਼ਨਿਆਂ ਨੂੰ ਸਮੇਟਦੇ ਬਹੁਤੇ ਪੜ੍ਹੇ ਲਿਖੇ ਲੋਕ ਵੋਟਾਂ ਪਾਉਣ ਲਈ ਘਰੋਂ ਨਿਕਲਣਾ ਹੀ ਬੰਦ ਹੋ ਗਏ ਹਨ ਮਰਾਸੀਆਂ, ਅਨਪੜ੍ਹਾਂ, ਭੰਡਾਂ, ਤੇ ਮੁਜਰਮਾਂ ਨਾਲ ਭਰੀ ਅਜਿਹੀ ਫ਼ੌਜ ਜਦੋਂ ਸੱਤਾ ਹੱਥ ਵਿਚ ਲੈਂਦੀ ਹੈ ਤਾਂ ਉਨ੍ਹਾਂ ਦੀ ਕੋਈ ਗ਼ਲਤੀ ਮੰਨੀ ਹੀ ਨਹੀਂ ਜਾ ਸਕਦੀ ਕਿਉਂਕਿ ਉਨ੍ਹਾਂ ਦੀ ਸੋਚ ਉੱਚੀ ਉਡਾਰੀ ਮਾਰਨਯੋਗ ਹੀ ਨਹੀਂ ਹੁੰਦੀ। ਅਜਿਹੇ ਸੱਤਾਧਾਰੀਆਂ ਦਾ ਸਿਰਫ਼ ਇੱਕੋ ਮਕਸਦ ਹੁੰਦਾ ਹੈ। ਆਪਣੀ ਆਮਦਨ ਵਧਾਉਣ ਅਤੇ ਆਪਣੀ ਰਿਸ਼ਤੇਦਾਰੀ ਨੂੰ ਉੱਚੇ ਅਹੁਦੇ ਦੁਵਾਉਣ ਤਾਂ ਜੋ ਉਨ੍ਹਾਂ ਦੀਆਂ ਅਗਲੀਆਂ ਪੁਸ਼ਤਾਂ ਵੀ ਜ਼ਿੰਦਗੀ ਦਾ ਹਰ ਐਸ਼ੋ ਆਰਾਮ ਮਾਣ ਸਕਣ।

ਪੰਜ ਸਾਲਾਂ ਵਿਚ ਸਿਆਸਤਦਾਨਾਂ ਦੀ ਚਾਰ ਜਾਂ ਪੰਜ ਗੁਣਾਂ ਵਧੀ ਜਾਇਦਾਦ ਇਸ ਗੱਲ ਦੀ ਗਵਾਹ ਹੈ ਕਿ ਅਜਿਹੇ ਸੱਤਾਧਾਰੀਆਂ ਨੇ ਆਪਣੀ ਗੱਦੀ ਪੱਕੀ ਰੱਖਣ ਲਈ ਗ਼ਰੀਬਾਂ ਤੇ ਦਲਿਤਾਂ ਨੂੰ ਰੋਜ਼ੀ ਰੋਟੀ ਕਮਾਉਣ ਤੇ ਰੋਜ਼ ਦੀ ਜੱਦੋ-ਜਹਿਦ ਜਾਰੀ ਰੱਖਣ ਲਈ ਹੀ ਛੱਡ ਦੇਣਾ ਹੁੰਦਾ ਹੈ ਤਾਂ ਜੋ ਪੜ੍ਹ ਲਿਖ ਕੇ ਕਿਤੇ ਆਪਣੇ ਹੱਕਾਂ ਬਾਰੇ ਜਾਗਰੂਕ ਹੋ ਕੇ ਅਗਲੀ ਵਾਰ ਸੱਤਾ ਉੱਤੋਂ ਉਨ੍ਹਾਂ ਨੂੰ ਲਾਹ ਨਾ ਦੇਣ। ਵੀਹਵੀਂ ਸਦੀ ਦਾ ਕਿਹਾ ਅੱਜ ਵੀ ਸਹੀ ਸਾਬਤ ਹੋ ਰਿਹਾ ਹੈ -

"ਗੌਰਮਿੰਟ ਨੇ ਝੰਗਾ ਦਿੱਤਾ, ਪਾ ਲਓ ਲੋਕੋ ਪਾ ਲਓ।
ਅੱਗਾ ਪਿੱਛਾ ਹੈ ਨਹੀਂ, ਬਾਹਵਾਂ ਆਪ ਲੁਆ ਲਓ।"

ਮਹਿੰਗਾਈ ਵਧਾ ਕੇ, ਵਾਧੂ ਟੈਕਸਾਂ ਦਾ ਬੋਝ ਪਾ ਕੇ, ਆਮ ਜਨਤਾ ਦਾ ਲੱਕ ਤੋੜ ਕੇ, ਫੇਰ ਨਿੱਕੀਆਂ-ਨਿੱਕੀਆਂ ਰਾਹਤਾਂ ਦਾ ਐਲਾਨ ਕੀਤਾ ਜਾਂਦਾ ਹੈ, ਜਿਵੇਂ ਚਿੜੀ ਨੂੰ ਚੋਗਾ ਪਾਈਦਾ ਹੈ। ਬਹੁਗਿਣਤੀ ਨਪੀੜੇ ਹੋਏ ਲੋਕ ਇਸ ਚੋਗੇ ਨੂੰ ਚੁਗ ਕੇ ਸੱਤਾਧਾਰੀਆਂ ਦੀ ਵਾਹ-ਵਾਹ ਕਰ ਕੇ ਆਪਣੇ ਮਨ ਨੂੰ ਤਸੱਲੀ ਦੇ ਦਿੰਦੇ ਹਨ ਕਿ ਚਲੋ ਕਦੇ ਤਾਂ ਚੰਗਾ ਸਮਾਂ ਆਏਗਾ ਹੀ!

ਜਿਹੜਾ ਇਨ੍ਹਾਂ ਨਪੀੜਿਆਂ ਵਿੱਚੋਂ ਅਗਿਆਨਤਾ ਦਾ ਹਨੇਰਾ ਛੱਡ ਕੇ, ਪੜ੍ਹ ਲਿਖ ਕੇ ਅਗਾਂਹ ਵਧਣ ਦੀ ਕੋਸ਼ਿਸ਼ ਕਰੇ ਅਤੇ ਲੋਕਾਂ ਨੂੰ ਸਮਝਾਉਣਾ ਚਾਹੇ ਕਿ ਪਾਰਲੀਮੈਂਟ ਵਿਚ ਤਾਂ ਜ਼ਮੀਰਾਂ ਦੀਆਂ ਬੋਲੀਆਂ ਲਾਉਣ ਵਾਲੇ ਬੈਠੇ ਹਨ, ਅਜਿਹੇ ਗਿਣੇ ਚੁਣਿਆਂ ਨੂੰ ਸਿਆਸਤ ਦੀ ਦਲਦਲ ਵਿਚ ਡੁੱਬੋ ਕੇ, ਸਿਰਫ਼ ਆਪਣੀ ਆਮਦਨ ਵਧਾਉਣ, ਆਪਣਿਆਂ ਨੂੰ ਅਗਾਂਹ ਲਿਆਉਣ ਤੇ ਦੱਬੇ ਹੋਇਆਂ ਨੂੰ ਦੱਬੇ ਰੱਖਣ ਦੀ ਜਾਚ ਸਿਖਾ ਕੇ ਆਪਣੇ ਰੰਗ ਵਿਚ ਰੰਗ ਦਿੱਤਾ ਜਾਂਦਾ ਹੈ।

ਅਜਿਹੇ ਮਾਹੌਲ ਵਿਚ ਜੇ ਖ਼ਬਰਾਂ ਪੜ੍ਹਨ ਨੂੰ ਮਿਲਣ ਕਿ ਗ਼ਰੀਬਾਂ ਦੀ ਗਿਣਤੀ ਵਧਦੀ ਜਾ ਰਹੀ ਹੈ, ਆਜ਼ਾਦੀ ਤੋਂ 70 ਸਾਲਾਂ ਬਾਅਦ ਵੀ ਗ਼ਰੀਬੀ ਹਟਾਈ ਨਹੀਂ ਜਾ ਸਕੀ, ਸ਼ਹੀਦਾਂ ਦੀ ਤੀਜੀ ਪੁਸ਼ਤ ਆਪਣੀ ਰੋਜ਼ੀ ਰੋਟੀ ਕਮਾਉਣ ਲਈ ਜੁੱਤੀਆਂ ਗੰਢ ਰਹੀ ਹੈ, ਫ਼ੌਜੀਆਂ ਨੂੰ ਖਾਣ ਪੀਣ ਲਈ ਘਟੀਆ ਖਾਣਾ ਦਿੱਤਾ ਜਾ ਰਿਹਾ ਹੈ, ਅਫ਼ਸਰਾਂ ਦੀਆਂ ਜੁੱਤੀਆਂ ਸਾਫ਼ ਕਰਨ ਦਾ ਕੰਮ ਦਿੱਤਾ ਜਾਂਦਾ ਹੈ, ਜਵਾਨਾਂ ਨੇ ਅਫ਼ਸਰਾਂ ਦੇ ਬੱਚੇ ਸਕੂਲ ਛੱਡਣੇ ਹਨ, ਸਬਜ਼ੀਆਂ ਢੋਣੀਆਂ ਹਨ ਤੇ ਮੇਮ ਸਾਹਿਬ ਨੂੰ ਕਿੱਟੀ ਪਾਰਟੀ ਉੱਤੇ ਛੱਡਣਾ ਹੈ। ਸਿਰਫ਼ ਇਹ ਹੀ ਨਹੀਂ ਬਲਕਿ ਆਜ਼ਾਦੀ ਤੋਂ ਬਾਅਦ ਹੁਣ ਤਕ ਪੰਜਾਬ ਵਿਚ 3.44 ਲੱਖ ਪਰਿਵਾਰ ਅਜੇ ਵੀ ਦੀਵੇ ਦੀ ਲੋਅ ਹੇਠ ਰਹਿੰਦੇ ਹਨ, 27.28 ਲੱਖ ਕੋਲ ਰਹਿਣ ਨੂੰ ਇੱਕ ਕਮਰਾ ਹੈ ਤੇ ਵੱਖ ਰਸੋਈ ਤੱਕ ਨਹੀਂ। ਵੱਖ ਗੁਸਲਖ਼ਾਨਾ 13.23 ਲੱਖ ਲੋਕਾਂ ਕੋਲ ਨਹੀਂ ਹੈ ਤੇ 15.48 ਫ਼ੀਸਦੀ ਕੋਲ ਪਾਣੀ ਦੀ ਨਿਕਾਸੀ ਦਾ ਪ੍ਰਬੰਧ ਨਹੀਂ ਹੈ। (ਅੰਕੜੇ 'ਰੰਗਲਾ ਪੰਜਾਬ ਕਿ ਕੰਗਲਾ ਪੰਜਾਬ' ਪੁਸਤਕ ਵਿੱਚੋਂ)।

ਵਿਕਸਤ ਦੇਸ਼ਾਂ ਨਾਲੋਂ ਵੱਖ ਮਾਹੌਲ ਸਿਰਜ ਕੇ, ਨੌਕਰੀਆਂ ਨਾ ਦੇ ਕੇ ਬਹੁਤ ਸਾਰੇ ਪੈਸੇ ਖੁਣੋਂ ਮੁਹਤਾਜ ਲੋਕਾਂ ਨੂੰ ਮਜਬੂਰੀ ਤਹਿਤ ਫ਼ੌਜ ਦਾ ਰਾਹ ਵਿਖਾ ਕੇ ਦੇਸ਼ ਲਈ ਕੁਰਬਾਨ ਹੋਣ ਦੀਆਂ ਨਸੀਹਤਾਂ ਦੇ ਦਿੱਤੀਆਂ ਜਾਂਦੀਆਂ ਹਨ। ਸਾਲ ਵਿਚ ਇਕ ਦਿਨ, ਕੁੱਝ ਘੰਟੇ ਸ਼ਹੀਦਾਂ ਦੇ ਲੇਖੇ ਲਾ ਕੇ, ਵੱਡੀਆਂ-ਵੱਡੀਆਂ ਪਾਰਟੀਆਂ ਤੇ ਉਸ ਲਈ ਕੀਤੇ ਕਰੋੜਾਂ ਦੇ ਖ਼ਰਚੇ ਆਮ ਜਨਤਾ ਨੂੰ ਵਿਖਾ ਦਿੱਤੇ ਜਾਂਦੇ ਹਨ ਤਾਂ ਜੋ ਹੋਰ ਲੋੜਵੰਦਾਂ ਨੂੰ ਭਰਮਾਇਆ ਜਾ ਸਕੇ। ਕੋਈ ਨਹੀਂ ਪੁੱਛਦਾ ਕਿ ਇਹੀ ਕਰੋੜਾਂ ਰੁਪਏ ਜੋ ਚਾਹ ਪਾਰਟੀਆਂ ਉੱਤੇ ਲਾਏ ਗਏ, ਉਹ ਸ਼ਹੀਦਾਂ ਦੇ ਟੱਬਰਾਂ ਦੀ ਬਿਹਤਰੀ ਅਤੇ ਜਵਾਨਾਂ ਦੇ ਟੱਬਰਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਕਿਉਂ ਨਹੀਂ ਲਾਏ ਗਏ?

ਸਿਆਸਤਦਾਨ ਹੋਰਨਾਂ ਨੂੰ ਬਥੇਰੀ ਵਾਰ ਗ਼ਰੀਬਾਂ ਨੂੰ ਦਾਨ ਦੇਣ ਬਾਰੇ ਚੇਤੰਨ ਕਰਦੇ ਰਹਿੰਦੇ ਹਨ ਪਰ ਆਪਣੇ ਲਈ ਬਣਾਈਆਂ ਕੰਟੀਨਾਂ ਦੇ ਰੇਟ ਪੂਰੇ ਮੁਲਕ ਨਾਲੋਂ ਘੱਟ ਰੱਖਦੇ ਹਨ। ਨਤੀਜਾ ਗ਼ਰੀਬਾਂ ਲਈ ਸਰਕਾਰ ਵੱਲੋਂ ਸਸਤੀਆਂ ਖਾਣੇ ਦੀਆਂ ਥਾਵਾਂ ਮੁਹੱਈਆ ਕਰਵਾਉਣ ਬਾਰੇ ਕੋਈ ਬੋਲਦਾ ਹੀ ਨਹੀਂ।

ਸਰਦੀ ਵੇਲੇ ਗ਼ਰੀਬਾਂ ਨੂੰ ਕੰਬਲ ਦਾਨ ਜਾਂ ਗਰਮੀ ਰੁੱਤੇ ਠੰਢੇ ਪਾਣੀ ਦੀ ਛਬੀਲ ਲਾਉਣ ਬਾਰੇ ਬਹੁਤ ਜ਼ਿਕਰ ਕੀਤਾ ਜਾਂਦਾ ਹੈ ਪਰ ਕੋਈ ਇਹ ਨਹੀਂ ਕਹਿੰਦਾ ਕਿ ਸਸਤੇ ਕਰਜ਼ਿਆਂ ਉੱਤੇ ਉਨ੍ਹਾਂ ਨੂੰ ਘਰ ਬਣਾਉਣ ਲਈ ਉਤਸ਼ਾਹਤ ਕੀਤਾ ਜਾਵੇ, ਸਸਤੀ ਕੰਟੀਨ ਹੋਵੇ, ਵਧੀਆ ਪੀਣ ਨੂੰ ਪਾਣੀ ਦੀਆਂ ਟੂਟੀਆਂ ਹੋਣ, ਮੁਫ਼ਤ ਉੱਚੀ ਪੱਧਰੀ ਵਿਦਿਆ ਹੋਵੇ ਤਾਂ ਜੋ ਗ਼ਰੀਬ ਲੋਕ ਆਪਣੀ ਅਣਖ ਨਾ ਮਾਰ ਕੇ, ਪੜ੍ਹ ਲਿਖ ਕੇ ਆਪ ਕਮਾਉਣ ਜੋਗੇ ਹੋ ਜਾਣ ਤੇ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣ।

ਗ਼ਰੀਬ ਬਿਮਾਰ ਬਜ਼ੁਰਗਾਂ ਦਾ ਧਿਆਨ ਰੱਖਣ ਨੂੰ ਕੋਈ ਨਹੀਂ। ਉਹ ਟੁੱਟਿਆਂ ਮੰਜਿਆਂ ਉੱਤੇ ਜਾਂ ਠੰਢੇ ਫ਼ਰਸ਼ ਉੱਤੇ ਹੀ ਅੱਡੀਆਂ ਰਗੜ-ਰਗੜ ਕੇ ਮਰ ਜਾਂਦੇ ਹਨ। ਪਰ, ਇਹ ਜਿਊਂਦੇ ਵੀ ਤਾਂ ਕੀੜਿਆਂ ਮਕੌੜਿਆਂ ਵਾਂਗ ਹੀ ਹਨ। ਜਾਨਵਰਾਂ ਲਈ ਅਸੀਂ ਵਿਸ਼ਵ ਭਰ ਵਿਚ ਆਪਣੇ ਆਪ ਨੂੰ ਸੰਵੇਦਨਸ਼ੀਲ ਅਖਵਾਉਂਦੇ ਹਾਂ। ਬਿਮਾਰ ਗਾਵਾਂ ਲਈ ਗਊਸ਼ਾਲਾਵਾਂ ਬਣਦੀਆਂ ਹਨ, ਦਾਨ ਹੁੰਦੇ ਹਨ। ਉਨ੍ਹਾਂ ਦੇ ਮਾਰਨ ਉੱਤੇ ਮਨਾਹੀ ਹੈ, ਪਰ ਇਨਸਾਨ ਮਾਰ ਕੇ ਕਾਨੂੰਨੀ ਦਾਅ ਪੇਚਾਂ ਰਾਹੀਂ ਬਚਣ ਦੇ ਰਾਹ ਬਹੁਤ ਆਸਾਨ ਬਣਾ ਦਿੱਤੇ ਗਏ ਹਨ।

ਜੁਰਮ ਕਰਨ ਵਾਲੇ ਬੰਦੇ ਸਿਆਸਤ ਵਿਚ ਕਾਫ਼ੀ ਕਾਮਯਾਬ ਸਾਬਤ ਹੁੰਦੇ ਹਨ। ਜਿਹੜੇ ਗ਼ਰੀਬ ਜਾਂ ਦਲਿਤ ਸੌਖਿਆਂ ਭਰਮਾਏ ਜਾਂਦੇ ਹੋਣ, ਉਨ੍ਹਾਂ ਨੂੰ ਪਾਸੇ ਛੱਡ ਕੇ, ਲੋਕਾਂ ਨੂੰ ਜਗਾਉਣ ਵਾਲੇ ਦਾ ਸੰਘ ਨੱਪ ਕੇ, ਬਾਕੀਆਂ ਨੂੰ ਡਰਾ ਧਮਕਾ ਕੇ, ਆਪਣੇ ਵੱਲ ਵੋਟਾਂ ਪੁਆਉਣ ਵਿਚ ਇਹ ਮਾਹਰ ਹੁੰਦੇ ਹਨ। ਇਸੇ ਲਈ ਜੁਰਾਇਮ ਪੇਸ਼ਾ ਲੋਕ ਹਰ ਸਿਆਸਤਦਾਨ ਦੀ ਲੋੜ ਬਣ ਚੁੱਕੇ ਹਨ। ਪਾਲਤੂ ਜਾਨਵਰਾਂ ਵਾਂਗ ਇਨ੍ਹਾਂ ਨੂੰ ਪਾਲ ਕੇ, ਆਪਣੀ ਜਿੱਤ ਲਈ ਮੋਹਰੇ ਬਣਾ ਲਏ ਜਾਂਦੇ ਹਨ। ਇਨ੍ਹਾਂ ਵਿੱਚੋਂ ਹੀ ਕੁੱਝ ਲੋਕ ਅੱਗੋਂ ਆਪ ਸਿਆਸਤ ਵਿਚ ਹੱਥ ਅਜ਼ਮਾ ਕੇ ਚੌਧਰ ਹਾਸਲ ਕਰਨ ਦੇ ਲਾਲਚ ਵਿੱਚ ਆਪਣਿਆਂ ਜਾਂ ਆਪਣੇ ਪਰਿਵਾਰ ਵਿੱਚੋਂ ਕਿਸੇ ਦੀਆਂ ਨੁਮਾਇੰਦਗੀਆਂ ਭਰ ਲੈਂਦੇ ਹਨ। ਅਜਿਹੇ ਲੋਕ ਅੱਗੋਂ ਜੁਰਮਪੇਸ਼ਾ ਲੋਕਾਂ ਦੀ ਪੂਰੀ ਵੱਖ ਟੀਮ ਤਿਆਰ ਕਰ ਲੈਂਦੇ ਹਨ। ਇਨ੍ਹਾਂ ਦਾ ਕੰਮ ਹੁੰਦਾ ਹੈ ਨਪੀੜਿਆਂ ਹੋਇਆਂ ਨੂੰ ਹੋਰ ਨਪੀੜਨਾ। ਜਦੋਂ ਉਹ ਰੌਲਾ ਪਾਉਣ ਤਾਂ ਨਿੱਕੇ ਮੋਟੇ ਜੁਰਮ ਵਿਚ ਆਪਣੇ ਗੁਰਗੇ ਨੂੰ ਜੇਲ੍ਹ ਵਿਚ ਪਾ ਕੇ ਲੋਕਾਂ ਦੀ ਵਾਹ-ਵਾਹੀ ਖੱਟਣੀ। ਫੇਰ, ਪਿਛਲੇ ਪਾਸਿਓਂ ਜੇਲ੍ਹ ਵਿੱਚੋਂ ਆਪਣੇ ਗੁਰਗੇ ਦੀ ਰਿਹਾਈ ਕਰਵਾ ਲੈਣੀ ਜਾਂ ਜੇਲ੍ਹ ਵਿਚ ਹੀ ਬਾਦਸ਼ਾਹ ਵਾਂਗ ਰਹਿਣ ਦੀ ਸਹੂਲਤ ਦੇ ਦੇਣੀ।

ਇੰਜ ਗ਼ਰੀਬ ਲੋਕਾਂ ਅੱਗੇ ਆਪ ਮਸੀਹਾ ਬਣ ਜਾਣਾ ਅਤੇ ਉਨ੍ਹਾਂ ਨੂੰ ਅਗਲੀ ਵਾਰ ਫੇਰ ਵੋਟਾਂ ਪਾਉਣ ਲਈ ਭਰਮਾ ਲੈਣਾ। ਦੂਜੇ ਪਾਸੇ ਜੁਰਮ ਪੇਸ਼ਾ ਦੇ ਡੰਡੇ ਨੂੰ ਉਨ੍ਹਾਂ ਦੇ ਸਿਰ ਉੱਤੇ ਪੋਲਦੇ



ਰਹਿਣਾ ਤੇ ਉਨ੍ਹਾਂ ਤੋਂ ਬਚਾਉਣ ਦੇ ਵਾਅਦੇ ਜਨਤਾ ਨਾਲ ਕਰਦੇ ਰਹਿਣਾ! ਵਿਕਸਤ ਦੇਸ਼ਾਂ ਵਿਚ ਆਪਣੇ ਮੁਲਕ ਦੀ ਧਾਕ ਜਮਾਉਣ ਲਈ ਵੱਖ ਹਥਕੰਡੇ ਵਰਤੇ ਜਾ ਰਹੇ ਹਨ। ਆਪਣੇ ਮੁਲਕ ਦੀ ਲਿਆਕਤ ਭਰਪੂਰ ਪਨੀਰੀ ਨੂੰ ਮੁਲਕ ਵਿਚ ਯੋਗ ਥਾਂ ਨਾ ਦੇ ਕੇ ਹੋਰਨਾਂ ਮੁਲਕਾਂ ਵੱਲ ਮਜਬੂਰੀ ਤਹਿਤ ਧੱਕ ਦੇਣਾ, ਜਿੱਥੇ ਉਹ ਧਾਕ ਜਮਾ ਕੇ ਉਸ ਮੁਲਕ ਵਿਚ ਭਾਰਤ ਦਾ ਨਾਂ ਬਣਾ ਦੇਣ। ਫੇਰ ਉਨ੍ਹਾਂ ਨੂੰ ਭਾਰਤ ਮਾਂ ਦਾ ਵਾਸਤਾ ਦੇ ਕੇ ਉਨ੍ਹਾਂ ਦੀ ਆਮਦਨ ਵਿੱਚੋਂ ਹਿੱਸਾ ਮੰਗ ਲੈਣਾ!

ਜਦੋਂ ਦੂਜੇ ਮੁਲਕ ਵਿਚ ਨਾਮਣਾ ਖੱਟਣ ਬਾਅਦ ਕੋਈ ਸ਼ਖ਼ਸੀਅਤ ਮੁਲਕ ਪਰਤੇ ਤਾਂ ਉਸ ਨੂੰ ਪੈਸੇ ਤੇ ਸ਼ਾਨੋ ਸ਼ੌਕਤ ਦੀ ਚਕਾਚੌਂਧ ਨਾਲ ਅੰਨ੍ਹੇ ਕਰ ਦੇਣ ਤੇ ਆਪਣੇ ਹੀ ਰੰਗ ਵਿਚ ਰੰਗ ਲੈਣ ਦੀ ਬਿਰਤੀ ਸਾਡੇ ਸਿਆਸਤਦਾਨਾਂ ਦੀ ਹੈ।

ਇਸ ਸਾਰੇ ਵਰਤਾਰੇ ਵਿਚ ਇਹ ਖ਼ਾਸ ਖ਼ਿਆਲ ਰੱਖਿਆ ਜਾਂਦਾ ਹੈ ਕਿ ਗ਼ਰੀਬ ਤੇ ਦਲਿਤ ਵੋਟ ਕਦੇ ਸਮਝਦਾਰ ਨਾ ਬਣ ਸਕੇ ਤੇ ਉਸ ਦੀ ਸੋਚ ਸਿਰਫ਼ ਰੋਜ਼ੀ ਰੋਟੀ ਤਕ ਹੀ ਸੀਮਤ ਰਹੇ। ਇੰਜ ਥੋੜ੍ਹੇ ਜਿਹੇ ਮੁਫ਼ਤ ਰਾਸ਼ਨ ਪਿੱਛੇ ਅਗਲੀ ਵਾਰ ਦੀ ਵੋਟ ਪੱਕੀ ਹੋ ਜਾਂਦੀ ਹੈ ਤੇ ਵੱਡੀ ਤਬਦੀਲੀ ਬਾਰੇ ਬਹੁਤਾ ਕੁੱਝ ਕਰਨ ਦੀ ਲੋੜ ਨਹੀਂ ਰਹਿੰਦੀ ਕਿਉਂਕਿ ਸਮਝਦਾਰ ਵੋਟਾਂ ਦੀ ਗਿਣਤੀ ਬਹੁਤ ਘੱਟ ਹੁੰਦੀ ਹੈ। ਹੁਣ ਤੱਕ ਇਹ ਢੰਗ ਬੜਾ ਅਸਰਦਾਰ ਸਾਬਤ ਹੋਇਆ ਹੈ। ਅਮੀਰ ਹੋਰ ਅਮੀਰ ਤੇ ਗ਼ਰੀਬ ਹੋਰ ਗ਼ਰੀਬ ਹੋਈ ਜਾ ਰਿਹਾ ਹੈ। ਸਿਆਸਤਦਾਨਾਂ ਦੀ ਆਪਣੀ ਕਮਾਈ ਦਿਨ ਦੁਗਣੀ ਰਾਤ ਚੌਗੁਣੀ ਹੁੰਦੀ ਜਾ ਰਹੀ ਹੈ। ਹੱਥ ਅੱਡੀ ਤ੍ਰਾਹ-ਤ੍ਰਾਹ ਕਰਦੀ ਜਨਤਾ ਸਾਹਮਣੇ ਮੁਫ਼ਤ ਆਟੇ ਦਾਲ ਦੇ ਟੁਕੜੇ ਸੁੱਟ ਦਿੱਤੇ ਜਾਂਦੇ ਹਨ। ਫੇਰ ਪੰਜ ਸਾਲਾਂ ਬਾਅਦ ਦਾ ਚੱਕਰ ਸ਼ੁਰੂ ਹੋ ਜਾਂਦਾ ਹੈ।

ਭੁੱਖੇ ਢਿੱਡ ਵਾਲਿਆਂ ਨੂੰ ਚਾਨਣ ਦੀ ਕਿਰਨ ਵਿਖਾ ਕੇ, ਗ਼ੁਲਾਮ ਮਾਨਸਿਕਤਾ ਨੂੰ ਹੁਲਾਰਾ ਦੇ ਕੇ, 70 ਸਾਲ ਤਾਂ ਲੰਘ ਗਏ। ਹੋਰ ਵੇਖੀਏ 'ਦਾਨ' ਦੇ ਦੇ ਕੇ ਤੇ 'ਮੁਫ਼ਤ' ਦਾ ਲਾਲਚ ਕਿੰਨੀਆਂ ਸਦੀਆਂ ਤਕ ਵੋਟਾਂ ਨੂੰ ਵਿਕਾਊ ਬਣਾਈ ਰੱਖੇਗਾ!

ਪਹਿਲਾਂ ਹੀ ਸਿਆਸਤਦਾਨਾਂ ਦੀ ਤਨਖ਼ਾਹ ਭਾਰਤ ਦੀ ਔਸਤਨ ਆਮਦਨ ਤੋਂ 68 ਗੁਣਾਂ ਵਧ ਹੈ। ਮੈਂਬਰ ਪਾਰਲੀਮੈਂਟਾਂ ਦੇ ਟੈਲੀਫ਼ੂਨਾਂ ਦੇ ਬਿਲ, ਕਾਰਾਂ ਦੇ ਪੈਟਰੋਲ ਦੇ ਖ਼ਰਚੇ, ਸਸਤੇ ਬੈਂਕ ਕਰਜ਼ੇ ਤੇ ਪੈਨਸ਼ਨ ਅੱਧੇ ਮੁਲਕ ਦੇ ਲੋਕਾਂ ਦੀ ਰੋਜ਼ੀ ਰੋਟੀ ਜਿੰਨੀ ਹੈ। ਹੁਣ ਹੋਰ ਵਧੀ ਤਨਖ਼ਾਹ 103.76 ਕਰੋੜ ਪ੍ਰਤੀ ਸਾਲ ਦਾ ਬੋਝ ਆਮ ਜਨਤਾ ਉੱਤੇ ਪਾਏਗੀ। ਇਨ੍ਹਾਂ ਦੇ ਉਪਰਲੇ ਖ਼ਰਚਿਆਂ ਦਾ ਬੋਝ 38.50 ਕਰੋੜ ਪ੍ਰਤੀ ਸਾਲ ਹੋ ਚੁੱਕਿਆ ਹੈ।

ਇਸ ਤੋਂ ਉੱਪਰ ਦੀ ਕਮਾਈ ਵਾਸਤੇ ਜਿੰਨੀ ਵੀ ਚੀਜ਼ ਆਮ ਜਨਤਾ ਦੀ ਵਰਤੋਂ ਲਈ ਖ਼ਰੀਦੀ ਜਾਣੀ ਹੈ, ਉਸ ਵਿੱਚੋਂ ਕੱਢੀ ਜਾਂਦੀ ਹੈ। ਇਸ ਦਾ ਮਤਲਬ ਇਹ ਹੈ ਕਿ ਕੋਈ ਚੀਜ਼ ਜੋ ਖ਼ਰੀਦਣੀ ਹੈ, ਉਸ ਦੀ ਕੀਮਤ ਵੱਧ ਦਸ ਕੇ ਖ਼ਰੀਦੀ ਜਾਵੇ। ਅਸਲ ਕੀਮਤ ਤੋਂ ਵੱਧ ਦੱਸੀ ਕੀਮਤ ਮੰਤਰੀ ਦੀ ਜੇਬ ਵਿਚ ਜਾਂਦੀ ਹੈ। ਮਸਲਨ 100 ਕਰੋੜ ਦੀਆਂ ਦਸ ਤੋਪਾਂ ਹੋਣ ਤਾਂ 120 ਕਰੋੜ ਰੇਟ ਦਸ ਕੇ, ਬਾਕੀ ਦਾ 20 ਕਰੋੜ ਜੇਬ ਵਿਚ ਪਾ ਲਿਆ ਜਾਂਦਾ ਹੈ।

ਰਿਜ਼ਰਵ ਬੈਂਕ ਆਫ਼ ਇੰਡੀਆ ਦੇ ਰਘੂਰਾਮ ਰਾਜਨ ਨੇ ਇਸ ਦਾ ਖ਼ੁਲਾਸਾ ਕੀਤਾ ਹੈ ਕਿ ਕਿਵੇਂ ਗ਼ਰੀਬਾਂ ਦੀਆਂ ਜ਼ਮੀਨਾਂ ਹੜੱਪੀਆਂ ਜਾਂਦੀਆਂ ਹਨ ਤੇ ਕਿਵੇਂ ਕੁਦਰਤੀ ਸੋਮਿਆਂ ਨੂੰ ਆਪਣੇ ਬਣਾ ਕੇ ਲੋਕਾਂ ਕੋਲੋਂ ਉਗਰਾਹੀ ਕਰਨ ਦਾ ਜ਼ਰੀਆ ਬਣਾ ਲਿਆ ਜਾਂਦਾ ਹੈ। ਉਸ ਇਹ ਵੀ ਦੱਸਿਆ ਕਿ ਕਿਵੇਂ ਹੋਣਹਾਰਾਂ ਨੂੰ ਪਾਸੇ ਧੱਕ ਕੇ, ਆਪਣੇ ਬੰਦਿਆਂ ਨੂੰ ਲਾਭ ਵਾਲੀਆਂ ਅਸਾਮੀਆਂ ਉੱਤੇ ਬਿਠਾ ਦਿੱਤਾ ਜਾਂਦਾ ਹੈ ਤੇ ਗ਼ਰੀਬਾਂ ਨੂੰ ਸਿਰਫ਼ ਦੂਰੋਂ ਹੀ ਲੁਭਾਉਣ ਲਈ ਕੁੱਝ ਸਬਸਿਡੀਆਂ ਨੂੰ ਇਤਰ ਦੇ ਛਿੱਟਿਆਂ ਵਾਂਗ ਤ੍ਰੌਂਕ ਦਿੱਤਾ ਜਾਂਦਾ ਹੈ।

ਇਹ ਸਭ ਸਿਰਫ਼ ਇਸ ਲਈ ਕੀਤਾ ਜਾ ਰਿਹਾ ਹੈ ਤਾਂ ਜੋ ਸਹੀ ਸੋਚ ਵਾਲਾ ਬੰਦਾ ਜਦੋਂ ਵੀ ਇਲੈਕਸ਼ਨ ਲਈ ਖੜ੍ਹਾ ਹੋਵੇ, ਉਹ ਜ਼ਮਾਨਤ ਜ਼ਬਤ ਕਰਵਾ ਲਵੇ ਕਿਉਂਕਿ ਉਸ ਕੋਲ ਦਲਿਤਾਂ ਤੇ ਗ਼ਰੀਬਾਂ ਦੀਆਂ ਵੋਟਾਂ ਖ਼ਰੀਦਣ ਲਈ ਉਨ੍ਹਾਂ ਉੱਤੇ ਤ੍ਰੌਂਕਣ ਲਈ ਕੁੱਝ ਹੁੰਦਾ ਹੀ ਨਹੀਂ। ਉਸ ਕੋਲ ਸਿਰਫ਼ ਵਧੀਆ ਸੋਚ ਤੇ ਸੁਫ਼ਨੇ ਹੁੰਦੇ ਹਨ ਜਿਨ੍ਹਾਂ ਦੀ ਵੋਟਾਂ ਵਾਲਿਆਂ ਨੂੰ ਲੋੜ ਹੀ ਨਹੀਂ ਭਾਸਦੀ।

ਇਸ ਤਾਣੇ ਬਾਣੇ ਵਿਚ ਟੈਕਸ ਚੋਰੀ ਕਰਨ ਵਾਲੇ ਬਿਜ਼ਨਸਮੈਨ ਵੀ ਸ਼ਾਮਲ ਹੋ ਜਾਂਦੇ ਹਨ ਤੇ ਸਾਰਾ ਸਿਸਟਮ 'ਵਿਕਸ' ਹੋ ਜਾਂਦਾ ਹੈ। ਵੱਡੀਆਂ ਪਾਰਟੀਆਂ, ਵੱਡੇ ਹੰਗਾਮੇ, ਵੱਡੇ ਐਲਾਨ!! ਦੂਜੇ ਪਾਸੇ ਰੇੜ੍ਹੀ ਵਾਲਾ ਆਪਣੀ ਰੇੜ੍ਹੀ ਦੇ ਸਾਮਾਨ ਦੇ ਜੁਗਾੜ ਵਿਚ ਭੱਜਿਆ ਫਿਰਦਾ ਹੈ ਤੇ ਮਜ਼ਦੂਰ ਆਪਣੀ ਚੋਂਦੀ ਹੋਈ ਛੱਤ ਦਾ ਸਾਮਾਨ ਜੁਟਾਉਣ ਵਿਚ। ਰਾਸ਼ਨ ਦੀਆਂ ਦੁਕਾਨਾਂ 'ਚ ਰਾਸ਼ਨ ਪਹੁੰਚਣ ਤੋਂ ਪਹਿਲਾਂ ਹੀ ਖੁਰਦ-ਬੁਰਦ ਹੋ ਜਾਂਦਾ ਹੈ, ਮੁਫ਼ਤ ਕਣਕ ਦੀਆਂ ਬੋਰੀਆਂ ਬਾਜ਼ਾਰਾਂ ਵਿਚ ਵਿਕ ਜਾਂਦੀਆਂ ਹਨ, ਮੁਫ਼ਤ ਦਾਲਾਂ ਧਨਾਢਾਂ ਦੀਆਂ ਦੁਕਾਨਾਂ ਉੱਤੇ ਵਿਕਣ ਲਈ ਢੇਰ ਲਾ ਦਿੱਤੀਆਂ ਜਾਂਦੀਆਂ ਹਨ, ਮਿਡ-ਡੇ-ਮੀਲ ਦੇ ਪੈਸੇ ਹੋਰ ਖ਼ਾਤੇ ਵਿਚ ਪਾ ਕੇ ਕੀੜਿਆਂ ਦਾ ਖਾਧਾ ਅਨਾਜ ਗ਼ਰੀਬ ਬੱਚਿਆਂ ਅੱਗੇ ਸੁੱਟ ਦਿੱਤਾ ਜਾਂਦਾ ਹੈ, ਹਸਪਤਾਲਾਂ ਵਿਚ ਘਟੀਆ ਦਵਾਈਆਂ ਦੀ ਤਿਗੁਣੇ ਰੇਟ ਉੱਤੇ ਖ਼ਰੀਦ ਵਿਖਾ ਕੇ ਕੁਰਸੀ ਧਾਰੀ ਆਪਣੇ ਬੈਂਕ ਬੈਲੈਂਸ ਵਧਾ ਲੈਂਦੇ ਹਨ ਤੇ ਪਾਣੀ ਵਾਲੀਆਂ ਦਵਾਈਆਂ ਖਾ ਕੇ ਬੇਲੋੜੇ ਗ਼ਰੀਬ ਮਰੀਜ਼ ਛੇਤੀ ਰੱਬ ਨੂੰ ਪਿਆਰੇ ਹੋ ਜਾਂਦੇ ਹਨ। ਜਿਹੜਾ ਕੋਈ ਬਚ ਜਾਏ, ਉਹ ਕਿੱਕਰਾਂ ਉੱਤੇ ਲਟਕ ਕੇ ਫਾਹਾ ਲੈ ਲੈਂਦਾ ਹੈ! ਇਨ੍ਹਾਂ ਫਾਹਾ ਲੈ ਚੁੱਕਿਆਂ ਦੀਆਂ ਲਾਸ਼ਾਂ ਉੱਤੇ ਕੋਈ ਦੂਜਾ ਸਿਆਸਤਦਾਨ ਕੁਰਸੀ ਡਾਹ ਕੇ ਵੋਟਾਂ ਬਟੋਰਨ ਵਿਚ ਜੁਟ ਜਾਂਦਾ ਹੈ। ਇਨ੍ਹਾਂ ਵਿੱਚੋਂ ਕਿਸੇ ਨੂੰ ਅਹਿਸਾਸ ਹੀ ਨਹੀਂ ਕਿ ਉਨ੍ਹਾਂ ਨੇ ਮੰਗਣਾ ਕੀ ਹੈ? ਧਰਮ ਦੇ ਹਥਕੰਡਿਆਂ ਤੇ ਨਸ਼ਿਆਂ ਦੀ ਖੇਪ ਵਿਚ ਉਲਝੇ ਗ਼ਰੀਬਾਂ ਨੂੰ ਕੀ ਪਤਾ ਕਿ ਸੱਤਾਧਾਰੀਆਂ ਦੇ ਕੁੱਤਿਆਂ ਲਈ ਵੀ ਏ.ਸੀ. ਲੱਗੇ ਹੋਏ ਹਨ ਤੇ ਉਨ੍ਹਾਂ ਲਈ ਉੱਚ ਕੋਟੀ ਦਾ 'ਡੌਗ ਫੂਡ' ਅਮਰੀਕਾ ਤੋਂ ਮੰਗਵਾਇਆ ਜਾ ਰਿਹਾ ਹੈ ਜਦਕਿ ਦੂਜੇ ਪਾਸੇ ਰੋਟੀ ਨਾ ਮਿਲਣ ਕਰਕੇ ਗ਼ਰੀਬ 'ਮਿੱਟੀ' ਖਾ ਕੇ ਢਿੱਡ ਭਰਨ ਦੀ ਕੋਸ਼ਿਸ਼ ਵਿਚ ਜੁਟਿਆ ਹੈ। ਸੱਤ ਤਾਰਾ ਹੋਟਲਾਂ ਵਿਚ ਨਹਾਉਣ ਤੋਂ ਬਾਅਦ, ਪਹਿਲਾਂ ਤੋਂ ਕੋਸੇ ਕੀਤੇ ਤੌਲੀਏ ਨਾਲ ਸਰੀਰ ਪੂੰਝਣ ਵਾਲੇ ਕੀ ਸਮਝ ਸਕਦੇ ਹਨ ਕਿ ਜਿਨ੍ਹਾਂ ਕੋਲ ਤਨ ਢਕਣ ਨੂੰ ਕੱਪੜਾ ਨਹੀਂ, ਉਸ ਦੀਆਂ ਲੋੜਾਂ ਕੀ ਹਨ?

ਇਹ ਚੱਕਰ ਖ਼ਤਮ ਕਰਨ ਲਈ ਗ਼ਰੀਬ ਤੇ ਮੱਧ ਵਰਗ ਲੋਕਾਂ ਨੂੰ ਆਪਣੀ ਵੁੱਕਤ 'ਵੋਟ' ਤੋਂ ਵੱਧ ਬਣਾਉਣੀ ਪੈਣੀ ਹੈ।

ਹਰ ਵੇਲੇ ਹੱਥ ਅੱਡਣ ਵਾਲੀ ਬਿਰਤੀ ਛੱਡਣੀ ਪੈਣੀ ਹੈ। ਆਪਣਾ ਗੁੱਟ ਬਣਾ ਕੇ ਆਪਣੀ ਤਾਕਤ ਵਧਾਉਣੀ ਪੈਣੀ ਹੈ। ਅਮੀਰ ਤਬਕੇ ਕੋਲੋਂ ਆਪਣੇ ਹੱਕ ਮੰਗਣੇ ਪੈਣੇ ਹਨ। ਆਪ ਅਗਾਂਹ ਹੋ ਕੇ ਕਾਨੂੰਨ ਬਣਾਉਣੇ ਪੈਣੇ ਹਨ। ਆਮ ਜਨਤਾ ਵਿੱਚੋਂ ਲੋਕ ਹਿਤ ਮੂਹਰੇ ਰੱਖਣ ਵਾਲੇ ਵਿਧਾਇਕ ਚੁਣਨੇ ਪੈਣੇ ਹਨ। ਜੇ ਵੇਲੇ ਸਿਰ ਇਹ ਨਾ ਹੋਇਆ ਤਾਂ ਹਰ ਪੰਜ ਵਰ੍ਹਿਆਂ ਬਾਅਦ ਜੱਦੀ ਸਿਆਸਤਦਾਨਾਂ ਦੀ ਜਾਇਦਾਦ ਕਈ ਕਰੋੜਾਂ ਵਿਚ ਵਧਦੀ ਹੀ ਰਹੇਗੀ ਤੇ ਗ਼ਰੀਬ ਅਤੇ ਦਲਿਤ ਕੀੜੇ ਮਕੌੜੇ ਵਾਂਗ ਹਮੇਸ਼ਾ ਪਿਸਦੇ ਹੀ ਰਹਿਣਗੇ!

ਇਹ ਪੱਕੀ ਤੌਰ ਉੱਤੇ ਸਮਝ ਲੈਣਾ ਚਾਹੀਦਾ ਹੈ ਕਿ ਅਸਲ ਤਬਦੀਲੀ ਉਦੋਂ ਹੀ ਹੋਵੇਗੀ ਜਦੋਂ ਵਿਕਸਤ ਦੇਸ਼ਾਂ ਵਾਂਗ ਸਾਡੇ ਮੁਲਕ ਦੇ ਸਿਆਸਤਦਾਨਾਂ ਦੀ ਆਮਦਨ ਵਧਣ ਦੀ ਬਜਾਇ ਘੱਟਣ ਲੱਗ ਪਵੇਗੀ ਤਾਂ ਹੀ ਕਮਿਸ਼ਨਾਂ ਦਾ ਕੰਮ ਸੰਪੂਰਨ ਰੂਪ ਵਿਚ ਬੰਦ ਹੋ ਸਕੇਗਾ। ਹਰ ਸਿਆਸਤਦਾਨ ਦਾ ਬੱਚਾ ਸਰਕਾਰੀ ਸਕੂਲ ਵਿਚ ਪੜ੍ਹੇਗਾ, ਆਪਣਾ ਇਲਾਜ ਸਰਕਾਰੀ ਹਸਪਤਾਲ ਵਿਚ ਕਰਵਾਏਗਾ ਤੇ ਉਸ ਦਾ ਬੱਚਾ ਫ਼ੌਜ ਵਿਚ ਦੋ ਸਾਲ ਦੀ ਲਾਜ਼ਮੀ ਸੇਵਾ ਵੀ ਨਿਭਾਏਗਾ। ਇਹੋ ਰਸਤਾ ਬਚਿਆ ਹੈ ਅਸਲ ਤਬਦੀਲੀ ਦਾ!

# ਕਿਸਾਨਾਂ ਲਈ 'ਰੁਪਿਆ' ਤੇ ਖੇਤੀ ਲਈ ਵੱਖਰਾ ਬਜਟ

**ਯੋਗੇਂਦਰ ਯਾਦਵ**
ਈਮੇਲ: yogandra.yadav@gmail.com

**ਇੰਨੇ ਸਾਲਾਂ ਦੌਰਾਨ ਕਿਸਾਨਾਂ ਦੀ ਆਮਦਨ ਤਾਂ ਘੋਗੇ ਦੀ ਰਫ਼ਤਾਰ ਨਾਲ ਹੀ ਵਧ ਸਕੀ ਹੈ, ਪਰ ਖੇਤੀਬਾੜੀ ਉੱਤੇ ਹੋਣ ਵਾਲੇ ਖ਼ਰਚੇ ਤੇ ਪਰਿਵਾਰਾਂ ਦੇ ਆਪਣੇ ਖ਼ਰਚੇ ਕਿਤੇ ਜ਼ਿਆਦਾ ਵਧ ਗਏ ਹਨ। ਇਸੇ ਲਈ ਔਸਤ ਕਿਸਾਨ ਕਰਜ਼ੇ ਦੀ ਕੁੜਿੱਕੀ ਵਿੱਚ ਫਸ ਕੇ ਰਹਿ ਗਿਆ ਹੈ। ਸਾਲ 2012-13 ਦੌਰਾਨ ਦੇਸ਼ ਦੇ ਖੇਤੀਬਾੜੀ ਨਾਲ ਜੁੜੇ 52 ਫ਼ੀਸਦੀ ਪਰਿਵਾਰ ਕਰਜ਼ਿਆਂ ਵਿੱਚ ਫਸੇ ਹੋਏ ਹਨ, ਜਦ ਕਿ 1991 ਵਿੱਚ ਇਹ ਗਿਣਤੀ ਕੇਵਲ 26 ਫ਼ੀਸਦੀ ਸੀ। ਕਿਸਾਨ ਜ਼ਿਆਦਾਤਰ ਕਰਜ਼ਾ ਨਿੱਜੀ ਸ਼ਾਹੂਕਾਰਾਂ ਤੋਂ ਵਿਆਜ ਦੀਆਂ ਬਹੁਤ ਉਚੇਰੀਆਂ ਦਰਾਂ ਉੱਤੇ ਲੈਂਦੇ ਹਨ।**

ਇਸ ਨੂੰ ਕਲਪਨਾ ਆਖ ਲਵੋ। ਪਰ ਹਰੇਕ ਬਜਟ ਦਿਵਸ ਮੌਕੇ ਮੈਂ ਇਹੋ ਸੋਚਦਾ ਹਾਂ ਕਿ ਉਹ ਦਿਨ ਕਦੋਂ ਆਵੇਗਾ, ਜਦੋਂ ਖੇਤੀਬਾੜੀ ਦਾ ਵੱਖਰਾ ਬਜਟ ਪੇਸ਼ ਹੋਵੇਗਾ। ਰੇਲਵੇ ਬਜਟ ਦਾ ਪੇਸ਼ ਹੋਣਾ ਤੇ ਖੇਤੀਬਾੜੀ ਦੇ ਬਜਟ ਦੀ ਅਣਹੋਂਦ ਮੈਨੂੰ ਪ੍ਰੇਸ਼ਾਨ ਕਰਦਾ ਸੀ। ਇਸ ਸਾਲ ਤੋਂ ਰੇਲਵੇ ਬਜਟ ਪੇਸ਼ ਕੀਤੇ ਜਾਣ ਦਾ ਬਸਤੀਵਾਦੀ ਅਭਿਆਸ ਖ਼ਤਮ ਹੋ ਗਿਆ ਹੈ। ਪਰ ਇਸ ਨਾਲ ਖੇਤੀਬਾੜੀ ਖੇਤਰ ਲਈ ਵੱਖਰੇ ਬਜਟ ਦੀ ਲੋੜ ਘੱਟ ਨਹੀਂ ਜਾਂਦੀ।

ਕੋਈ ਆਖ ਸਕਦਾ ਹੈ: ਬਜਟ ਵਿੱਚ ਕੀ ਪਿਆ ਹੈ? ਆਖ਼ਰ ਇਹ ਅਨੁਮਾਨਤ ਆਮਦਨ ਤੇ ਖ਼ਰਚ ਦਾ ਸਾਧਾਰਨ ਜਿਹਾ ਚਿੱਠਾ ਹੀ ਤਾਂ ਹੈ। ਇਸ ਲਈ ਇੰਨੀ ਚਿੰਤਾ ਕਰਨ ਦੀ ਕੀ ਜ਼ਰੂਰਤ ਹੈ? ਅਤੇ ਸਾਨੂੰ ਬਜਟ ਵਿੱਚ ਸਹੀ ਰਕਮ ਰੱਖਣ ਲਈ ਵੱਖਰੇ ਬਜਟ ਦੀ ਕੀ ਲੋੜ ਹੈ? ਰੱਖਿਆ ਬਜਟ ਦੀ ਅਣਹੋਂਦ ਨਾਲ ਹਥਿਆਰਬੰਦ ਬਲਾਂ ਉੱਤੇ ਕੋਈ ਅਸਰ ਨਹੀਂ ਪਿਆ। ਇਹ ਤਰਕ ਨਿਸ਼ਾਨੇ ਤੋਂ ਖੁੰਝਦਾ ਹੈ। ਅਜੋਕਾ ਭਾਰਤੀ ਬਜਟ ਲੇਖੇ-ਜੋਖੇ ਦਾ ਚਿੱਠਾ ਨਹੀਂ ਹੈ। ਇਹ ਸਰਕਾਰ ਦੀਆਂ ਤਰਜੀਹਾਂ ਬਾਰੇ ਸਿਆਸੀ ਅਭਿਆਸ ਹੈ। ਸਿਆਸੀ ਨਾਟਕਬਾਜ਼ੀ ਤੇ ਮੀਡੀਆ ਵੱਲੋਂ ਬਜਟ ਵੱਲ ਦਿੱਤੇ ਜਾਣ ਵਾਲੇ ਧਿਆਨ ਸਦਕਾ ਕੇਵਲ ਇਹੋ ਇੱਕੋ-ਇੱਕ ਸਮਾਂ ਹੁੰਦਾ ਹੈ, ਜਦੋਂ ਆਮ ਲੋਕ ਨੂੰ ਆਰਥਿਕ ਨੀਤੀਆਂ ਬਾਰੇ ਵਿਚਾਰ-ਵਟਾਂਦਰਾ ਕਰਨ ਤੇ ਸੁਣਨ ਦਾ ਮੌਕਾ ਮਿਲਦਾ ਹੈ। ਖੇਤੀਬਾੜੀ ਲਈ ਵੱਖਰੇ ਬਜਟ ਦਾ ਮਤਲਬ ਹੋਵੇਗਾ ਜਨਤਾ ਦਾ ਇਸ ਪਾਸੇ ਵਧੇਰੇ ਧਿਆਨ ਖਿੱਚਣਾ, ਵਿਆਪਕ ਵਿਚਾਰ-ਚਰਚਾ ਹੋਣਾ ਤੇ ਸਿਆਸੀ ਦਾਅਵਿਆਂ ਦੀ ਨੇੜਿਓਂ ਪੁਣਛਾਣ ਕਰਨਾ। ਖੇਤੀਬਾੜੀ ਭਾਵੇਂ ਸੂਬਾਈ ਵਿਸ਼ਾ ਹੈ ਅਤੇ ਇਸ ਦਾ ਬਹੁਤਾ ਖ਼ਰਚਾ ਸੂਬਿਆਂ ਦੇ ਬਜਟ ਰਾਹੀਂ ਹੁੰਦਾ ਹੈ, ਫਿਰ ਵੀ ਭਾਰਤੀ ਖੇਤੀਬਾੜੀ ਦੇ ਭਵਿੱਖ ਲਈ ਕੇਂਦਰੀ ਸਰੋਤ ਅਹਿਮ ਹਨ। ਖੇਤੀਬਾੜੀ ਦਾ ਬਜਟ ਕਿਸਾਨਾਂ ਲਈ ਸਰਕਾਰੀ ਦੀ ਸਿਆਸੀ ਇੱਛਾ-ਸ਼ਕਤੀ ਦੀ ਪ੍ਰੀਖਿਆ ਹੋ ਸਕਦਾ ਹੈ।

ਕਿਸਾਨਾਂ ਉੱਤੇ ਧਿਆਨ ਕਿਉਂ ਕੇਂਦ੍ਰਿਤ ਕੀਤਾ ਜਾਣਾ ਚਾਹੀਦਾ ਹੈ? ਇਸ ਸਵਾਲ ਦਾ ਸਪਸ਼ਟ ਜਵਾਬ ਹੈ: ਸਿਰਫ਼ ਇਸ ਲਈ ਕਿਉਂਕਿ ਉਨਾਂ ਦੀ ਗਿਣਤੀ ਸਭ ਤੋਂ ਵੱਧ ਹੈ ਤੇ ਸ਼ਾਇਦ ਦੇਸ਼ ਵਿੱਚ ਉਨਾਂ ਨੂੰ ਹੀ ਸਭ ਤੋਂ ਵੱਧ ਅੱਖੋਂ-ਪਰੋਖੇ ਵੀ ਕੀਤਾ ਜਾਂਦਾ ਰਿਹਾ ਹੈ। ਜਦੋਂ ਮੈਂ ਕਿਸਾਨ ਦੀ ਗੱਲ ਕਰਦਾ ਹਾਂ ਤਾਂ ਮੈਂ ਸਿਰਫ਼ ਜ਼ਿਮੀਂਦਾਰਾਂ ਦੀ ਗੱਲ ਨਹੀਂ ਕਰਦਾ। ਕਿਸਾਨ ਦੀ ਪਰਿਭਾਸ਼ਾ ਵਿੱਚ ਜ਼ਿਮੀਂਦਾਰ ਤੇ ਉਹ ਕਿਸਾਨ ਸ਼ਾਮਲ ਹੁੰਦਾ ਹੈ, ਜਿਸ ਕੋਲ ਆਪਣੀ ਖ਼ੁਦ ਦੀ ਜ਼ਮੀਨ ਜਾਂ ਪੱਟੇ ਉੱਤੇ ਜ਼ਮੀਨ ਹੁੰਦੀ ਹੈ। ਇੰਜ ਹੀ ਖੇਤ ਮਜ਼ਦੂਰ ਤੇ ਪਸ਼ੂ-ਪਾਲਕ ਵੀ ਕਿਸਾਨ ਹੁੰਦੇ ਹਨ ਅਤੇ ਮੁਰਗ਼ੀ ਪਾਲਕ ਤੇ ਮੱਛੀਆਂ ਪਾਲਣ ਵਾਲੇ ਕਿਸਾਨ ਹੁੰਦੇ ਹਨ। ਖੇਤੀਬਾੜੀ ਤੇ ਉਸ ਦੀਆਂ ਸਾਰੀਆਂ ਸਹਾਇਕ ਗਤੀਵਿਧੀਆਂ ਰਾਹੀਂ ਦੇਸ਼ ਦੀ ਅੱਧੀ ਤੋਂ ਵੱਧ ਮਾਨਵ-ਸ਼ਕਤੀ (ਮਹਿਲਾ-ਸ਼ਕਤੀ ਵੀ) ਨੂੰ ਰੁਜ਼ਗਾਰ ਮਿਲਦਾ ਹੈ। ਪਰ ਦੇਸ਼ ਦੇ ਕੁੱਲ ਘਰੇਲੂ ਉਤਪਾਦਨ ਵਿੱਚ ਇਸ ਦਾ ਹਿੱਸਾ ਤੇਜ਼ੀ ਨਾਲ ਡਿੱਗਦਾ ਜਾ ਰਿਹਾ ਹੈ; ਸਾਲ 2004-05 ਵਿੱਚ ਇਹ ਹਿੱਸਾ 19 ਫ਼ੀ ਸਦੀ ਸੀ, ਉਹ 2009-10 ਵਿੱਚ ਘਟ ਕੇ 14.6 ਫ਼ੀਸਦੀ ਅਤੇ 2013-14 ਦੌਰਾਨ ਹੋਰ ਵੀ ਘਟ ਕੇ 13.9 ਫ਼ੀਸਦੀ ਰਹਿ ਗਿਆ। ਐੱਨਐੱਸਐੱਸਓ ("ਖੇਤੀਬਾੜੀ ਨਾਲ ਜੁੜੇ ਪਰਿਵਾਰਾਂ ਦੀ ਸਥਿਤੀ ਦਾ ਮੁਲਾਂਕਣ ਸਰਵੇਖਣ") ਦੇ 70ਵੇਂ ਗੇੜ ਅਨੁਸਾਰ, ਖੇਤੀਬਾੜੀ ਨਾਲ ਜੁੜੇ ਇੱਕ ਪਰਿਵਾਰ ਦੀ ਖੇਤ ਤੋਂ ਹੋਣ ਵਾਲੀ ਔਸਤ ਮਾਸਿਕ ਆਮਦਨ ਕੇਵਲ 3,844 ਰੁਪਏ ਹੈ; ਇਸ ਵਿੱਚ ਖੇਤੀਬਾੜੀ ਤੇ ਪਸ਼ੂ-ਪਾਲਣ ਵੀ ਸ਼ਾਮਲ ਹਨ।





ਇੰਨੇ ਸਾਲਾਂ ਦੌਰਾਨ ਕਿਸਾਨਾਂ ਦੀ ਆਮਦਨ ਤਾਂ ਘੋਗੇ ਦੀ ਰਫ਼ਤਾਰ ਨਾਲ ਹੀ ਵਧ ਸਕੀ ਹੈ, ਪਰ ਖੇਤੀਬਾੜੀ ਉੱਤੇ ਹੋਣ ਵਾਲੇ ਖ਼ਰਚੇ ਤੇ ਪਰਿਵਾਰਾਂ ਦੇ ਆਪਣੇ ਖ਼ਰਚੇ ਕਿਤੇ ਜ਼ਿਆਦਾ ਵਧ ਗਏ ਹਨ। ਇਸੇ ਲਈ ਔਸਤ ਕਿਸਾਨ ਕਰਜ਼ੇ ਦੀ ਕੁੜਿੱਕੀ ਵਿੱਚ ਫਸ ਕੇ ਰਹਿ ਗਿਆ ਹੈ। ਸਾਲ 2012-13 ਦੌਰਾਨ ਦੇਸ਼ ਦੇ ਖੇਤੀਬਾੜੀ ਨਾਲ ਜੁੜੇ 52 ਫ਼ੀਸਦੀ ਪਰਿਵਾਰ ਕਰਜ਼ਿਆਂ ਵਿੱਚ ਫਸੇ ਹੋਏ ਹਨ, ਜਦ ਕਿ 1991 ਵਿੱਚ ਇਹ ਗਿਣਤੀ ਕੇਵਲ 26 ਫ਼ੀਸਦੀ ਸੀ। ਕਿਸਾਨ ਜ਼ਿਆਦਾਤਰ ਕਰਜ਼ਾ ਨਿੱਜੀ ਸ਼ਾਹੂਕਾਰਾਂ ਤੋਂ ਵਿਆਜ ਦੀਆਂ ਬਹੁਤ ਉਚੇਰੀਆਂ ਦਰਾਂ ਉੱਤੇ ਲੈਂਦੇ ਹਨ। 'ਸਰਬ ਭਾਰਤੀ ਰਿਣ ਤੇ ਨਿਵੇਸ਼ ਸਰਵੇਖਣ', 2013 ਦੀ ਰਿਪੋਰਟ ਵਿੱਚ ਪਾਇਆ ਗਿਆ ਕਿ 0.01 ਹੈਕਟੇਅਰ ਤੋਂ ਘੱਟ ਆਕਾਰ ਦੀ ਜ਼ਮੀਨ ਵਾਲੇ ਕੇਵਲ 13 ਫ਼ੀਸਦੀ ਕਿਸਾਨਾਂ ਦੀ ਹੀ ਰਸਮੀ ਬੈਂਕਿੰਗ ਸੰਸਥਾਨ ਤੱਕ ਪਹੁੰਚ ਹੋ ਪਾਉਂਦੀ ਹੈ, ਜਦ ਕਿ 64 ਫ਼ੀਸਦੀ ਕਿਸਾਨ ਨਿੱਜੀ ਸ਼ਾਹੂਕਾਰਾਂ ਤੋਂ ਹੀ ਕਰਜ਼ੇ ਲੈਂਦੇ ਹਨ। ਇਸੇ ਕਰ ਕੇ ਖ਼ੁਦਕੁਸ਼ੀਆਂ ਵਧੀਆਂ ਹਨ। ਪਿਛਲੇ ਦੋ ਦਹਾਕਿਆਂ ਦੌਰਾਨ ਕਿਸਾਨ-ਖ਼ੁਦਕੁਸ਼ੀਆਂ ਦੀ ਕੁੱਲ ਗਿਣਤੀ ਹਰ ਸਾਲ 12,000 ਤੋਂ 18,000 ਦੇ ਵਿਚਕਾਰ ਰਹੀ ਹੈ।

ਸਰਕਾਰਾਂ ਨੇ ਇਸ ਮਾਮਲੇ ਵਿੱਚ ਕੀ ਕੀਤਾ ਹੈ? ਬਹੁਤ ਘੱਟ। ਜਦੋਂ ਸਰਕਾਰ ਇਨਕਾਰ ਕਰਨ ਦੀ ਸਥਿਤੀ ਵਿੱਚ ਨਹੀਂ ਹੁੰਦੀ ਤਾਂ ਵਿਭਿੰਨ ਪਾਰਟੀਆਂ ਦੀਆਂ ਸਰਕਾਰਾਂ ਨੇ ਕਿਸਾਨਾਂ ਦੇ ਕਸੀਦੇ ਤਾਂ ਵੱਡੇ ਵੱਡੇ ਪੜ੍ਹੇ ਅਤੇ ਸਕੀਮਾਂ ਵੀ ਸ਼ੁਰੂ ਕੀਤੀਆਂ ਪਰ ਉਨਾਂ ਲਈ ਬਜਟ ਪ੍ਰਬੰਧਾਂ ਵਿੱਚ ਪੂਰੀ ਕੰਜੂਸੀ ਵਰਤੀ। ਕਿਸਾਨਾਂ ਨੂੰ ਉਨਾਂ ਦੀਆਂ ਫ਼ਸਲਾਂ ਦਾ ਵਾਜਬ ਮੁੱਲ ਨਾ ਮਿਲਣ ਦੀ ਸਮੱਸਿਆ ਦਾ ਹੱਲ ਸਰਕਾਰ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਦੇ ਰੂਪ ਵਿੱਚ ਲੱਭਦੀ ਆਈ ਹੈ। ਸਮੱਸਿਆ ਇਹ ਹੈ ਕਿ ਭਾਰਤ ਦੇ ਕੇਵਲ ਪੰਜਵੇਂ ਹਿੱਸੇ ਤੋਂ ਵੀ ਘੱਟ ਕਿਸਾਨਾਂ ਨੂੰ ਹੀ ਇਸ ਵਿਵਸਥਾ ਦਾ ਲਾਭ ਮਿਲਦਾ ਹੈ। ਇਸ ਦੇ ਨਾਲ ਹੀ ਅਧਿਕਾਰਤ ਘੱਟੋ-ਘੱਟ ਸਮਰਥਨ ਮੁੱਲ ਕਿਸਾਨਾਂ ਦੀਆਂ ਲਾਗਤਾਂ ਤੇ ਖ਼ਰਚਿਆਂ ਦੇ ਹਿਸਾਬ ਨਾਲ ਵੀ ਨਹੀਂ ਰੱਖਿਆ ਜਾਂਦਾ।

ਅਜਿਹੇ ਹਾਲਾਤ ਵਿੱਚ ਇਸ ਸਮੱਸਿਆ ਦਾ ਹੱਲ ਕੀ ਹੋ ਸਕਦਾ ਹੈ? ਚਲੋ ਇਸ ਬਾਰੇ ਤਜਵੀਜ਼ ਬਣਾਉਂਦੇ ਹਾਂ। ਇਸ ਤਜਵੀਜ਼ ਦੇ ਬੁਨਿਆਦੀ ਵਿਚਾਰ ਕਿਸਾਨ ਅੰਦੋਲਨਾਂ ਤੇ ਕਿਸਾਨ-ਪੱਖੀ ਮਾਹਰਾਂ ਤੋਂ ਲਏ ਗਏ ਹਨ, ਜੋ ਪਿਛਲੇ ਅਨੇਕਾਂ ਸਾਲਾਂ ਤੋਂ ਆਪਣੀਆਂ ਮੰਗਾਂ ਰੱਖਦੇ ਆ ਰਹੇ ਹਨ। ਇੰਝ ਉਨਾਂ ਸਭ ਦੇ ਵਿਚਾਰ ਇੱਕ ਥਾਂ ਉੱਤੇ ਇਕੱਠੇ ਹੁੰਦੇ ਹਨ ਤੇ ਉਸ ਰਾਹੀਂ ਪ੍ਰਭਾਵਸ਼ਾਲੀ ਯੋਜਨਾ ਬਣ ਸਕਦੀ ਹੈ।

ਇਸ ਨੂੰ ਰੁਪਿਆ ਕਿਹਾ ਜਾਂਦਾ ਹੈ: 'ਰੈਮਿਊਨਰੇਟਿਵ ਐਂਡ ਯੂਨੀਵਰਸਲ ਪ੍ਰਾਈਸ ਆੱਫ਼ ਯੀਲਡ ਐਸ਼ਯੋਰੈਂਸ' (ਫ਼ਸਲ ਦੀ ਲਾਹੇਵੰਦ ਤੇ ਵਿਆਪਕ ਕੀਮਤ ਭਰੋਸਾ)। ਇਹ ਬੁਨਿਆਦੀ ਵਿਚਾਰ ਕਿਸਾਨਾਂ ਨੂੰ ਆਮਦਨ ਗਰੰਟੀ ਦਿੰਦਾ ਹੈ। ਇਸ ਦੀ ਪ੍ਰਾਪਤੀ ਇਹ ਯਕੀਨੀ ਬਣਾਉਂਦਿਆਂ ਕੀਤੀ ਜਾਂਦੀ ਹੈ ਕਿ ਕਿਸਾਨਾਂ ਨੂੰ ਕੀਮਤ ਦੀਆਂ ਲਚਕਤਾਵਾਂ ਤੋਂ ਜ਼ਰੂਰ ਸੁਰੱਖਿਅਤ ਰੱਖਿਆ ਜਾਵੇ ਤੇ ਸਾਰੇ ਕਿਸਾਨਾਂ ਨੂੰ ਹਰ ਹਾਲਤ ਵਿੱਚ

**ਬਾਕੀ ਸਫ਼ਾ 32 'ਤੇ**

# ਇਲੈਕਟ੍ਰਾਨਿਕ ਮੀਡੀਆ ਦੀ ਭਰੋਸੇਯੋਗਤਾ 'ਤੇ ਸਵਾਲ

**ਦੁਨੀਆ ਭਰ ਵਿੱਚ ਮੀਡੀਆ ਨੇ ਆਪਣੀ ਭਰੋਸੇਯੋਗਤਾ ਗੁਆ ਲਈ ਹੈ। ਸਾਰਾ ਅਮਰੀਕੀ ਮੀਡੀਆ ਹਿਲੇਰੀ ਕਲਿੰਟਨ ਦੀ ਜਿੱਤ ਦਿਖਾ ਰਿਹਾ ਸੀ, ਪਰ ਅਮਰੀਕੀ ਲੋਕਾਂ ਨੇ ਡੋਨਲਡ ਟਰੰਪ ਨੂੰ ਆਪਣਾ ਬਾਦਸ਼ਾਹ ਚੁਣ ਲਿਆ। ਦਿੱਲੀ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਮੀਡੀਆ ਆਮ ਆਦਮੀ ਪਾਰਟੀ ਦਾ ਕੋਈ ਨੋਟਿਸ ਨਹੀਂ ਲੈ ਰਿਹਾ ਸੀ, ਪਰ ਉਸ ਨੇ ਦੋਹਾਂ ਸਥਾਪਤ ਪਾਰਟੀਆਂ ਦਾ ਤਖਤਾ ਪਲਟ ਕਰ ਦਿੱਤਾ। ਇਸ ਲਈ ਮੀਡੀਆ ਦੀਆਂ ਓਪੀਨੀਅਨ ਪੋਲ, ਐਗਜ਼ਿਟ ਪੋਲ, ਖ਼ਬਰਾਂ, ਬਹਿਸਾਂ ਸਭ ਇੱਕ ਪਾਸੜੀ, ਝੂਠੀਆਂ ਸਾਬਤ ਹੋ ਰਹੀਆਂ ਹਨ।**

**ਪ੍ਰੋ. ਰਾਜਿੰਦਰ ਪਾਲ ਸਿੰਘ ਬਰਾੜ**
(ਮੋਬਾਈਲ : 98150-50617)

ਇਲੈਕਟ੍ਰਾਨਿਕ ਮੀਡੀਆ ਦੇ ਆਉਣ ਨਾਲ ਸੰਚਾਰ ਵਿੱਚ ਕ੍ਰਾਂਤੀ ਆ ਗਈ। ਲੋਕਾਂ ਨੇ ਇਸ ਨੂੰ ਸ਼ੁਰੂਆਤ ਵਿੱਚ ਬਹੁਤ ਅਹਿਮੀਅਤ ਦਿੱਤੀ, ਪਰ ਸਮੇਂ ਨਾਲ ਇਹ ਆਪਣੀ ਦਿਸ਼ਾ ਤੋਂ ਭਟਕ ਗਿਆ ਹੈ। ਟੈਲੀਵਿਜ਼ਨ ਨੇ ਬੋਲ, ਦ੍ਰਿਸ਼ ਅਤੇ ਲਿਖਤ ਤਿੰਨਾਂ ਦਾ ਮੇਲ ਕਰਵਾ ਦਿੱਤਾ। ਸਭ ਕੁਝ ਅੱਖਾਂ ਦੇ ਸਾਹਮਣੇ, ਪਰ ਇਹ ਅੱਖਾਂ ਤੁਹਾਡੀਆਂ ਨਹੀਂ ਕੈਮਰੇ ਦੀਆਂ ਹਨ ਅਤੇ ਉਸ ਕੈਮਰੇ ਨੂੰ ਚਲਾਉਣ ਵਾਲੀ ਪੱਤਰਕਾਰ ਦੀ ਅੱਖ ਹੈ ਅਤੇ ਉਹ ਅੱਖ ਕਿਸੇ ਤਨਖਾਹਦਾਰ ਸਰੀਰ 'ਤੇ ਲੱਗੀ ਹੋਈ ਹੈ। ਤਨਖਾਹਦਾਰ ਸਰੀਰ ਚੈਨਲ ਮਾਲਕ ਦਾ ਗ਼ੁਲਾਮ ਹੁੰਦਾ ਹੈ। ਚੈਨਲ ਮਾਲਕ ਦਾ ਕੰਮ ਸੂਚਨਾ ਦੇਣਾ ਨਹੀਂ ਸੂਚਨਾ ਵੇਚਣਾ ਹੈ। ਉਹ ਸੱਚ ਦਾ ਢੰਡੋਰਚੀ ਨਹੀਂ, ਸੂਚਨਾ ਦਾ ਵਪਾਰੀ ਹੈ। ਸੱਚ ਦੀ ਸੂਚਨਾ ਦਾ ਪ੍ਰਸਾਰਨ, ਝੂਠਿਆਂ ਤੇ ਅਪਰਾਧੀਆਂ ਲਈ ਖਤਰੇ ਦੀ ਘੰਟੀ ਹੈ। ਇਸ ਲਈ ਧਨ ਕੁਬੇਰਾਂ, ਰਾਜ ਸੱਤਾ 'ਤੇ ਕਾਬਜ਼ ਅਪਰਾਧੀਆਂ ਅਤੇ ਅਨਿਆਂਸ਼ੀਲ ਅਫ਼ਸਰਸ਼ਾਹੀ ਲਈ ਜ਼ਰੂਰੀ ਹੈ ਕਿ ਸੂਚਨਾ ਰੋਕੀ ਜਾਵੇ, ਪਰ ਲੋਕ ਤਾਂ ਸੂਚਨਾ ਮੰਗਦੇ ਹਨ। ਇਸ ਲਈ ਵੱਡਾ ਧੰਦਾ, ਝੂਠੀ ਸੂਚਨਾ ਘੜਨਾ ਅਤੇ ਪ੍ਰਸਾਰਨ ਹੋ ਗਿਆ। ਇੱਥੋਂ ਹੀ ਮੀਡੀਆ ਬੇਇਮਾਨ ਬਣਦਾ ਹੈ। ਮੀਡੀਆ ਕਰਮੀ ਜਾਂ ਪੱਤਰਕਾਰ ਬੇਇਮਾਨ ਨਹੀਂ ਹਨ, ਮਾਲਕ ਬੇਇਮਾਨ ਹਨ।

ਦੁਨੀਆ ਭਰ ਵਿੱਚ ਮੀਡੀਆ ਨੇ ਆਪਣੀ ਭਰੋਸੇਯੋਗਤਾ ਗੁਆ ਲਈ ਹੈ। ਸਾਰਾ ਅਮਰੀਕੀ ਮੀਡੀਆ ਹਿਲੇਰੀ ਕਲਿੰਟਨ ਦੀ ਜਿੱਤ ਦਿਖਾ ਰਿਹਾ ਸੀ, ਪਰ ਅਮਰੀਕੀ ਲੋਕਾਂ ਨੇ ਡੋਨਲਡ ਟਰੰਪ ਨੂੰ ਆਪਣਾ ਬਾਦਸ਼ਾਹ ਚੁਣ ਲਿਆ। ਦਿੱਲੀ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਮੀਡੀਆ ਆਮ ਆਦਮੀ ਪਾਰਟੀ ਦਾ ਕੋਈ ਨੋਟਿਸ ਨਹੀਂ ਲੈ ਰਿਹਾ ਸੀ, ਪਰ ਉਸ ਨੇ ਦੋਹਾਂ ਸਥਾਪਤ ਪਾਰਟੀਆਂ ਦਾ ਤਖਤਾ ਪਲਟ ਕਰ ਦਿੱਤਾ। ਇਸ ਲਈ ਮੀਡੀਆ ਦੀਆਂ ਓਪੀਨੀਅਨ ਪੋਲ, ਐਗਜ਼ਿਟ ਪੋਲ, ਖ਼ਬਰਾਂ, ਬਹਿਸਾਂ ਸਭ ਇੱਕ ਪਾਸੜੀ, ਝੂਠੀਆਂ ਸਾਬਤ ਹੋ ਰਹੀਆਂ ਹਨ। ਨਵ ਉਦਾਰਵਾਦ ਤੋਂ ਪਹਿਲਾਂ ਜਦੋਂ ਰੇਡੀਓ ਟੈਲੀਵਿਜ਼ਨ ਸਰਕਾਰੀ ਕੰਟਰੋਲ ਵਿੱਚ ਸੀ, ਉਸ ਸਮੇਂ ਉਦਾਰਵਾਦ ਦੇ ਸਮਰਥਕ ਬੁੱਧੀਜੀਵੀ ਆਖਦੇ ਸਨ ਕਿ ਪ੍ਰਧਾਨ ਮੰਤਰੀ ਦਾ ਬਿਆਨ ਮੁੱਖ ਖ਼ਬਰ ਨਹੀਂ ਹੁੰਦਾ, ਪਰ ਅੱਜ ਪ੍ਰਧਾਨ ਮੰਤਰੀ ਦੇ ਸਾਰੇ ਭਾਸ਼ਣ ਨਾ ਕੇਵਲ ਸਾਰੇ ਸਰਕਾਰੀ ਰੇਡੀਓ ਟੈਲੀਵਿਜ਼ਨ ਹੀ ਦਿਖਾ ਰਹੇ ਹੁੰਦੇ ਹਨ, ਸਗੋਂ ਸਾਰੇ ਪ੍ਰਾਈਵੇਟ ਚੈਨਲ ਵੀ ਇਸੇ ਧੰਦੇ ਵਿੱਚੋਂ ਰੋਟੀਆਂ ਕਮਾ ਰਹੇ ਹੁੰਦੇ ਹਨ। ਹੁਣ ਅਸਲ ਸੱਚ ਦੀ ਭਾਲ ਵਿੱਚ ਸੂਚਨਾ ਅਭਿਲਾਸ਼ੀ ਕਿੱਥੇ ਜਾਵੇ?



ਟੈਲੀਵਿਜ਼ਨ ਪੱਤਰਕਾਰੀ ਦੀ ਭਰੋਸੇਯੋਗਤਾ ਘਟਣ 'ਤੇ ਲੋਕਾਂ ਨੇ ਸੋਸ਼ਲ ਮੀਡੀਆ ਦਾ ਸਹਾਰਾ ਲੈਣਾ ਸ਼ੁਰੂ ਕਰ ਦਿੱਤਾ ਹੈ। ਲੋਕ ਮੰਨੇ ਪ੍ਰਮੰਨੇ ਚੈਨਲਾਂ ਦੀ ਥਾਵੇਂ ਵਾਟਸਐਪ 'ਤੇ ਆਈ ਵੀਡੀਓ ਨੂੰ ਵੱਧ ਮਹੱਤਤਾ ਦੇ ਰਹੇ ਹਨ।

ਟੈਲੀਵੀਜ਼ਨ ਹਰ ਪੱਧਰ 'ਤੇ ਭਰੋਸੇਯੋਗਤਾ ਗੁਆ ਬੈਠਾ ਹੈ। ਇਹ ਘੱਟ ਜ਼ਰੂਰੀ ਘਟਨਾਵਾਂ ਨੂੰ ਖ਼ਬਰਾਂ ਹੀ ਨਹੀਂ ਬਣਾ ਰਿਹਾ ਸਗੋਂ ਉਸ ਨੂੰ ਜ਼ਿਆਦਾ ਸਮਾਂ ਵੀ ਦੇ ਰਿਹਾ ਹੈ। ਇਹ ਉਲਟ ਮਹੱਤਵਪੂਰਨ ਘਟਨਾਵਾਂ ਨੂੰ ਨਜ਼ਰਅੰਦਾਜ਼ ਵੀ ਕਰ ਰਿਹਾ ਹੈ ਅਤੇ ਜੇ ਅਜਿਹੀਆਂ ਘਟਨਾਵਾਂ ਜੋ ਸੱਤਾਧਾਰੀਆਂ, ਧਨ ਕੁਬੇਰਾਂ ਅਤੇ ਚੈਨਲ ਮਾਲਕਾਂ ਨੂੰ ਪਸੰਦ ਨਹੀਂ, ਉਸ ਦੀ ਸੂਚਨਾ ਦੇਣੀ ਵੀ ਪੈ ਜਾਵੇ ਤਾਂ ਉਹ ਮਾਲਕਾਂ ਦੇ ਨਜ਼ਰੀਏ ਤੋਂ ਦਿਖਾਈ ਜਾਂਦੀ ਹੈ। ਘਟਨਾ ਸਥਾਨ 'ਤੇ ਰਿਪੋਰਟਿੰਗ ਕਰਨ ਸਮੇਂ ਆਮ ਵਿਅਕਤੀ ਨਾਲ ਗੱਲਬਾਤ ਦਾ ਢੌਂਗ ਕਰਨਾ ਇੱਕ ਜੁਗਤ ਹੈ, ਜਿਸ ਨਾਲ ਸੱਚ ਨੂੰ ਝੂਠ ਅਤੇ ਚਿੱਟੇ ਨੂੰ ਕਾਲਾ ਦਿਖਾਇਆ ਜਾਂਦਾ ਹੈ। ਤਥਾਕਥਿਤ ਗਰਾਊਂਡ ਜ਼ੀਰੋ ਤੋਂ ਰਿਪੋਰਟਿੰਗ ਕਰ ਰਹੇ ਪੱਤਰਕਾਰ ਦੇ ਪੁੱਛੇ ਜਾਣ ਵਾਲੇ ਪ੍ਰਸ਼ਨਾਂ ਦੀ ਭਾਸ਼ਾ ਅਤੇ ਟੋਨ ਵਿੱਚ ਹੀ ਇੱਛਤ ਉੱਤਰ ਪਏ ਹੁੰਦੇ ਹਨ। ਨਿਰਪੱਖਤਾ ਦਿਖਾਉਣ ਲਈ ਮਾਲਕਾਂ ਦੇ ਇਸ਼ਾਰਾ ਸਮਝਣ ਵਾਲੇ ਤੇਜ਼ਤਰਾਰ ਸਮਝਦਾਰ ਪੱਤਰਕਾਰ ਪੀੜਤ ਧਿਰ ਦਾ ਸਭ ਤੋਂ ਮਾੜਾ ਬੁਲਾਰਾ ਚੁਣਦੇ ਹਨ ਅਤੇ ਹਾਕਮ ਧਿਰ ਦਾ ਸਭ ਤੋਂ ਯੋਗ ਸੰਚਾਰ ਮਾਹਰ ਨੂੰ ਚੁਣਿਆ ਜਾਂਦਾ ਹੈ ਅਤੇ ਕਈ ਵਾਰ ਤਾਂ ਪ੍ਰਸ਼ਨ ਵੀ ਪਹਿਲਾਂ ਹੀ ਫਿਕਸ ਹੁੰਦੇ ਹਨ। ਬਹੁਤੇ ਚੈਨਲਾਂ ਦੇ ਐਂਕਰ ਸੱਤਾਧਾਰੀਆਂ ਵੱਲੋਂ ਧਿਰ ਬਣ ਕੇ ਲੜਦੇ ਹਨ। ਹਾਕਮ ਧਿਰ ਦੇ ਗਠਜੋੜ ਦੀਆਂ ਸਾਰੀਆਂ ਧਿਰਾਂ ਦੇ ਨਾਲੋਂ ਨਾਲ ਤਥਾਕਥਿਤ ਨਿਰਪੱਖ ਬੁੱਧੀਜੀਵੀ ਦੇ ਲੁਬਾਦੇ ਹੇਠ ਹਾਕਮ ਪੱਖੀ ਬੁੱਧੀਜੀਵੀ ਵੀ ਸੱਦ ਲਿਆ ਜਾਂਦਾ ਹੈ। ਉੱਪਰੋਂ ਸਿਤਮ ਇਹ ਕੀਤਾ ਜਾਂਦਾ ਹੈ ਕਿ ਅਸਲ ਵਿਰੋਧੀਆਂ ਦੀ ਥਾਂ 'ਤੇ ਦਰਸ਼ਕਾਂ ਦੇ ਅੱਖੀਂ ਘੱਟਾ ਪਾਉਣ ਲਈ ਨਕਲੀ ਵਿਰੋਧੀ ਖੜ੍ਹੇ ਕਰ ਲਏ ਜਾਂਦੇ ਹਨ। ਸਭ ਜਾਣਦੇ ਹਨ ਕਿ ਇਸ ਸਮੇਂ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਅਕਾਲੀ, ਕਾਂਗਰਸ ਅਤੇ ਆਮ ਆਦਮੀ ਪਾਰਟੀ ਵਿੱਚ ਤਿਕੋਣੀ ਟੱਕਰ ਹੋਈ ਹੈ। ਬਹੁਤੇ ਪੰਜਾਬੀ ਟੀ.ਵੀ. ਚੈਨਲ ਬਹਿਸ ਵਿੱਚ ਆਮ ਆਦਮੀ ਪਾਰਟੀ ਦੀ ਥਾਂ 'ਆਮ ਆਦਮੀ ਪਾਰਟੀ' ਤੋਂ ਟੁੱਟ ਕੇ ਬਣੀ ਛੋਟੀ ਜਿਹੀ ਪਾਰਟੀ ਨੂੰ ਉਭਾਰ ਰਹੇ ਸਨ। ਇਹ ਵਿਚਾਰਨ ਦਾ ਮੁੱਦਾ ਹੈ। ਕੀ 'ਆਪਣਾ ਪੰਜਾਬ ਪਾਰਟੀ' ਪੰਜਾਬ ਅੰਦਰ ਵੱਡੀ ਧਿਰ ਹੈ? ਜਾਂ ਇਹ ਸਿਰਫ਼ ਮੀਡੀਆ ਦੀ ਸਿਰਜਣਾ ਹੈ?

ਕਿਸੇ ਪਾਰਟੀ ਦਾ ਤਾਂ ਮੈਨੀਫੈਸਟੋ ਵੀ ਖ਼ਬਰ ਵਾਂਗ ਪੜ੍ਹਿਆ ਜਾਂਦਾ ਹੈ ਅਤੇ ਕਿਸੇ ਦੀ ਖ਼ਬਰ ਨੂੰ ਵੀ ਅਫ਼ਵਾਹ ਵਾਂਗ ਸੁਣਾਇਆ ਜਾਂਦਾ ਹੈ। ਕਦੇ ਅਫ਼ਵਾਹ ਨੂੰ ਖ਼ਬਰ ਬਣਾ ਕੇ ਪੇਸ਼ ਕਰ ਦਿੱਤਾ ਜਾਂਦਾ ਹੈ। ਕਿਸੇ ਦੀ ਛੋਟੀ ਜਿਹੀ ਗ਼ਲਤੀ ਨੂੰ ਵੀ ਅਪਰਾਧ ਬਣਾ ਕੇ ਮੀਡੀਆ ਟਰਾਇਲ ਚਲਾਇਆ ਜਾ ਰਿਹਾ ਹੈ ਅਤੇ ਕਿਸੇ ਘਿਨਾਉਣੇ ਅਪਰਾਧੀ ਵਿਰੁੱਧ ਵੀ ਮਾਮਲਾ ਕੋਰਟ ਅਧੀਨ ਕਹਿ ਕੇ ਪੱਲਾ ਝਾੜ ਲਿਆ ਜਾਂਦਾ ਹੈ। ਟੈਲੀਵਿਜ਼ਨ ਨੇ ਪਿਛਲੇ ਦਹਾਕੇ ਵਿੱਚ ਆਪਣੀ ਪਹੁੰਚ ਅਤੇ ਪ੍ਰਭਾਵ ਸਮਰੱਥਾ ਤਾਂ ਬਹੁਤ ਵਧਾ ਲਈ ਹੈ, ਪਰ ਆਪਣੀ ਪ੍ਰਮਾਣਿਕਤਾ ਤੇ ਭਰੋਸੇਯੋਗਤਾ ਗੁਆ ਲਈ ਹੈ। ਇਸੇ ਸਮੇਂ ਸੋਸ਼ਲ ਮੀਡੀਆ ਖਾਸ ਕਰਕੇ ਵਾਟਸਐਪ ਅਤੇ ਫੇਸਬੁੱਕ ਨੇ ਤੇਜ਼ੀ ਨਾਲ ਆਪਣੀ ਪ੍ਰਭਾਵ ਸਮਰੱਥਾ ਵਧਾਈ ਹੈ। ਸੋਸ਼ਲ ਮੀਡੀਆ ਉੱਪਰ ਪ੍ਰਾਪਤ ਸਮੱਗਰੀ ਦੀ ਪ੍ਰਮਾਣਿਕਤਾ ਭਾਵੇਂ ਸ਼ੱਕੀ ਹੋਵੇ, ਪਰ ਇਸ ਦੀ ਭਰੋਸੇਯੋਗਤਾ ਬਹੁਤ ਹੈ।

# Sir Speedy Tustin ® Printers to the Community

**Outdoor 3'x11' Promo Flag**
**Only $29/-**
Pole & Spike $55/-

GURU NANAK SIKH TEMPLE FAIRFIELD Visit Our Website: www.FairfieldGurudwara.com
**Outdoor 3'x6' Durable Banner**
All weather, durable to sunlight, rain and wear & tear. Text only.
**Only $69/-**

**Receipt Books**
Customized with your information and design. 2 part carbonless with numbering and perforation.
**Call for Price**

**Retractable 33"x 80" Banner**
Includes stand and carry bag. Hi-res imaging, durable and Brilliant colors!
**Only $225/-**

OPEN 24 HOURS
OPEN HOUSE! Welcome Call Toll Free: 855 360-HOME
**All Weather 18"x24" Yard Signs**
Includes H-stakes. Single sided, durable to sunlight and rain. Reusable!
**$49/- for 4**

ਲੱਖ ਲੱਖ ਵਧਾਈ
**11" Printed Balloons**
Printed with your logo and info. One color, one location. Min. qty 1000
**19¢ each**

YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
**Your Printed T-Shirts**
**Only $4.99**

YOUR LOGO HERE
1 color in 1 position. Min Qty. 100
**Your Printed Caps**
**Only $4.99**

DAILY TRIP ENVELOPE
**Trip Envelopes** Qty 1000
**Only $199/-**

**What we can do for you today?**
- Printing & Copying
- Creative Services
- Mailing Services
- Mailing List Aquisition
- Signs Posters & Banners
- Promotional Product
- Website design and development

1045 East Main Street, Tustin, CA 92780
**Call 562-881-7430**
Fax: 714-731-8931
E-mail: sirspeedy_tustin@yahoo.com
www.sirspeedy.com/tustin


Jagjit Singh Bains

**CUSTOMIZED SWEET BOXES**

*South Asian Wedding Cards*

CALL NOW



# ਗੁਜਰਾਤ ਫਾਈਲਜ਼

## ਪਰਦਾਪੋਸ਼ੀ ਦੀ ਚੀਰਫਾੜ

**ਅਨੁਵਾਦ : ਬੂਟਾ ਸਿੰਘ**

## '..ਉਹ ਸੋਹਰਾਬੂਦੀਨ ਨੂੰ ਮੁਕਾਬਲੇ ਵਿਚ ਮਾਰਨਾ ਚਾਹੁੰਦੇ ਸਨ.. ... ਉਨ੍ਹਾਂ ਨੇ ਉਸ ਨੂੰ ਭਰੀ ਬਸ ਵਿਚੋਂ ਚੁੱਕ ਲਿਆ...'

**ਰਾਣਾ ਅਯੂਬ**

ਜਵਾਬ: ਪਿਛਲੇ ਦੋ ਕੁ ਮਹੀਨਿਆਂ ਤੋਂ ਮੈਂ ਬਹੁਤ ਹੀ ਮਾੜੇ ਦਿਨਾਂ ਵਿਚੋਂ ਗੁਜ਼ਰ ਰਹੀ ਸੀ...ਹਾਲਾਤ ਬਹੁਤ ਹੀ ਮਾੜੇ ਸਨ।

ਸਵਾਲ: ਇਹ ਵਿਵਾਦ ਕਦੋਂ ਸ਼ੁਰੂ ਹੋਇਆ, ਕੀ ਤੁਹਾਨੂੰ ਇਸ ਦੀ ਉਮੀਦ ਸੀ ?

ਜਵਾਬ: ਕਈ ਵਾਰ ਤੁਹਾਨੂੰ ਇਨ੍ਹਾਂ ਦੀ ਉਮੀਦ ਨਹੀਂ ਹੁੰਦੀ।



ਮੈਂ ਵੀ ਨਹੀਂ ਸੀ ਕੀਤੀ, ਮੇਰੇ ਇਸ ਤਰ੍ਹਾਂ ਉਮੀਦ ਕਰਨ ਦਾ ਕੋਈ ਕਾਰਨ ਨਹੀਂ ਸੀ। ਖ਼ਾਸ ਕਰਕੇ, ਜਦੋਂ ਤੁਸੀਂ ਵਧੀਆ ਕੰਮ ਕਰ ਰਹੇ ਹੋਵੋਂ, ਤੁਸੀਂ ਇਹ ਉਮੀਦ ਨਹੀਂ ਕਰਦੇ ਕਿ ਕੋਈ ਤੁਹਾਡੀਆਂ ਗਲਤੀਆਂ ਫੜ ਕੇ ਇਨ੍ਹਾਂ ਨੂੰ ਤੂਲ ਦੇਵੇਗਾ। ਪਰ ਕਾਰਨ ਐਸੇ ਹੁੰਦੇ ਹਨ ਜਿਨ੍ਹਾਂ ਦੇ ਕਰਕੇ ਮਾਮਲਾ ਵਿਗੜ ਜਾਂਦਾ ਹੈ, ਕਈ ਵਾਰ ਇਹ ਕਾਰਨ ਸਿਆਸੀ ਹੁੰਦੇ ਹਨ।

ਸਵਾਲ: ਤੁਹਾਡੇ ਮਾਮਲੇ 'ਚ ਕੁਝ ਵਧੇਰੇ ਹੀ ਸਿਆਸੀ ਸਨ ?

ਜਵਾਬ: ਹਾਂ, ਮੇਰੇ ਮਾਮਲੇ ਵਿਚ ਇਹ ਵਧੇਰੇ ਸਿਆਸੀ ਸਨ। ਸਰਕਾਰਾਂ ਦਾ ਵੱਖਰੀ ਤਰ੍ਹਾਂ ਦਾ ਸਿਲਸਿਲਾ, ਸੂਬੇ ਅਤੇ ਕੇਂਦਰ ਵਿਚ ਵੱਖੋ ਵੱਖਰੀ ਵੰਨਗੀ ਦੀਆਂ ਸਰਕਾਰਾਂ।

ਸਵਾਲ: ਮੈਂ ਤੁਹਾਡੇ ਬਾਰੇ ਬੜਾ ਕੁਝ ਪੜ੍ਹ ਰਹੀ ਹਾਂ। ਮੈਨੂੰ ਦਸਿਆ ਗਿਆ ਕਿ ਤੁਹਾਡੇ ਕਰਕੇ ਸੰਸਦ ਲਗਭਗ ਠੱਪ ਹੋ ਗਈ ਸੀ।

ਜਵਾਬ: ਹਾਂ ਉਸ ਸੋਹਰਾਬੂਦੀਨ ਮਾਮਲੇ ਕਰਕੇ। ਪ੍ਰੈਸ ਵਿਚ ਕੁਝ ਘਿਣਾਉਣੀਆਂ ਰਿਪੋਰਟਾਂ ਛਪੀਆਂ ਸਨ। ਮੀਡੀਆ ਰਿਪੋਰਟਾਂ ਨੇ ਮੇਰੇ ਬਾਰੇ ਸਾਰਾ ਕੁਝ ਘਿਣਾਉਣਾ ਪੇਸ਼ ਕੀਤਾ।

ਸਵਾਲ: ਤਾਂ ਫਿਰ ਤੁਸੀਂ ਇਹ ਕਹਿ ਰਹੇ ਹੋ ਕਿ ਸੀ ਬੀ ਆਈ ਤੁਹਾਨੂੰ ਕਦੇ ਵੀ ਗ੍ਰਿਫ਼ਤਾਰ ਨਹੀਂ ਸੀ ਕਰਨਾ ਚਾਹੁੰਦੀ ?

ਜਵਾਬ: ਨਹੀਂ, ਸੀ ਬੀ ਆਈ ਨੇ ਕਦੇ ਨਹੀਂ ਕਿਹਾ ਕਿ ਇਹ ਮੈਨੂੰ ਗ੍ਰਿਫ਼ਤਾਰ ਕਰਨਾ ਚਾਹੁੰਦੀ ਸੀ। ਉਸ ਵਕਤ ਮੈਂ ਲੰਦਨ ਵਿਚ ਸਿਖਲਾਈ ਲੈ ਰਹੀ ਸੀ ਅਤੇ ਮੈਂ ਇਹ ਸਾਰਾ ਕੁਝ ਸੁਣਦੀ ਰਹੀ। ਜਦੋਂ ਮੈਂ ਵਾਪਸ ਆਈ ਤਾਂ ਇਹ ਸਾਰੀਆਂ ਪ੍ਰੈਸ ਰਿਪੋਰਟਾਂ ਦੇਖੀਆਂ। ਮੇਰਾ ਮਤਲਬ ਹੈ ਕਿ ਜੇ ਤੁਹਾਨੂੰ ਸਬੂਤ ਮਿਲੇ ਹਨ ਤੁਸੀਂ ਇਨ੍ਹਾਂ ਨੂੰ ਪੇਸ਼ ਕਰਦੇ ਹੋ। ਮੈਂ ਉਨ੍ਹਾਂ ਨੂੰ ਇਹ ਕਿਹਾ। ਇਹ ਸਭ ਕੁਝ ਵੈਸੇ ਹੀ ਦੱਸ ਰਹੀ ਹਾਂ ਠੀਕ ਹੈ। ਹਾਂ ਉਨ੍ਹਾਂ ਨੇ ਬੁਨਿਆਦੀ ਤੌਰ 'ਤੇ ਮੇਰੇ ਤੋਂ ਗ੍ਰਹਿ ਮੰਤਰੀ ਬਾਰੇ ਪੁੱਛਗਿੱਛ ਕੀਤੀ। ਹੁਣ ਮੇਰੀ ਗ੍ਰਹਿ ਮੰਤਰੀ ਨਾਲ ਕਦੇ ਪੂਰੀ ਸਹਿਮਤੀ ਨਹੀਂ ਰਹੀ। ਇਸ ਕਰਕੇ ਜਦੋਂ ਸੀ ਬੀ ਆਈ ਨੇ ਮੈਨੂੰ ਪੁੱਛਿਆ ਤਾਂ ਮੈਂ ਉਨ੍ਹਾਂ ਨੂੰ ਦਸਿਆ ਕਿ ਮੇਰੀ ਅਮਿਤ ਸ਼ਾਹ ਨਾਲ ਕਦੇ ਪੂਰੀ ਸਹਿਮਤੀ ਨਹੀਂ ਰਹੀ। ਅਤੇ ਕੋਈ ਬੰਦਾ, ਕੋਈ ਸਿਆਸਤਦਾਨ ਮੇਰੇ ਨਾਲ ਗੱਲ ਨਹੀਂ ਕਰਦਾ ਕਿਉਂਕਿ ਉਹ ਸੱਚੀਂ ਮੁੱਚੀਂ ਮੇਰੇ ਤੋਂ ਭੈਅ ਖਾਂਦੇ ਹਨ। ਤੁਹਾਨੂੰ ਪਤਾ ਹੈ ਕਿ ਬੀਤੇ ਦੋ ਸਾਲ ਤੋਂ ਕਿਸੇ ਨੇ ਮੈਨੂੰ ਫੋਨਹੀਂ ਕੀਤਾ।

ਸਵਾਲ: ਕੀ ਇਹ ਉਹੀ ਗ੍ਰਹਿ ਮੰਤਰੀ ਹੈ ?

ਜਵਾਬ: ਹਾਂ, ਗ੍ਰਹਿ ਮੰਤਰੀ ਅਮਿਤ ਸ਼ਾਹ. ਇਹ ਹਾਸੋਹੀਣਾ ਲੱਗ ਸਕਦਾ ਹੈ ਪਰ ਮੈਂ ਕਦੇ ਨਹੀਂ ਚਾਹਿਆ ਕਿ ਉਸ ਨਾਲ ਗੱਲ ਕਰਾਂ। ਉਹ ਤਾਂ ਬਸ ਮੈਨੂੰ ਧਮਕੀ ਦੇ ਰਹੇ ਸਨ।

ਮੇਰੇ ਪਤੀ ਡੱਟ ਕੇ ਮੇਰੀ ਹਮਾਇਤ ਕਰਦੇ ਰਹੇ। ਉਹ ਔਖੀ ਘੜੀ ਮੇਰੇ ਨਾਲ ਖੜ੍ਹੇ ਰਹੇ, ਉਨ੍ਹਾਂ ਨੇ ਦਰਖ਼ਾਸਤਾਂ ਤਿਆਰ ਕਰਨ ਵਿਚ ਮੇਰੀ ਮਦਦ ਕੀਤੀ। ਉਹ ਗਾਂਧੀਨਗਰ ਅਧਾਰਤ ਜੰਗਲਾਤ ਅਫ਼ਸਰ ਹਨ।

ਸਵਾਲ: ਹਰ ਕੋਈ ਇਸ ਮੁਕਾਬਲੇ ਦੀ ਚਰਚਾ ਕਰ ਰਿਹਾ ਹੈ... ਸੋਹਰਾਬੂਦੀਨ ਮੁਕਾਬਲੇ ਦੀ ? ਇਹ ਰੌਚਕ ਮਾਮਲਾ ਹੈ।

ਜਵਾਬ: ਉਸਤੋਂ ਜ਼ਿਆਦਾ ਅਹਿਮ ਹੈ, ਉਸਦੀ ਪਤਨੀ ਕੌਸਰ ਬੀ। ਉਹ ਵਾਹਵਾ ਉਮਰ ਦੀ ਔਰਤ ਸੀ, ਮੇਰਾ ਮਤਲਬ ਹੈ ਉਸਦੇ ਦੋ ਬੱਚੇ ਸਨ। ਉਹ 35 ਜਾਂ 40 ਸਾਲ ਦੀ ਹੋਵੇਗੀ। ਉਹ ਪਹਿਲਾਂ ਹੀ ਕਿਸੇ ਹੋਰ ਨੂੰ ਵਿਆਹੀ ਹੋਈ ਸੀ। ਉਹ ਆਪਣੀ ਭੈਣ ਕੋਲ ਇੰਦੌਰ ਗਈ ਹੋਈ ਸੀ, ਉਸਦੀ ਭੈਣ ਬਿਊਟੀ ਸੈਲੂਨ ਚਲਾਉਂਦੀ ਸੀ ਅਤੇ ਜਿੱਥੇ ਉਸਦੀ ਸੋਹਰਾਬੂਦੀਨ ਨਾਲ ਮੁਹੱਬਤ ਹੋ ਗਈ। ਉਨ੍ਹਾਂ ਨੇ ਵਿਆਹ ਕਰ ਲਿਆ, ਉਸਨੇ ਆਪਣੇ ਪਤੀ ਤੋਂ ਤਲਾਕ ਲੈ ਲਿਆ। ਉਹ ਇਕ ਫਿਰੌਤੀਆਂ ਵਸੂਲਣ ਵਾਲਾ ਮੁਜਰਿਮ ਸੀ।




ਭਾਗ ਦਸਵਾਂ

ਸਵਾਲ: ਇਕ ਮੁਜਰਿਮ ਦੇ ਕਾਰਨ ਸਟੇਟ ਵਿਚ ਉੱਥਲ ਪੁੱਥਲ ਮੱਚ ਗਈ ?

ਜਵਾਬ: ਇਹ ਠੀਕ ਹੈ ਉਹ ਮੁਜਰਿਮ ਸੀ ਅਤੇ ਉਹ ਸੋਹਰਾਬੂਦੀਨ ਨੂੰ ਮੁਕਾਬਲੇ ਵਿਚ ਮਾਰਨਾ ਚਾਹੁੰਦੇ ਸਨ ਪਰ ਉਨ੍ਹਾਂ ਨੇ ਇਹ ਬੇਵਕੂਫ਼ੀ ਨਾਲ ਕੀਤੀ। ਉਨ੍ਹਾਂ ਨੇ ਉਸ ਨੂੰ ਭਰੀ ਬਸ ਵਿਚੋਂ ਚੁੱਕ ਲਿਆ। ਇੰਝ ਨਹੀਂ ਕੀਤਾ ਜਾਂਦਾ। ਇਸ ਤਰ੍ਹਾਂ ਦੀਆਂ ਚੀਜ਼ਾਂ ਚੁੱਪਚੁਪੀਤੇ ਕੀਤੀਆਂ ਜਾਂਦੀਆਂ ਹਨ, ਇੰਝ ਸ਼ਰੇਆਮ ਨਹੀਂ। ਇਸ ਕਰਕੇ ਉਹ ਫੜੇ ਗਏ।

ਸਵਾਲ: ਤਾਂ ਫਿਰ ਔਰਤ ਦਾ ਵੀ ਮੁਕਾਬਲਾ ਬਣਾ ਦਿੱਤਾ ਗਿਆ ?

ਜਵਾਬ: ਨਹੀਂ, ਉਸ ਨੇ ਉਸ ਨੂੰ ਛੱਡਣ ਹੋਣ ਤੋਂ ਨਾਂਹ ਕਰ ਦਿੱਤੀ ਕਿਉਂਕਿ ਉਸ ਨੂੰ ਮਹਿਸੂਸ ਹੋ ਗਿਆ ਸੀ ਕਿ ਉਹ ਉਸਦਾ ਮੁਕਾਬਲਾ ਬਣਾਉਣਗੇ। ਜਦੋਂ ਉਨ੍ਹਾਂ ਨੇ ਉਸ ਨੂੰ ਮਾਰ ਦਿੱਤਾ ਉਨ੍ਹਾਂ ਨੂੰ ਮਹਿਸੂਸ ਹੋਇਆ ਕਿ ਕੌਸਰ ਬੀ ਰੌਲਾ ਪਾਏਗੀ। ਇਸ ਕਰਕੇ ਉਨ੍ਹਾਂ ਨੇ ਉਸ ਨੂੰ ਵੀ ਮਾਰ ਦਿੱਤਾ। ਇਸ ਕਰਕੇ ਮੂਲ ਮੁੱਦਾ ਇਹ ਨਹੀਂ ਕਿ ਸੋਹਰਾਬੂਦੀਨ ਦਾ ਮੁਕਾਬਲਾ ਬਣਾਇਆ ਗਿਆ, ਮੁੱਦਾ ਇਹ ਸੀ ਕਿ ਕੌਸਰ ਬੀ ਦੀ ਹਤਿਆ ਕੀਤੀ ਗਈ ਸੀ। ਸੋਹਰਾਬੂਦੀਨ ਵਾਲਾ ਮਾਮਲਾ ਸਹੀ ਲੱਗਦਾ ਸੀ। ਕੌਸਰ ਬੀ ਦੇ ਪਰਿਵਾਰ ਨੂੰ ਭਿਣਕ ਪੈ ਗਈ ਅਤੇ ਉਹ ਸੁਪਰੀਮ ਕੋਰਟ ਵਿਚ ਚਲੇ ਗਏ। ਉਸ ਵਕਤ ਮੈਂ ਸੀ ਆਈ ਡੀ ਕ੍ਰਾਈਮ ਵਿਚ ਸੀ। ਇਸ ਕਰਕੇ ਸੁਪਰੀਮ ਕੋਰਟ ਨੇ ਇਸ ਮਾਮਲੇ ਦੀ ਜਾਂਚ ਸਾਡੇ ਸਪੁਰਦ ਕਰਨ ਦਾ ਫੈਕੀਤਾ। ਮੇਰਾ ਅੰਦਾਜ਼ਾ ਹੈ ਕਿ ਕਿਉਂਕਿ ਇਕ ਔਰਤ ਲਾਪਤਾ ਸੀ ਇੰਝ ਔਰਤ ਹੋਣ ਕਰਕੇ ਮਾਮਲਾ ਮੇਰੇ ਕੋਲ ਆ ਗਿਆ। ਮੈਂ ਉਸਦੀ ਭਾਲ ਵਿਚ ਜੁੱਟ ਗਈ।

ਫਿਰ ਇਹ ਸਿਲਸਿਲਾ ਸ਼ੁਰੂ ਹੋਇਆ। ਫਿਰ ਇਹ ਸਾਬਤ ਹੋ ਗਿਆ ਕਿ ਇਹ ਤਾਂ ਬਹੁਤ ਹੀ ਸਿਆਸੀ ਸੀ। ਕੌਸਰ ਬੀ ਅਤੇ ਸੋਹਰਾਬੂਦੀਨ ਸਭ ਕੁਝ ਵਿਸਰ ਗਿਆ।

ਸਵਾਲ: ਗ੍ਰਹਿ ਮੰਤਰੀ ਇਸ ਵਿਚ ਕਿਉਂ ਸ਼ਾਮਲ ਸੀ ?

ਜਵਾਬ: ਕਿਉਂਕਿ ਉਹ ਕਹਿ ਰਹੇ ਸਨ ਕਿ ਇਸਦਾ ਆਦੇਸ਼ ਗੈਰੋਤੌਰ 'ਤੇ ਦਿੱਤਾ ਗਿਆ ਸੀ, ਉਨ੍ਹਾਂ ਦੀ ਹੱਤਿਆ ਗ਼ੈਰਕਾਨੂੰਨੀ ਤੌਰ 'ਤੇ ਕੀਤੀ ਗਈ ਸੀ। ਸੋਹਰਾਬੂਦੀਨ ਦੀ ਹੱਤਿਆ ਹੋਈ ਸੀ ਅਤੇ ਕੌਸਰ ਬੀ ਦੀ ਹੱਤਿਆ ਹੋਈ ਸੀ ਅਤੇ ਜਦੋਂ ਤੁਸੀਂ ਛਾਣਬੀਣ ਸ਼ੁਰੂ ਕਰਦੇ ਹੋ ਤਾਂ ਸਭ ਕੁਝ ਸਾਹਮਣੇ ਆ ਜਾਂਦਾ ਹੈ। ਇਹ ਲਾਜ਼ਮੀ ਤੌਰ 'ਤੇ ਗ੍ਰਹਿ ਮੰਤਰੀ ਦੇ ਆਦੇਸ਼ 'ਤੇ ਕੀਤਾ ਗਿਆ ਹੋਵੇਗਾ। ਪਰ ਇਸਦਾ ਕੋਈ ਸਿੱਧਾ ਸਬੂਤ ਨਹੀਂ ਸੀ। ਮੈਂ ਤੇਰਾਂ ਪੁਲਿਸ ਅਫ਼ਸਰਾਂ ਨੂੰ ਗ੍ਰਿਫ਼ਤਾਰ ਕੀਤਾ ਸੀ। ਇਸ ਬਾਰੇ ਤੁਸੀਂ ਬਥੇਰਾ ਕੁਝ ਜਾਣਦੇ ਹੋ, ਇਹ ਵਹਿਣ ਦੇ ਉਲਟ ਚੱਲਣ, ਰਾਜ ਦੇ ਖਿਲਾਫ਼ ਕੰਮ ਕਰਨ ਸਮਾਨ ਸੀ, ਇਹ ਸਭ ਤੋਂ ਮੁਸ਼ਕਲ ਵਕਤ ਸੀ।

ਸਵਾਲ: ਆਪਣੇ ਹੀ ਲੋਕਾਂ ਦੇ ਖਿਲਾਫ਼ ਕੰਮ ਕਰਨਾ ?

ਜਵਾਬ: ਹਾਂ।

ਸਵਾਲ: ਪਰ ਤੁਹਾਡੇ ਉਪਰ ਸਰਕਾਰ ਨੇ ਵੀ ਬਹੁਤ ਦਬਾਓ ਪਾਇਆ ਹੋਵੇਗਾ ?

ਸਵਾਲ: ਹਾਂ, ਹਰ ਕਿਸੇ ਨੇ ਪਾਇਆ, ਮੇਰੇ ਆਪਣੇ ਨਾਲ ਦਿਆਂ ਨੇ ਵੀ। ਅਤੇ ਅੰਦਰੂਨੀ ਕਸ਼ਮਕਸ਼ ਵਿਚ ਅੰਤਮ ਨਤੀਜਾ ਇਹ ਸੀ ਕਿ ਭਾਵੇਂ ਮੈਂ ਸੋਹਰਾਬੂਦੀਨ ਦੀ ਹਮਾਇਤੀ ਨਹੀਂ ਸੀ, ਪਰ ਕੋਈ ਤਰੀਕੇ ਵੀ ਤਾਂ ਹੁੰਦੇ ਹਨ, ਤੁਸੀਂ ਇਹ ਕੁਝ ਇਸ ਤਰ੍ਹਾਂ ਨਾਲ ਕਰਨਾ ਹੁੰਦਾ ਹੈ ਕਿ ਕਾਨੂੰਨੀ ਜਾਪਦਾ ਹੋਵੇ, ਘੱਟੋ ਘੱਟ ਕਾਗਜ਼ਾਂ ਵਿਚ ਤਾਂ ਇਹ ਕਾਨੂੰਨੀ ਤੌਰ 'ਤੇ ਸਹੀ ਨਜ਼ਰ ਆਉਣਾ ਚਾਹੀਦਾ ਹੈ।

ਸਵਾਲ: ਫਿਰ ਤੁਹਾਡੇ ਲਈ ਤਾਂ ਇਹ ਬਹੁਤ ਬੁਰਾ ਵਕਤ ਰਿਹਾ ਹੋਵੇਗਾ ?

ਜਵਾਬ: ਹਾਂ, ਘੱਟੋ ਘੱਟ ਸੋਹਰਾਬੂਦੀਨ ਵਾਲੇ ਮਾਮਲੇ ਵਿਚ ਅਫ਼ਸਰਾਂ ਨੂੰ ਗ੍ਰਿਫ਼ਤਾਰ ਕਰਨਾ ਮੈਨੂੰ ਜਚਦਾ ਨਹੀਂ ਸੀ, ਇਹ ਮੇਰੇ ਲਈ ਤਸੱਲੀ ਵਾਲੀ ਗੱਲ ਨਹੀਂ ਸੀ। ਕੌਸਰ ਬੀ ਵਾਲੇ ਮਾਮਲੇ ਵਿਚ ਮੈਂ ਸਹਿਮਤ ਸੀ।

ਸਵਾਲ: ਤਾਂ ਫਿਰ ਗ੍ਰਹਿ ਮੰਤਰੀ ਨੂੰ ਓਦੋਂ ਗ੍ਰਿਫ਼ਤਾਰ ਨਹੀਂ ਕੀਤਾ ਗਿਆ ?

ਜਵਾਬ: ਨਹੀਂ ਮੈਂ ਉਸ ਗ੍ਰਿਫ਼ਤਾਰ ਨਹੀਂ ਕੀਤਾ ਕਿਉਂਕਿ ਜੇ ਤੁਸੀਂ ਆਪਣੇ ਹੀ ਬੰਦਿਆਂ ਨੂੰ ਗ੍ਰਿਫ਼ਤਾਰ ਕਰਨ ਜਾਂਦੇ ਹੋ ਤਾਂ ਇਹ ਨਿਰੋਲ ਸਬੂਤਾਂ ਤਹਿਤ ਕਰਦੇ ਹੋ।

ਸਵਾਲ: ਪਰ ਸੀ ਬੀ ਆਈ ਨੇ ਉਸ ਨੂੰ ਗ੍ਰਿਫ਼ਤਾਰ ਕੀਤਾ ?

**ਜਵਾਬ: ਕਿਉਂਕਿ ਉਹ ਕਹਿ ਰਹੇ ਸਨ ਕਿ ਇਸਦਾ ਆਦੇਸ਼ ਗ਼ੈਰਕਾਨੂੰਨੀ ਤੌਰ 'ਤੇ ਦਿੱਤਾ ਗਿਆ ਸੀ, ਉਨ੍ਹਾਂ ਦੀ ਹੱਤਿਆ ਗ਼ੈਰਕਾਨੂੰਨੀ ਤੌਰ 'ਤੇ ਕੀਤੀ ਗਈ ਸੀ। ਸੋਹਰਾਬੂਦੀਨ ਦੀ ਹੱਤਿਆ ਹੋਈ ਸੀ ਅਤੇ ਕੌਸਰ ਬੀ ਦੀ ਹੱਤਿਆ ਹੋਈ ਸੀ ਅਤੇ ਜਦੋਂ ਤੁਸੀਂ ਛਾਣਬੀਣ ਸ਼ੁਰੂ ਕਰਦੇ ਹੋ ਤਾਂ ਸਭ ਕੁਝ ਸਾਹਮਣੇ ਆ ਜਾਂਦਾ ਹੈ। ਇਹ ਲਾਜ਼ਮੀ ਤੌਰ 'ਤੇ ਗ੍ਰਹਿ ਮੰਤਰੀ ਦੇ ਆਦੇਸ਼ 'ਤੇ ਕੀਤਾ ਗਿਆ ਹੋਵੇਗਾ। ਪਰ ਇਸਦਾ ਕੋਈ ਸਿੱਧਾ ਸਬੂਤ ਨਹੀਂ ਸੀ। ਮੈਂ ਤੇਰਾਂ ਪੁਲਿਸ ਅਫ਼ਸਰਾਂ ਨੂੰ ਗ੍ਰਿਫ਼ਤਾਰ ਕੀਤਾ ਸੀ। ਇਸ ਬਾਰੇ ਤੁਸੀਂ ਬਥੇਰਾ ਕੁਝ ਜਾਣਦੇ ਹੋ, ਇਹ ਵਹਿਣ ਦੇ ਉਲਟ ਚੱਲਣ, ਰਾਜ ਦੇ ਖਿਲਾਫ਼ ਕੰਮ ਕਰਨ ਸਮਾਨ ਸੀ, ਇਹ ਸਭ ਤੋਂ ਮੁਸ਼ਕਲ ਵਕਤ ਸੀ।**



ਜਵਾਬ: ਸੀ ਬੀ ਆਈ ਨੇ ਸਿਰਫ਼ ਉਸ ਨੂੰ ਅਤੇ ਇਕ ਹੋਰ ਅਫ਼ਸਰ ਨੂੰ ਗ੍ਰਿਫ਼ਤਾਰ ਕੀਤਾ। ਤੇਰਾਂ ਜਣਿਆਂ ਨੂੰ ਗ੍ਰਿਫ਼ਤਾਰ ਮੈਂ ਕੀਤਾ ਸੀ। ਉਨ੍ਹਾਂ ਨੇ ਕੋਈ ਹੋਰ ਬੰਦਾ ਗ੍ਰਿਫ਼ਤਾਰ ਨਹੀਂ ਕੀਤਾ ਜਾਂ ਇਸ ਵਿਚ ਕੁਝ ਨਵਾਂ ਨਹੀਂ ਜੋੜਿਆ। ਉਨ੍ਹਾਂ ਨੇ ਗ੍ਰਹਿ ਮੰਤਰੀ ਨੂੰ ਗੈਕਮਜ਼ੋਰ ਸਬੂਤ ਦੇ ਅਧਾਰ 'ਤੇ ਗ੍ਰਿਫ਼ਤਾਰ ਕੀਤਾ ਅਤੇ ਮੈਂ ਇਹ ਨਹੀਂ ਕੀਤਾ।

ਕਈ ਲੋਕ ਜ਼ੋਰ ਦਿੰਦੇ ਹਨ ਕਿ ਜੌਹਰੀ, ਜੋ ਫਰਜ਼ੀ ਮੁਕਾਬਲਿਆਂ ਦੇ ਮਾਮਲਿਆਂ ਵਿਚ ਵਧੀਆ ਕੰਮ ਕਰ ਰਹੀ ਸੀ, ਨੂੰ ਭ੍ਰਿਸ਼ਟਾਚਾਰ ਦੇ ਕੁਝ ਐਸੇ ਮਾਮਲਿਆਂ ਨਾਲ ਬਲੈਕਮੇਲ ਕੀਤਾ ਗਿਆ ਜੋ ਉਸਦੇ ਪਤੀ ਨਾਲ ਸਬੰਧਤ ਸਨ। ਸੀ ਬੀ ਆਈ ਨੂੰ ਪੇਸ਼ ਕੀਤੇ ਇਕ ਨੋਟ ਵਿਚ ਕਿਹਾ ਗਿਆ ਸੀ ਕਿ ਉਸਦਾ ਪਤੀ ਅਨਿਲ, ਜੋ ਆਈ ਐੱਫ਼ ਐੱਸ (ਇੰਡੀਅਨ ਫਾਰੈਸਟ ਸਰਵਿਸ) ਅਫ਼ਸਰ ਸੀ, ਦੀ ਵਜ੍ਹਾ ਨਾਲ ਉਸ ਵੱਲੋਂ ਜਾਂਚ ਦੇ ਅਮਲ ਨੂੰ ਗੰਧਲਾਇਆ ਗਿਆ ਅਤੇ ਉਸ ਮਾਮਲੇ 'ਚ ਅਮਿਤ ਸ਼ਾਹ ਨੂੰ ਬਚਾਇਆ ਗਿਆ। ਪਰ ਇਹ ਗੱਲ ਅਜੇ ਵੀ ਸਮਝ ਤੋਂ ਬਾਹਰ ਹੈ ਕਿ ਆਟੋ ਲੈ ਕੇ ਇਕ ਮਸ਼ਹੂਰ ਗਰੋਹ ਦੇ ਸਰਗਨੇ ਦੇ ਅੱਡੇ 'ਤੇ ਛਾਪਾ ਮਾਰਨ ਵਾਲੀ ਪੁਲਿਸ ਅਫ਼ਸਰ ਨੇ ਇੰਝ ਬਲੈਕਮੇਲ ਹੋ ਕੇ ਗੋਡੇ ਟੇਕ ਦਿੱਤੇ ਹੋਣਗੇ। ਇਹ ਗੱਲ ਕਿ ਅਮਿਤ ਸ਼ਾਹ ਨੂੰ ਬਚਾਉਣ ਲਈ ਬੱਝਵੇਂ ਯਤਨ ਕੀਤੇ ਗਏ ਸਨ ਖ਼ਾਸ ਕਰਕੇ ਗੀਤਾ ਜੌਹਰੀ ਨੂੰ ਲਿਆਉਣ ਤੋਂ ਬਾਅਦ ਸੀ ਬੀ ਆਈ ਨੂੰ ਦਬਾਓ ਬਾਰੇ ਲਿਖਣਾ ਬਹੁਤ ਕੁਝ ਬਿਆਨ ਕਰ ਦਿੰਦਾ ਹੈ। ਇਤਫ਼ਾਕ ਨਾਲ ਅਰੁਣ ਜੇਤਲੀ, ਜੋ ਓਦੋਂ ਰਾਜ ਸਭਾ ਵਿਚ ਵਿਰੋਧੀ ਧਿਰ ਦਾ ਆਗੂ ਸੀ, ਨੇ 27 ਸਤੰਬਰ 2013 ਨੂੰ ਤੱਤਕਾਲੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਇਕ ਲੰਮਾ ਖ਼ਤ ਲਿਖਿਆ। ਇਸ ਖ਼ਤ ਦੇ ਅੰਸ਼ ਖ਼ਾਸ ਕਰਕੇ ਰੌਚਕ ਹਨ:

ਆਪਣੀ ਡਿੱਗ ਰਹੀ ਸ਼ਾਖ ਨੂੰ ਲੈ ਕੇ ਕਾਂਗਰਸ ਦੀ ਯੁੱਧਨੀਤੀ ਸਪਸ਼ਟ ਹੈ। ਕਾਂਗਰਸ ਸਿਆਸੀ ਤੌਰ 'ਤੇ ਭਾਜਪਾ ਅਤੇ ਨਰਿੰਦਰ ਮੋਦੀ ਨਾਲ ਟੱਕਰ ਨਹੀਂ ਲੈ ਸਕਦੀ। ਹਾਰ ਇਨ੍ਹਾਂ ਨੂੰ ਘੂਰ ਰਹੀ ਹੈ। ਜਾਂਚ ਏਜੰਸੀਆਂ ਦਾ ਗਲਤ ਇਸਤੇਮਾਲ ਕਰਦੇ ਹੋਏ ਇਨ੍ਹਾਂ ਵੱਲੋਂ ਹੁਣ ਤੱਕ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ, ਤੱਤਕਾਲੀ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਜੋ ਕਿ ਗੁਜਰਾਤ ਦੇ ਕਾਨੂੰਨ ਮੰਤਰੀ, ਟਰਾਂਸਪੋਰਟ ਅਤੇ ਪਾਰਲੀਮੈਂਟਰੀ ਮਾਮਲਿਆਂ ਦੇ ਮੰਤਰੀ ਅਤੇ ਭਾਜਪਾ ਦੇ ਜਨਰਲ ਸਕੱਤਰ ਵੀ ਹਨ, ਅਤੇ ਭਾਜਪਾ ਦੇ ਹੋਰ ਆਗੂਆਂ ਨੂੰ ਫਰਜ਼ੀ ਮਾਮਲਿਆਂ ਵਿਚ ਫਸਾਉਣ ਲਈ ਤਰ੍ਹਾਂ ਤਰ੍ਹਾਂ ਦੇ ਤਰੀਕੇ ਅਖਤਿਆਰ ਕੀਤੇ ਗਏ ਹਨ।

ਅਰੁਣ ਜੇਤਲੀ ਦਾ ਇਹ ਖ਼ਤ ਡੀ ਜੀ ਵਨਜਾਰਾ ਵੱਲੋਂ ਲਿਖੇ ਖ਼ਤ ਤੋਂ ਮਹਿਜ਼ ਦੋ ਹਫ਼ਤੇ ਬਾਅਦ ਛਪਿਆ ਸੀ ਜੋ ਸੋਹਰਾਬੂਦੀਨ ਅਤੇ ਤੁਲਸੀ ਪ੍ਰਜਾਪਤੀ ਫਰਜ਼ੀ ਮੁਕਾਬਲੇ ਦੇ ਮਾਮਲਿਆਂ ਅਤੇ ਬਾਅਦ ਵਿਚ ਇਸ਼ਰਤ ਜਹਾਂ ਫਰਜ਼ੀ ਮੁਕਾਬਲੇ ਦੇ ਮਾਮਲਿਆਂ ਨੂੰ ਲੈ ਕੇ 7 ਸਾਲ ਲਈ ਜੇਲ੍ਹ ਵਿਚ ਬੰਦ ਸੀ ਜਿਸ ਵਿਚ ਅਮਿਤ ਸ਼ਾਹ ਉਪਰ ਧੋਖਾ ਦੇਣ ਦਾ ਇਲਜ਼ਾਮ ਲਗਾਇਆ ਗਿਆ ਸੀ। ਉਸ ਨੇ ਲਿਖਿਆ ਕਿ ਸ਼ਾਹ ਨੇ ਇਹ ਯਕੀਨੀ ਬਣਾਇਆ ਕਿ ਮਾਮਲੇ ਵਿਚ ਗ੍ਰਿਫ਼ਤਾਰ ਸਾਰੇ ਆਹਲਾ ਪੁਲਿਸ ਅਧਿਕਾਰੀ ਜੇਲ੍ਹ ਵਿਚ ਸੜਦੇ ਰਹਿਣ ਜਦਕਿ ਜੁਡੀਸ਼ਰੀ ਨੂੰ ਚਲਾਕੀ ਨਾਲ ਪ੍ਰਭਾਵਿਤ ਕਰਕੇ ਉਸਨੇ ਆਪਣਾ ਬਚਾ ਕਰ ਲਿਆ। ਆਪਣੇ ਖ਼ਤ ਵਿਚ ਵਨਜਾਰਾ ਨੇ ਗਿਰੀਸ਼ ਸਿੰਘਲ ਵਰਗੇ ਅਫ਼ਸਰਾਂ ਦੀਆਂ ਭਾਵਨਾਵਾਂ ਦਾ ਨਿਚੋੜ ਪੇਸ਼ ਕੀਤਾ ਸੀ ਜਿਨ੍ਹਾਂ ਨੇ ਮੋਦੀ-ਸ਼ਾਹ ਜੋੜੀ ਉਪਰ ਅਫ਼ਸਰਾਂ ਨੂੰ ਇਸਤੇਮਾਲ ਕਰਨ ਤੇ ਫਿਰ ਵਗਾਹ ਮਾਰਨ ਦੀ ਨੀਤੀ 'ਤੇ ਚੱਲਣ ਦਾ ਇਲਜ਼ਾਮ ਲਾਇਆ ਸੀ। ਉਸਨੇ ਲਿਖਿਆ,

ਵਕਤ ਗੁਜ਼ਰਨ ਨਾਲ ਮੈਨੂੰ ਮਹਿਸੂਸ ਹੋਇਆ ਕਿ ਇਸ ਸਰਕਾਰ ਦੀ ਸਾਨੂੰ ਬਚਾਉਣ ਵਿਚ ਕੋਈ ਦਿਲਚਸਪੀ ਹੀ ਨਹੀਂ ਸੀ। ਸਿਰਫ਼ ਇਹ ਹੀ ਨਹੀਂ ਸਗੋਂ ਇਹ ਤਾਂ ਮੈਨੂੰ ਅਤੇ ਮੇਰੇ ਅਫ਼ਸਰਾਂ ਨੂੰ ਜੇਲ੍ਹ ਵਿਚ ਡੱਕੀ ਰੱਖਣ ਲਈ ਅੰਦਰਖਾਨੇ ਪੂਰੀ ਵਾਹ ਲਾ ਰਹੀ ਸੀ ਤਾਂ ਜੋ ਇੱਕ ਪਾਸੇ ਇਹ ਸੀ ਬੀ ਆਈ ਤੋਂ ਆਪਣੀ ਖੱਲ ਬਚਾ ਸਕੇ ਅਤੇ ਦੂਜੇ ਪਾਸੇ ਸਿਆਸੀ ਲਾਹਾ ਲੈ ਸਕੇ। ਇਹ ਹਰ ਕੋਈ ਜਾਣਦਾ ਹੈ ਕਿ ਇਹ ਸਰਕਾਰ ਗੁਜਰਾਤ ਵਿਚ ਮੁਕਾਬਲਿਆਂ ਦੇ ਮਾਮਲਿਆਂ ਨੂੰ ਮਘਦੇ ਰੱਖ ਕੇ ਬਹੁਤ ਹੀ ਭਰਪੂਰ ਸਿਆਸੀ ਲਾਹਾ ਲੈ ਰਹੀ ਹੈ, ਜਦਕਿ ਜੇਲ੍ਹਾਂ ਵਿਚ ਡੱਕੇ ਪੁਲਿਸ ਅਫ਼ਸਰਾਂ ਪ੍ਰਤੀ ਇਹ ਬਹੁਤ ਹੀ ਘੱਟ ਚਰਚਾ ਕਰਦੀ ਹੈ ਅਤੇ ਬੇਪ੍ਰਵਾਹ ਹੈ।

ਹਿੰਦੁਸਤਾਨ ਦੀ ਮਾਣਯਗੋ ਸਪਰੀਮ ਕੋਰਟ ਨੂੰ ਪੂਰਾ ਸਤਿਕਾਰ ਦਿੰਦਾ ਹੋਇਆ, ਮੈਂ ਗੰਭੀਰਤਾ ਨਾਲ ਵਿਸ਼ਵਾਸ ਰੱਖਦਾ ਹਾਂ ਅਤੇ ਬਿਆਨ ਕਰਦਾ ਹਾਂ ਕਿ ਸ੍ਰੀ ਅਮਿਤਭਾਈ ਸ਼ਾਹ ਦੀਆਂ ਕਾਨੂੰਨੀ ਅਤੇ ਸਿਆਸੀ ਗੋਂਦਾਂ, ਸਾਜ਼ਿਸ਼ਾਂ ਅਤੇ ਚਾਲਾਂ ਤੋਂ ਬਿਨਾਂ ਸੋਹਰਾਬੂਦੀਨ ਦੇ ਮੁਕਾਬਲੇ ਦਾ ਮਾਮਲਾ, ਇਸੇ ਤਰ੍ਹਾਂ ਤੁਲਸੀਰਾਮ ਪ੍ਰਜਾਪਤੀ ਦਾ ਮਾਮਲਾ ਗੁਜਰਾਤ ਸੂਬੇ ਤੋਂ ਬਾਹਰ ਨਹੀਂ ਜਾ ਸਕਦਾ ਸੀ। ਮੈਂ ਬਹੁਤ ਹੀ ਸਪਸ਼ਟ ਸ਼ਬਦਾਂ ਵਿਚ ਇਹ ਕਹਾਂਗਾ ਕਿ ਸ੍ਰੀ ਅਮਿਤਭਾਈ ਸ਼ਾਹ ਦੇ ਘਟੀਆ ਦਾਅਪੇਚਾਂ ਦੁਆਰਾ ਇਹ ਸਰਕਾਰ ਬਦਕਿਸਮਤੀ ਨਾਲ ਸਿਰਫ਼ ਆਪਣੇ ਹੀ ਹਿੱਤ ਨੂੰ ਬਚਾਉਣ ਲਈ ਕੰਮ ਕਰ ਰਹੀ ਹੈ ਤਾਂ ਜੋ ਇਹ ਖ਼ੁਦ ਚਾਰ ਚੁਫੇਰੇ ਤਾਰੀਆਂ ਲਾ ਸਕੇ ਅਤੇ ਖੁਸ਼ਹਾਲ ਹੋ ਸਕੇ, ਜਦਕਿ ਅਫ਼ਸਰਾਂ ਨੂੰ ਇਹ ਡੁੱਬਣ ਅਤੇ ਡੁੱਬਕੇ ਅਣਆਈ

ਮੌਤ ਮਰਨ ਦੀ ਇਜਾਜ਼ਤ ਦੇ ਕੇ ਜ਼ਲੀਲ ਕਰ ਰਹੀ ਹੈ। ਮੈਂ ਲੰਮੇ ਅਰਸੇ ਤੋਂ ਸਿਰਫ਼ ਤੇ ਸਿਰਫ਼ ਗੁਜਰਾਤ ਦੇ ਮਾਣਯੋਗ ਮੁੱਖ ਮੰਤਰੀ ਸ੍ਰੀ ਨਰਿੰਦਰ ਭਾਈ ਮੋਦੀ ਵਿਚ ਆਪਣੇ ਸ਼੍ਰੋਮਣੀ ਯਕੀਨ ਅਤੇ ਉਨ੍ਹਾਂ ਪ੍ਰਤੀ ਬਹੁਤ ਜ਼ਿਆਦਾ ਸਤਿਕਾਰ ਕਰਕੇ ਖਾਮੋਸ਼ ਰਿਹਾ ਹਾਂ ਜਿਨ੍ਹਾਂ ਨੂੰ ਮੈਂ ਰੱਬ ਵਾਂਗ ਪੂਜਦਾ ਸੀ। ਪਰ ਮੈਨੂੰ ਇਹ ਬਹੁਤ ਹੀ ਅਫ਼ਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਸ੍ਰੀ ਅਮਿਤਭਾਈ ਸ਼ਾਹ ਦੇ ਦੁਸ਼ਟ ਪ੍ਰਭਾਵ ਹੇਠ ਹੋਣ ਕਰਕੇ ਮੇਰਾ ਰੱਬ ਵੀ ਉਮੀਦਾਂ 'ਤੇ ਖ਼ਰਾ ਨਹੀਂ ਉਤਰਿਆ ਜਿਸਨੇ ਉਸਦੀਆਂ ਅੱਖਾਂ ਅਤੇ ਕੰਮ ਖੋਹ ਲਏ ਅਤੇ ਪਿਛਲੇ ਬਾਰਾਂ ਸਾਲ ਤੋਂ ਲੇਲਿਆਂ ਨੂੰ ਕੁੱਤੇ ਅਤੇ ਕੁੱਤਿਆਂ ਨੂੰ ਲੇਲੇ ਬਣਾਨਕੇ ਕਾਮਯਾਬੀ ਨਾਲ ਗੁੰਮਰਾਹ ਕਰਦਾ ਆ ਰਿਹਾ ਹੈ। ਸੂਬਾਈ ਪ੍ਰਸ਼ਾਸਨ ਉਪਰ ਉਸਦੀ ਨਾਪਾਕ ਜਕੜ ਐਨੀ ਜ਼ਬਰਦਸਤ ਹੈ ਕਿ ਉਹ ਗੁਜਰਾਤ ਸਰਕਾਰ ਨੂੰ ਤਕਰੀਬਨ ਆਪਣੇ ਮੋਹਰੇ ਦੀ ਤਰ੍ਹਾਂ ਚਲਾ ਰਿਹਾ ਹੈ।

ਇਹ ਖ਼ਤ ਸੁਰਖ਼ੀਆਂ ਵਿਚ ਛਾਇਆ ਰਿਹਾ ਕਿਉਂਕਿ ਇਹ ਉਹੀ ਬੰਦਾ ਸੀ ਜੋ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਦੋਹਾਂ ਦੇ ਬਹੁਤ ਨੇੜੇ ਸੀ ਅਤੇ ਹੁਣ ਉਨ੍ਹਾਂ ਉਪਰ ਸਾਜਿਸ਼ਾਂ ਦਾ ਇਲਜ਼ਾਮ ਲਾ ਰਿਹਾ ਸੀ। ਇਸ ਤੋਂ ਉਮੀਦ ਬੱਝਦੀ ਸੀ ਕਿ ਆਉਣ ਵਾਲੇ ਦਿਨਾਂ ਵਿਚ ਹੋਰ ਕਈ ਕੁਝ ਸਾਹਮਣੇ ਆ ਸਕਦਾ ਹੈ। ਥੋੜ੍ਹੇ ਦਿਨਾਂ ਵਿਚ ਹੀ ਇਕ ਹੋਰ ਭਗੌੜਾ ਆਹਲਾ ਪੁਲਿਸ ਅਫ਼ਸਰ ਸਾਬਕਾ ਡੀ ਜੀ ਪੀ ਪੀ ਪਾਂਡੇ, ਜੋ ਇਸ਼ਰਤ ਜਹਾਂ ਮਾਮਲੇ ਵਿਚ ਦੋਸ਼ੀ ਸੀ, ਅੱਗੇ ਆਇਆ ਅਤੇ ਉਸਨੇ ਵੀ ਵਾਅਦਾ ਕੀਤਾ ਕਿ ਇਸ ਮਾਮਲੇ ਬਾਰੇ ਮੀਡੀਆ ਵਿਚ ਇਸੇ ਤਰ੍ਹਾਂ ਆਪਣੀ ਗੱਲ ਰੱਖੇਗਾ।

ਭਾਜਪਾ ਦੇ ਦਿੱਲੀ ਅੰਦਰ ਕੇਂਦਰ ਦੀ ਸੱਤਾ ਉਪਰ ਸੱਤਾਧਾਰੀ ਹੋਣ ਦੇ ਥੋੜ੍ਹੇ ਮਹੀਨਿਆਂ ਦੇ ਅੰਦਰ ਹੀ ਡੀ ਜੀ ਵਨਜਾਰਾ ਨੂੰ ਜ਼ਮਾਨਤ ਦੇ ਦਿੱਤੀ ਗਈ ਅਤੇ ਗੁਜਰਾਤ ਵਿਚ ਉਸਦਾ ਨਾਇਕਾਂ ਵਾਲਾ ਸਵਾਗਤ ਕੀਤਾ ਗਿਆ। ਰਾਜਕੁਮਾਰ ਪਾਂਡਿਅਨ ਅਤੇ ਅਭੈ ਚੁੜਾਸਮਾ ਵਰਗੇ ਹੋਰ ਅਫ਼ਸਰ, ਜੋ ਸੋਹਰਾਬੁਦੀਨ ਮਾਮਲੇ ਵਿਚ ਦੋ ਮੁੱਖ ਦੋਸ਼ੀਆਂ ਵਜੋਂ ਗ੍ਰਿਫ਼ਤਾਰ ਕੀਤੇ ਗਏ ਸਨ, ਹੁਣ ਜ਼ਮਾਨਤ 'ਤੇ ਬਾਹਰ ਆ ਚੁੱਕੇ ਹਨ ਅਤੇ ਉਨ੍ਹਾਂ ਨੂੰ ਗੁਜਰਾਤ ਸਰਕਾਰ ਵਿਚ ਮੁੜ ਬਹਾਲ ਕਰ ਦਿੱਤਾ ਗਿਆ ਹੈ। ਇੱਕ ਸਾਲ ਪਹਿਲਾਂ ਸੀ ਬੀ ਆਈ ਨੇ ਗੀਤਾ ਜੌਹਰੀ ਵਿਰੁੱਧ ਸਾਰੇ ਇਲਜ਼ਾਮ ਵਾਪਸ ਲੈ ਲਏ ਜਿਸ ਨੂੰ ਗੁਜਰਾਤ ਪੁਲਿਸ ਦੀ ਡੀ ਜੀ ਬਣਾ ਕੇ ਤਰੱਕੀ ਦਿੱਤੀ ਗਈ। ਗੁਜਰਾਤ ਵਿਚ ਸਾਰੇ ਮਾਮਲਿਆਂ ਵਿਚ ਨਿਆਂ ਦੇ ਪਹੀਆਂ ਨੇ ਸਪਸ਼ਟ ਤੌਰ 'ਤੇ ਪੁੱਠੇ ਘੁੰਮਣਾ ਸ਼ੁਰੂ ਕਰ ਦਿੱਤਾ ਹੈ।


ਹਰੇਨ ਪਾਂਡਿਆ

**ਹਿੰਦੁਸਤਾਨ ਦੀ ਮਾਣਯੋਗ ਸੁਪਰੀਮ ਕੋਰਟ ਨੂੰ ਪੂਰਾ ਸਤਿਕਾਰ ਦਿੰਦਾ ਹੋਇਆ, ਮੈਂ ਗੰਭੀਰਤਾ ਨਾਲ ਵਿਸ਼ਵਾਸ ਰੱਖਦਾ ਹਾਂ ਅਤੇ ਬਿਆਨ ਕਰਦਾ ਹਾਂ ਕਿ ਸ੍ਰੀ ਅਮਿਤਭਾਈ ਸ਼ਾਹ ਦੀਆਂ ਕਾਨੂੰਨੀ ਅਤੇ ਸਿਆਸੀ ਗੋਂਦਾਂ, ਸਾਜ਼ਿਸ਼ਾਂ ਅਤੇ ਚਾਲਾਂ ਤੋਂ ਬਿਨਾਂ ਸੋਹਰਾਬੁਦੀਨ ਦੇ ਮੁਕਾਬਲੇ ਦਾ ਮਾਮਲਾ, ਇਸੇ ਤਰ੍ਹਾਂ ਤੁਲਸੀਰਾਮ ਪ੍ਰਜਾਪਤੀ ਦਾ ਮਾਮਲਾ ਗੁਜਰਾਤ ਸੂਬੇ ਤੋਂ ਬਾਹਰ ਨਹੀਂ ਜਾ ਸਕਦਾ ਸੀ। ਮੈਂ ਬਹੁਤ ਹੀ ਸਪਸ਼ਟ ਸ਼ਬਦਾਂ ਵਿਚ ਇਹ ਕਹਾਂਗਾ ਕਿ ਸ੍ਰੀ ਅਮਿਤਭਾਈ ਸ਼ਾਹ ਦੇ ਘਟੀਆ ਦਾਅਪੇਚਾਂ ਦੁਆਰਾ ਇਹ ਸਰਕਾਰ ਬਦਕਿਸਮਤੀ ਨਾਲ ਸਿਰਫ਼ ਆਪਣੇ ਹੀ ਹਿੱਤ ਨੂੰ ਬਚਾਉਣ ਲਈ ਕੰਮ ਕਰ ਰਹੀ ਹੈ ਤਾਂ ਜੋ ਇਹ ਖ਼ੁਦ ਚਾਰ ਚੁਫੇਰੇ ਤਾਰੀਆਂ ਲਾ ਸਕੇ ਅਤੇ ਖੁਸ਼ਹਾਲ ਹੋ ਸਕੇ, ਜਦਕਿ ਅਫ਼ਸਰਾਂ ਨੂੰ ਇਹ ਡੁੱਬਣ ਅਤੇ ਡੁੱਬਕੇ ਅਣਆਈ ਮੌਤ ਮਰਨ ਦੀ ਇਜਾਜ਼ਤ ਦੇ ਕੇ ਜ਼ਲੀਲ ਕਰ ਰਹੀ ਹੈ। ਮੈਂ ਲੰਮੇ ਅਰਸੇ ਤੋਂ ਸਿਰਫ਼ ਤੇ ਸਿਰਫ਼ ਗੁਜਰਾਤ ਦੇ ਮਾਣਯੋਗ ਮੁੱਖ ਮੰਤਰੀ ਸ੍ਰੀ ਨਰਿੰਦਰ ਭਾਈ ਮੋਦੀ ਵਿਚ ਆਪਣੇ ਸ਼੍ਰੋਮਣੀ ਯਕੀਨ ਅਤੇ ਉਨ੍ਹਾਂ ਪ੍ਰਤੀ ਬਹੁਤ ਜ਼ਿਆਦਾ ਸਤਿਕਾਰ ਕਰਕੇ ਖਾਮੋਸ਼ ਰਿਹਾ ਹਾਂ ਜਿਨ੍ਹਾਂ ਨੂੰ ਮੈਂ ਰੱਬ ਵਾਂਗ ਪੂਜਦਾ ਸੀ। ਪਰ ਮੈਨੂੰ ਇਹ ਬਹੁਤ ਹੀ ਅਫ਼ਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਸ੍ਰੀ ਅਮਿਤਭਾਈ ਸ਼ਾਹ ਦੇ ਦੁਸ਼ਟ ਪ੍ਰਭਾਵ ਹੇਠ ਹੋਣ ਕਰਕੇ ਮੇਰਾ ਰੱਬ ਵੀ ਉਮੀਦਾਂ 'ਤੇ ਖ਼ਰਾ ਨਹੀਂ ਉਤਰਿਆ ਜਿਸਨੇ ਉਸਦੀਆਂ ਅੱਖਾਂ ਅਤੇ ਕੰਮ ਖੋਹ ਲਏ ਅਤੇ ਪਿਛਲੇ ਬਾਰਾਂ ਸਾਲ ਤੋਂ ਲੇਲਿਆਂ ਨੂੰ ਕੁੱਤੇ ਅਤੇ ਕੁੱਤਿਆਂ ਨੂੰ ਲੇਲੇ ਬਣਾਨਕੇ ਕਾਮਯਾਬੀ ਨਾਲ ਗੁੰਮਰਾਹ ਕਰਦਾ ਆ ਰਿਹਾ ਹੈ। ਸੂਬਾਈ ਪ੍ਰਸ਼ਾਸਨ ਉਪਰ ਉਸਦੀ ਨਾਪਾਕ ਜਕੜ ਐਨੀ ਜ਼ਬਰਦਸਤ ਹੈ ਕਿ ਉਹ ਗੁਜਰਾਤ ਸਰਕਾਰ ਨੂੰ ਤਕਰੀਬਨ ਆਪਣੇ ਮੋਹਰੇ ਦੀ ਤਰ੍ਹਾਂ ਚਲਾ ਰਿਹਾ ਹੈ।**

## ਮੁਲਕ ਵਿਚ ਸਭ ਤੋਂ ਵੱਡਾ ਸਿਆਸੀ ਕਤਲ ਗੁਜਰਾਤ ਵਿਚ ਹੋਇਆ ਸੀ.. .ਮੋਦੀ ਦੇ ਮਹਾਂ ਸ਼ਰੀਕ ਹਰੇਨ ਪਾਂਡਿਆ ਦਾ ਕਤਲ-ਦਇਆ ਨਾਇਕ

ਮੁੰਬਈ ਤੋਂ ਤਹਿਲਕਾ ਲਈ ਰਿਪੋਰਟਿੰਗ ਕਰਦਿਆਂ 2008 'ਚ ਮੈਂ ਕਈ ਮੌਕਿਆਂ ਉਪਰ ਮੁੰਬਈ ਦੇ ਮੁਕਾਬਲੇ ਬਣਾਉਣ ਲਈ ਮਸ਼ਹੂਰ ਪੁਲਿਸ ਅਧਿਕਾਰੀ (Encounter Cop) ਦਇਆ ਨਾਇਕ ਨੂੰ ਮਿਲ ਚੁੱਕੀ ਸੀ। ਦਇਆ ਇਕ ਢੁਕਵਾਂ ਪਾਤਰ ਹੈ ਅਤੇ ਪਿਛਲੀ ਵਾਰ ਜਦੋਂ ਮੈਂ ਉਸ ਨੂੰ ਟੋਹਿਆ ਤਾਂ ਉਹ ਮੇਰੇ ਨਾਲ ਗੱਲ ਕਰਨ ਦਾ ਚਾਹਵਾਨ ਨਹੀਂ ਸੀ ਕਿਉਂਕਿ ਮੈਂ ਗੁਜਰਾਤ ਦੇ ਸਦੀਕ ਜਮਾਲ ਫਰਜ਼ੀ ਮੁਕਾਬਲੇ ਦੇ ਮਾਮਲੇ ਵਿਚ ਉਸਦੀ ਕਥਿਤ ਸ਼ਮੂਲੀਅਤ ਦਾ ਜ਼ਿਕਰ ਕਰ ਦਿਤਾ ਸੀ। ਸੀ ਬੀ ਆਈ ਨੇ ਉਸਤੋਂ ਅਤੇ ਪ੍ਰਦੀਪ ਸ਼ਰਮਾ ਦੋਹਾਂ ਤੋਂ ਵਿਆਪਕ ਤੌਰ 'ਤੇ ਪੁੱਛਗਿੱਛ ਕੀਤੀ ਸੀ, ਦੋਹਾਂ ਨੂੰ ਮੁਅੱਤਲ ਕਰ ਦਿੱਤਾ ਗਿਆ ਸੀ। ਇਕ ਦੌਰ ਸੀ ਜਦੋਂ ਦਇਆ ਨਾਇਕ ਅਤੇ ਪ੍ਰਦੀਪ ਸ਼ਰਮਾ ਦੋਵੇਂ ਮੁੰਬਈ ਵਿਚ ਬਹੁਤ ਹੀ ਮਸ਼ਹੂਰ ਪੁਲਿਸ ਅਫ਼ਸਰ ਸਨ। ਫਿਲਮਸਾਜ਼ ਰਾਮ ਗੋਪਾਲ ਵਰਮਾ ਨੇ ਇਨ੍ਹਾਂ ਦੋਹਾਂ ਬਾਰੇ ਅਬ ਤਕ ਛਪਨ ਨਾਂ ਦੀ ਫਿਲਮ ਵੀ ਬਣਾਈ ਸੀ। ਉਨ੍ਹਾਂ ਦੇ ਬਹੁਤ ਗੁਣ ਗਾਏ ਜਾਂਦੇ ਸਨ, ਅਤੇ ਉਹ ਓਦੋਂ ਤੱਕ ਸਮਾਜ ਦੀਆਂ ਸ਼ੁਭ ਕਾਮਨਾਵਾਂ ਦੇ ਪਾਤਰ ਬਣੇ ਰਹੇ ਜਦੋਂ ਤੱਕ ਆਖ਼ਿਰਕਾਰ ਉਹ ਕਾਨੂੰਨ ਦੀ ਉਲੰਘਣਾ ਵਿਚ ਫੜੇ ਨਹੀਂ ਗਏ।

ਦਇਆ ਦੇ ਮੀਡੀਆ ਵਿਚ ਬਹੁਤ ਸਾਰੇ ਮਿੱਤਰ ਸਨ ਜਾਂ ਸਗੋਂ ਉਹ ਮੀਡੀਆ ਦਾ ਬਹੁਤ ਹੀ ਮਾਹਰ ਸੀ। ਉਸਦਾ ਲੋਖੰਡਵਾਲਾ ਮਾਰਕੀਟ ਦੇ ਕੋਸਤਾ ਕੈਫੇ ਜਾਂ ਕੈਫੇ ਕੌਫੀ ਡੇਅ ਉਪਰ ਆਮ ਆਉਣ ਜਾਣ ਸੀ ਜਿੱਥੇ ਜਿਮ ਵਾਲੇ ਉਸਦੇ ਮਿੱਤਰ ਉਸਨੂੰ ਆ ਕੇ ਦੁਆ- ਸਲਾਮ ਕਹਿੰਦੇ। **ਨਾਇਕ ਆਪਣੇ ਰਿਵਾਲਵਰ ਦਾ ਦਿਖਾਵਾ ਕਰਨ ਦਾ ਬਹੁਤ ਸ਼ੌਕੀਨ ਸੀ ਜੋ ਉਹ ਹਮੇਸ਼ਾ ਆਪਣੀ ਪੈਂਟ ਦੀ ਪੇਟੀ ਵਿਚ ਅੜੁੰਗਕੇ ਰੱਖਦਾ। ਸਾਲ 2008 ਵਿਚ ਉਸ ਨਾਲ ਇਕ ਮਿਲਣੀ ਦੌਰਾਨ ਜਦੋਂ ਮੈਂ ਅਤੇ ਮੇਰਾ ਸਹਿ ਕਰਮੀ ਮਹਾਰਾਸ਼ਟਰ ਦੇ ਕਾਲੇ ਕਾਨੂੰਨ ਮਕੋਕਾ (Maharashtra Control of Organised Crime Act, 1999) ਦੇ ਗ਼ਲਤ ਇਸਤੇਮਾਲ ਉਪਰ ਲੜੀਵਾਰ ਕਹਾਣੀਆਂ ਕਲਮਬੰਦ ਕਰ ਰਹੇ ਸੀ, ਓਦੋਂ ਨਾਇਕ ਨੇ ਜੋ ਕਿਹਾ ਉਹ ਮੈਨੂੰ ਅੱਜ ਵੀ ਚੇਤੇ ਹੈ। ਉਸਦਾ ਕਹਿਣਾ ਸੀ, ਮੁਲਕ ਵਿਚ ਸਭ ਤੋਂ ਵੱਡਾ ਸਿਆਸੀ ਕਤਲ ਗੁਜਰਾਤ ਵਿਚ ਹੋਇਆ ਸੀ, ਇਹ ਮੋਦੀ ਦੇ ਮਹਾਂ ਸ਼ਰੀਕ ਹਰੇਨ ਪਾਂਡਿਆ ਦਾ ਕਤਲ ਸੀ। ਮੈਂ ਉਸ ਨੂੰ ਪੁੱਛਿਆ ਉਸ ਕੋਲ ਕੀ ਸਬੂਤ ਹੈ। ਉਸਨੇ ਕਿਹਾ, 'ਤੁਸੀਂ ਪੱਤਰਕਾਰ ਹੋ, ਛਾਣਬੀਣ ਕਰਨਾ ਤੁਹਾਡਾ ਫਰਜ਼ ਹੈ। ਅਸੀਂ ਗੱਲਬਾਤ ਉਥੇ ਹੀ ਬੰਦ ਕਰ ਦਿੱਤੀ ਸੀ।**


ਦਇਆ ਨਾਇਕ

ਘਰ ਵਾਪਸ ਆ ਕੇ ਮੈਂ ਹਰੇਨ ਪਾਂਡਿਆ ਕਤਲ ਬਾਰੇ ਹਰ ਸੰਭਵ ਕਹਾਣੀ ਪੜ੍ਹਨ ਦੇ ਯਤਨ ਕੀਤੇ ਸਨ। ਪਾਂਡਿਆ ਨੂੰ ਇਕ ਕਥਿਤ ਮੁਸਲਿਮ ਬੰਦੇ ਵੱਲੋਂ ਕਤਲ ਕੀਤੇ ਜਾਣ ਦੇ ਵੇਲੇ ਤੋਂ ਹੀ ਸ਼ੱਦਾ ਅੰਸ਼ ਚਲਿਆ ਆ ਰਿਹਾ ਸੀ। ਪਰ ਪਾਂਡਿਆ ਦੇ ਪਿਤਾ ਵਿਠਲ ਪਾਂਡਿਆ ਆਖ਼ਰੀ ਦਮ ਤੱਕ ਇਹੀ ਕਹਿੰਦੇ ਰਹੇ ਕਿ ਉਸਦਾ ਕਤਲ ਉਸਦੇ ਗੁਜਰਾਤ ਵਿਚਲੇ ਸਿਆਸੀ ਸ਼ਰੀਕਾਂ ਵੱਲੋਂ ਕੀਤਾ ਗਿਆ ਸੀ। ਉਸਦੀ ਪਤਨੀ ਜਾਗਰੂਤੀ ਪਾਂਡਿਆ ਜਿਸਨੇ ਗੁਜਰਾਤ ਵਿਚ ਚੋਣ ਲੜੀ ਸੀ, ਨੇ ਵੀ ਕਿਹਾ ਸੀ ਕਿ ਮੁੱਖ ਮੰਤਰੀ ਅਤੇ ਅਮਿਤ ਸ਼ਾਹ ਦਾ ਪਾਂਡਿਆ ਦੇ ਕਤਲ ਵਿਚ ਹੱਥ ਸੀ। ਪਰ ਉਸਦੇ ਦਾਅਵੇ ਨੂੰ ਉਸ ਦੁੱਖ ਦੇ ਇਜ਼ਹਾਰ ਦੇ ਤੌਰ 'ਤੇ ਲਿਆ ਗਿਆ ਸੀ ਜੋ ਗ਼ਮਗੀਨ ਪਰਿਵਾਰ ਦੇ ਮੈਂਬਰ ਮਹਿਸੂਸ ਕਰ ਰਹੇ ਸਨ।

ਇਸ ਬਾਰੇ ਇਕ ਕਹਾਣੀ ਮੇਰੇ ਚੇਤਿਆਂ ਵਿਚ ਸਾਫ਼ ਵਸੀ ਹੋਈ ਹੈ ਜੋ ਇਤਫ਼ਾਕ ਨਾਲ ਸੀਨੀਅਰ ਪੱਤਰਕਾਰ ਸੰਕਰਸ਼ਨ ਠਾਕੁਰ ਵੱਲੋਂ ਲਿਖੀ ਗਈ ਖੋਜੀ ਰਿਪੋਰਟ ਸੀ। ਇਥੇ ਮੈਂ ਸੰਖੇਪ ਵਿਚ ਸੰਕਰਸ਼ਨ ਦੇ ਸ਼ਾਨਦਾਰ ਬਿਓਰੇ ਦੇ ਕਈ ਨਤੀਜੇ ਦੇ ਰਹੀ ਹਾਂ।

ਇਕੋਇਕ ਚਸ਼ਮਦੀਦ ਗਵਾਹ ਯਾਦਰਾਮ ਕਹਿੰਦਾ ਹੈ ਕਿ ਉਸਨੇ ਜੋ ਦੇਖਿਆ ਉਸ ਨਾਲ ਉਹ ਐਨਾ ਡੌਰਭੌਰ ਹੋ ਗਿਆ ਕਿ ਘੰਟਾ ਭਰ ਉੱਥੋਂ ਹਿੱਲ ਹੀ ਨਹੀਂ ਸਕਿਆ, ਜਦੋਂ ਉਹ ਉਥੋਂ ਜਾਂਦਾ ਵੀ ਹੈ ਤਾਂ ਪੁਲਿਸ ਦੀ ਬਜਾਏ ਆਪਣੇ ਸੇਠ, ਸਨੇਹਲ ਆਦਿਨਵਾਲਾ ਨਾਂ ਦੇ ਸਥਾਨਕ ਕਾਰੋਬਾਰੀ, ਨੂੰ ਇਸਦੀ ਇਤਲਾਹ ਦਿੰਦਾ ਹੈ। ਆਦਿਨਵਾਲਾ ਵੀ ਪੁਲਿਸ ਨੂੰ ਇਤਲਾਹ ਨਹੀਂ ਦਿੰਦਾ, ਹਾਲਾਂਕਿ ਉਹ ਜਾਣਦਾ ਹੈ ਕਿ ਲਾਅ ਗਾਰਡਨਜ਼ ਦੀ ਪਾਰਕਿੰਗ ਵਿਚ ਮਾਰੂਤੀ 800 ਅੰਦਰ ਮ੍ਰਿਤਕ ਪਿਆ ਬੰਦਾ ਹਰੇਨ ਪਾਂਡਿਆ ਹੈ; ਉਹ ਪਾਂਡਿਆ ਦੇ ਸਹਾਇਕ ਪ੍ਰਕਾਸ਼ ਸ਼ਾਹ ਨੂੰ ਫ਼ੋਨ ਕਰਦਾ ਹੈ, ਅਤੇ ਇਸਦੀ ਥਾਂ ਉਸਨੂੰ ਇਤਲਾਹ ਦਿੰਦਾ ਹੈ। ਸ਼ਾਹ ਵੀ ਪੁਲਿਸ ਨੂੰ ਫ਼ੋਨ ਨਹੀਂ ਕਰਦਾ। ਉਹ ਪਾਂਡਿਆ ਦੇ ਸਕੱਤਰ ਨੀਲੇਸ਼ ਭੱਟ ਨੂੰ ਫੋਨ ਕਰਦਾ ਹੈ, ਜੋ ਪਾਂਡਿਆ ਦੇ ਘਰ ਮੌਜੂਦ ਹੈ, ਪਹਿਲਾਂ ਹੀ ਇਸ ਨੂੰ ਲੈ ਕੇ ਫ਼ਿਕਰਮੰਦ ਕਿ ਉਸਦੇ ਬੌਸ ਨੇ ਘਰ ਮੁੜਨ ਵਿਚ ਦੇਰੀ ਕਿਉਂ ਕਰ ਦਿੱਤੀ ਹੈ। ਓਦੋਂ ਭੱਟ ਫਟਾਫਟ ਲਾਅ ਗਾਰਡਨਜ਼ ਪਹੁੰਚਦਾ ਹੈ, ਕਾਰ ਦੀ ਭਾਲ ਕਰਦਾ ਹੈ ਅਤੇ ਕਾਰ ਖੋਲ੍ਹਣ 'ਤੇ ਉਸਨੂੰ ਪਤਾ ਚੱਲਦਾ ਹੈ ਕਿ ਉਸਦੇ ਬੌਸ ਨੂੰ ਵਾਰ ਵਾਰ ਗੋਲੀਆਂ ਮਾਰੀਆਂ ਗਈਆਂ ਸਨ। 10 ਵਜੇ ਤੋਂ ਥੋੜ੍ਹਾ ਉਪਰ ਦਾ ਵਕਤ ਹੈ। ਗੁਜਰਾਤ ਦੇ ਸਾਬਕਾ ਗ੍ਰਹਿ ਰਾਜ ਮੰਤਰੀ ਨੂੰ ਸ਼ਹਿਰ ਦੇ ਕੇਂਦਰ ਵਿਚ ਆਪਣੀ ਕਾਰ ਵਿਚ ਮਰੇ ਪਏ ਨੂੰ ਦੋ ਘੰਟੇ ਤੋਂ ਉਪਰ ਵਕਤ ਹੋ ਗਿਆ ਹੈ।

ਇਸ ਦੌਰਾਨ, ਐਲਿਸਬਰਿਜ ਪੁਲਿਸ ਨੂੰ ਕੰਟਰੋਲ ਰੂਮ ਤੋਂ ਇਕ ਹੋਰ ਫ਼ੋਨ ਆਉਂਦਾ ਹੈ ਜਾ ਕੇ ਦੇਖੋ ਲਾਅ ਗਾਰਡਨਜ਼ ਵਿਖੇ ਕੀ ਹੋ ਰਿਹਾ ਹੈ, ਉਥੇ ਕੁਝ ਗੜਬੜ ਹੈ, ਕੁਝ ਅਫ਼ਵਾਹਾਂ ਫੈਲੀਆਂ ਹੋਈਆਂ ਹਨ। ਹੁਣ ਇਕ ਹੋਰ ਐਸ ਆਈ ਵਾਈ ਏ ਸੇਚੱਲ ਪੈਂਦਾ ਹੈ। ਲਾਅ ਗਾਰਡਨਜ਼ ਨਹੀਂ ਪਰੀਮਲ ਗਾਰਡਨਜ਼ ਜਾਓ, ਉਹ ਰਸਤਾ ਬਦਲ ਲੈਂਦਾ ਹੈ। 10.50 'ਤੇ ਇਕ ਹੋਰ ਫ਼ੋਨ ਆਉਂਦਾ ਹੈ ਇਸ ਵਾਰ ਉਸ ਨੂੰ ਲਾਅ ਗਾਰਡਨਜ਼ ਜਾਣ ਲਈ ਕਿਹਾ ਜਾਂਦਾ ਹੈ। ਉਹ 10.54 'ਤੇ ਉੱਥੇ ਪਹੁੰਚਦਾ ਹੈ, ਪਾਂਡਿਆ ਨੂੰ ਗੋਲੀ ਮਾਰੇ ਜਾਣ ਤੋਂ ਲਗਭਗ ਤਿੰਨ ਘੰਟੇ ਬਾਦ। ਜ਼ਰਾ ਅੰਦਾਜ਼ਾ ਲਗਾਓ ਹੋਰ ਕੀ ਹੁੰਦਾ ਹੈ? ਸ਼ੇਖ ਦਾ ਸਹਿਕਰਮੀ, ਐਸ ਆਈ ਨਾਇਕ, ਜੋ ਉਸ ਤੋਂ ਪਹਿਲਾਂ ਲਾਅ ਗਾਰਡਨਜ਼ ਲਈ ਚੱਲਿਆ ਸੀ, ਉਹ ਅਜੇ ਤੱਕ ਉੱਥੇ ਨਹੀਂ ਪਹੁੰਚਿਆ। ਉਸ ਸਵੇਰ ਸਥਾਨਕ ਪੁਲਿਸ ਨੂੰ ਹੁਕਮ ਕੌਮ ਦੇ ਰਿਹਾ ਸੀ? ਉਸ ਜਗ੍ਹਾ ਪਹੁੰਚਣ ਲਈ ਐਨੀ ਦੇਰੀ ਕਿਉਂ ਜਿੱਥੇ ਜਾਣ ਲਈ 10 ਮਿੰਟ ਤੋਂ ਵੱਧ ਨਹੀਂ ਲੱਗਦੇ?

ਉਸੇ ਦੁਪਹਿਰ ਵੀ ਐਸ ਹਸਪਤਾਲ ਵਿਖੇ ਪੋਸਟ ਮਾਰਟਮ ਹੋ ਜਾਂਦਾ ਹੈ, ਜਿਸ ਤੋਂ ਪਤਾ ਚਲਦਾ ਹੈ ਕਿ ਪਾਂਡਿਆ ਦੇ ਗੋਲੀਆਂ ਨਾਲ 7 ਜ਼ਖਮ ਹੋਏ ਸਨ। ਪੰਜ ਗੋਲੀਆਂ ਲੱਗ ਕੇ। ਪੰਜ ਜ਼ਖਮਾਂ ਦਾ ਵਿਆਸ 0.8 ਸੈਂਟੀਮੀਟਰ ਸੀ, ਜਦਕਿ ਦੋ ਦਾ 0.5 ਸੈਂਟੀਮੀਟਰ ਸੀ। ਉਸੇ ਬਾਰੂਦੀ ਹਥਿਆਰ ਲਈ ਬਾਹਰੀ ਪਰਤ ਦੀ ਕੱਸ ਅਤੇ ਰੋਕ ਦਾ ਕਾਰਨ ਵੱਖੋ ਵੱਖਰੇ ਅਕਾਰ ਦੇ ਜ਼ਖ਼ਮ ਕਰਨਾ ਵਿਗਿਆਨਕ ਤੌਰ 'ਤੇ ਸੰਭਵ ਹੈ। ਪੰਜ ਗੋਲੀਆਂ ਨਾਲ 7 ਜ਼ਖ਼ਮ ਹੋਣਾ ਵੀ ਸੰਭਵ ਹੈ ਕਿਉਂਕਿ ਗੋਲੀਆਂ ਜਿਸਮ ਦੇ ਅੰਗਾਂ ਵਿਚੋਂ ਦੀ ਪਾਰ ਨਿਕਲ ਸਕਦੀਆਂ ਹਨ। ਪਰ ਇਸ ਮਾਮਲੇ ਦੀ ਜਾਂਚ ਕਰਨ ਵਾਲੇ ਆਜ਼ਾਦ ਮਾਹਰਾਂ ਦਾ ਕਹਿਣਾ ਹੈ ਕਿ ਇਸ ਮਾਮਲੇ ਵਿਚ ਐਸੀ ਸੰਭਾਵਨਾ ਉੱਕਾ ਹੀ ਨਹੀਂ ਹੈ। ਦੂਜੇ ਸ਼ਬਦਾਂ ਵਿਚ, ਦੋ ਗੋਲੀਆਂ ਦਾ ਕੋਈ ਥਹੁ ਪਤਾ ਹੀ ਨਹੀਂ ਚਲਿਆ।

ਪੋਸਟ ਮਾਰਟਮ ਰਿਪੋਰਟ ਵਿਚ ਜਿਸ ਗੋਲੀ ਨਾਲ ਪੰਜ ਨੰਬਰ ਜ਼ਖਮ ਹੋਇਆ ਦਸਿਆ ਗਿਆ ਉਹ ਪਾਂਡਿਆ ਦੇ ਪਤਾਲੂਆਂ ਦੇ ਹੇਠਲੇ ਹਿੱਸੇ ਵਿਚ ਮਾਰੀ ਗਈ ਸੀ ਅਤੇ ਇਹ ਉਸਦੇ ਪੇਟ ਨੂੰ ਚੀਰ ਕੇ ਉਸਦੀ ਛਾਤੀ ਵਿਚ ਜਾ ਪਹੁੰਚੀ ਸੀ। ਕੀ ਕਾਰ ਵਿਚ ਬੈਠੇ ਇਕ ਬੰਦੇ ਅਤੇ ਉਹ ਵੀ ਮਾਰੂਤੀ 800 ਵਰਗੀ ਛੋਟੀ ਗੱਡੀ ਵਿਚ ਬੈਠੇ 6 ਫੁੱਟ ਤੋਂ ਵੱਧ ਲੰਮੇ ਭਾਰੇ ਜੁੱਸੇ ਵਾਲੇ ਬੰਦੇ ਦੇ ਪਤਾਲੂਆਂ ਵਿਚ ਇੰਝ ਗਲੀਆਂ ਮਾਰਨਾ ਸੰਭਵ ਹੈ? ਜਿਸ ਕਿਸੇ ਦੇ ਵੀ ਇੰਝ ਪਤਾਲੂਆਂ ਵਿਚ ਗੋਲੀ ਲਗਦੀ ਹੈ, ਜਿਵੇਂ ਪਾਂਡਿਆ ਦੇ ਲੱਗੀ ਹੋਈ ਸੀ, ਉਸਦੇ ਬਹੁਤ ਜ਼ਿਆਦਾ ਖ਼ੂਨ ਵਗਦਾ ਹੈ, ਪਤਾਲੂ ਲਹੂ ਦੀਆਂ ਨਾੜੀਆਂ ਦੇ ਗੁੰਝਲਦਾਰ ਜਾਲ ਦੇ ਬਣੇ ਹੁੰਦੇ ਹਨ ਜੋ ਜਿਸਮ ਦੇ ਤਾਪਮਾਨ ਨੂੰ ਕੰਟਰੋਲ ਕਰਦਾ ਹੈ। ਕੀ ਪਾਂਡਿਆ ਦੇ ਲਹੂ ਵਗਿਆ? ਹਾਂ ਕੀ ਕਾਰ ਵਿਚ ਇਸ ਦੇ ਨਿਸ਼ਾਨ ਹਨ? ਨਹੀਂ। ਪਾਂਡਿਆ ਦੇ ਪਤਾਲੂਆਂ ਵਿਚ, ਗਰਦਨ ਵਿਚ, ਦੋ ਗੋਲੀਆਂ ਉਸਦੀ ਛਾਤੀ ਵਿਚ, ਇਕ ਉਸਦੀ ਬਾਂਹ ਵਿਚ ਮਾਰੀਆਂ ਗਈਆਂ ਸਨ। ਕਾਰ ਤਾਂ ਲਹੂ ਨਾਲ ਰੰਗੀ ਜਾਣੀ ਚਾਹੀਦੀ ਸੀ, ਜਾਂ ਘੱਟੋ ਘੱਟ ਉਸਦੀ ਸੀਟ ਤਾਂ ਲਹੂ ਨਾਲ ਭਿੱਜੀ ਹੋਣੀ ਚਾਹੀਦੀ ਸੀ। ਇਸਦੇ ਬਾਵਜੂਦ ਫਾਰੈਂਸਿਕ ਰਿਪੋਰਟ ਨੂੰ ਗੱਡੀ ਵਿਚ ਲਹੂ ਦਾ ਕੋਈ ਨਿਸ਼ਾਨ ਨਹੀਂ ਮਿਲਦਾ, ਇਕ ਅਗਲੀ ਸਵਾਰੀ ਸੀਟ ਦੇ ਸਪੰਜ ਉਪਰ ਅਤੇ ਇਕ ਚਾਬੀਆਂ ਦੇ ਛੱਲੇ ਉਪਰਲੇ ਨਿਸ਼ਾਨ ਨੂੰ ਛੱਡ ਕੇ (ਸੈਂਟਰਲ ਫਾਰੈਂਸਿਕ ਸਾਈਂਸਿਜ਼ ਲੈਬੋਰੇਟਰੀ ਰਿਪੋਰਟ ਨੰ. ਸੀ ਐਫ ਐਸ ਐਲ/2003/ ਐਫ-0232)।

ਫੌਰੈਂਸਿਕ ਰਿਪੋਰਟਾਂ ਵਿਚ ਪਾਂਡਿਆ ਦੀ ਕਾਰ ਅੰਦਰ ਗੋਲੀਆਂ ਚੱਲਣ ਦੀ ਰਹਿੰਦ ਖੂੰਹਦ ਬਾਰੇ ਕੁਝ ਵੀ ਦਰਜ ਨਹੀਂ (ਮੋਬਾਈਲ ਫਾਰੈਂਸਿਕ ਸਾਇੰਸ ਲੈਬੋਰੇਟਰੀ, ਗੁਜਰਾਤ ਰਾਜ ਦੀ ਰਿਪੋਰਟ)। ਇਹ ਜ਼ਾਹਿਰ ਸੀ, ਪੰਜ ਗੋਲੀਆਂ, ਜੇ ਜ਼ਿਆਦਾ ਨਹੀਂ, ਉਸਦੇ ਮਾਰੀਆਂ ਗਈਆਂ ਸਨ ਜਦੋਂ ਉਹ ਆਪਣੀ ਕਾਰ ਵਿਚ ਬੈਠਾ ਸੀ। ਫਿਰ ਵੀ ਗੋਲੀਆਂ ਦੀ ਕੋਈ ਰਹਿੰਦ ਖੂੰਹਦ ਨਹੀਂ?

ਕੀ ਫਿਰ ਹਰੇਨ ਪਾਂਡਿਆ ਨੂੰ ਉਸਦੀ ਕਾਰ ਵਿਚ ਮਾਰਿਆ ਗਿਆ ਸੀ? ਜਾਂ ਕਤਲ ਕਿਤੇ ਹੋਰ ਹੋਇਆ ਅਤੇ ਉਸਦੀ ਲਾਸ਼ ਕਾਰ ਦੇ ਅੰਦਰ ਬਾਅਦ ਵਿਚ ਟਿਕਾ ਦਿੱਤੀ ਗਈ? ਉਸ ਸਵੇਰ ਘਰੋਂ ਜਾਣ ਤੋਂ ਬਾਅਦ ਪਾਂਡਿਆ ਕਿਥੇ ਗਿਆ ਸੀ? ਐਸੇ ਸੁਰਾਗ ਸਨ ਜੋ ਇਸਦਾ ਪਤਾ ਲਾਉਣ ਵਿਚ ਸਹਾਇਤਾ ਕਰ ਸਕਦੇ ਸਨ। ਪਰ ਉਹ ਜਾਂ ਤਾਂ ਖ਼ਤਮ ਕਰ ਦਿੱਤੇ ਗਏ ਜਾਂ ਮਿਲ ਨਹੀਂ ਰਹੇ।

ਜਦੋਂ ਲਾਅ ਗਾਰਡਨਜ਼ ਵਿਖੇ ਪਾਂਡਿਆ ਦੀ ਲਾਸ਼ ਕਾਰ ਵਿਚੋਂ ਕੱਢੀ ਗਈ ਸੀ, ਉਸਦੇ ਬੂਟ ਪਹਿਨੇ ਹੋਏ ਸਨ, ਜਦੋਂ ਉਸ ਨੂੰ ਪੋਸਟ ਮਾਰਟਮ ਲਈ ਲਿਜਾਇਆ ਗਿਆ, ਬੂਟ ਗਾਇਬ ਸਨ, ਇਹ ਰਿਕਾਰਡ ਵਿਚ ਕਿਤੇ ਦਰਜ ਨਹੀਂ ਹੈ। ਬੂਟਾਂ ਤੋਂ ਅਹਿਮ ਸੁਰਾਗ ਮਿਲ ਸਕਦਾ ਸੀ ਕਿ ਉਸ ਸਵੇਰ ਪਾਂਡਿਆ ਕਿਥੇ ਗਿਆ ਸੀ। ਕਾਰ ਵਿਚੋਂ ਪੁਲਿਸ ਨੇ ਪਾਂਡਿਆ ਦਾ ਸਲੇਟੀ ਰੰਗਾ, ਸੈਮਸੁੰਗ ਦਾ ਫਲਿਪ ਫਲਾਪ ਸੈੱਲ ਫ਼ੋਨ ਬਰਾਮਦ ਕੀਤਾ ਸੀ। ਪੁਲਿਸ ਨੇ ਜਾਂ ਤਾਂ ਪਾਂਡਿਆ ਦੇ ਉਸ ਦਿਨ ਦੇ ਫ਼ੋਨ ਕਾਲਾਂ ਦੇ ਰਿਕਾਰਡ ਦੀ ਛਾਣਬੀਣ ਕਰਨ ਵੱਲ ਧਿਆਨ ਹੀ ਨਹੀਂ ਦਿੱਤਾ ਜਾਂ ਫਿਰ ਇਸ ਨੂੰ ਛੁਪਾ ਰਹੀ ਹੈ। ਇਹ ਕਾਲਾਂ ਦੱਸ ਸਕਦੀਆਂ ਸਨ ਕਿ ਉਸ ਦਿਨ ਪਾਂਡਿਆ ਨੇ ਕਿਸ ਨੂੰ ਅਤੇ ਕਿਸ ਨੇ ਪਾਂਡਿਆ ਨੂੰ ਫ਼ੋਨ ਕੀਤੇ; ਇਹ ਫ਼ੋਨ ਕਾਲਾਂ ਸਚਾਈ ਤੱਕ ਪਹੁੰਚਣ ਦੀ ਅਹਿਮ ਕੜੀ ਹੋ ਸਕਦੀਆਂ ਸਨ। ਪਰ ਇਨ੍ਹਾਂ ਦਾ ਰਿਕਾਰਡ ਨਹੀਂ ਹੈ। ਜਦੋਂ ਪਾਂਡਿਆ ਦੀ ਮੋਬਾਈਲ ਸਰਵਿਸ ਪ੍ਰੋਵਾਈਡਰ ਕੰਪਨੀ ਹੱਚ ਤੋਂ ਰਿਕਾਰਡ ਦੀ ਮੰਗ ਕੀਤੀ ਗਈ, ਇਸਨੇ ਜਨਵਰੀ ਅਤੇ ਫਰਵਰੀ 2003 ਦੀ ਸੂਚੀ ਤਾਂ ਮੁਹੱਈਆ ਕਰਵਾ ਦਿੱਤੀ। ਮਾਰਚ 2003 ਦੇ ਰਿਕਾਰਡ ਲਈ ਇਸ ਨੇ ਅਜੀਬ ਦਲੀਲ ਦਿੱਤੀ: ਉਹ ਬਹੁਤ ਪੁਰਾਣੀਆਂ ਹਨ, ਇਹ ਹੱਚ ਦੀ ਦਲੀਲ ਸੀ। ਪਰ ਨਿਸ਼ਚੇ ਹੀ ਜਨਵਰੀ ਅਤੇ ਫਰਵਰੀ ਮਹੀਨੇ ਮਾਰਚ ਤੋਂ ਪਹਿਲਾਂ ਆਉਂਦੇ ਹਨ।

ਕੀ ਇਸ ਮਾਮਲੇ ਦੇ ਇਕ ਮੁਲਜ਼ਿਮ, ਮੁਫ਼ਤੀ ਸੂਫ਼ੀਆਂ ਦੀ ਅਜੀਬੋ ਗਰੀਬ ਦਾਸਤਾਂ ਉਸ ਖ਼ਾਕੇ ਦਾ ਹਿੱਸਾ ਹੋ ਸਕਦੀ ਸੀ? ਸੂਫ਼ੀਆਂ ਇਕ ਨੌਜਵਾਨ ਮੌਲਵੀ ਹੈ ਜਿਸਦੀ ਅਹਿਮਦਾਬਾਦ ਦੀ ਲਾਲ ਮਸਜਿਦ ਵਿਖੇ ਭੜਕਾਊ ਤਕਰੀਰਾਂ ਕਰਕੇ ਛੇਤੀ ਮਸ਼ਹੂਰੀ ਹੋ ਗਈ ਸੀ। ਇਹ ਮਸ਼ਹੂਰ ਹੈ ਕਿ ਸਾਲ 2002 ਦੀ ਹਿੰਸਾ ਤੋਂ ਬਾਅਦ ਉਹ ਜ਼ਿਆਦਾ ਕੱਟੜ ਹੋ ਗਿਆ ਸੀ, ਆਪਣੇ ਨਮਾਜ਼ ਤੋਂ ਪਿੱਛੋਂ ਦੇ ਪ੍ਰਵਚਨਾਂ ਵਿਚ ਉਹ ਜਵਾਬੀ ਫਿਰਕਾਪ੍ਰਸਤੀ ਨੂੰ ਹਵਾ ਦਿੰਦਾ ਰਹਿੰਦਾ ਸੀ। ਇਹ ਵੀ ਮਸ਼ਹੂਰ ਹੈ ਕਿ ਉਸਦੇ ਅਹਿਮਦਾਬਾਦ ਦੇ ਅੰਡਰ ਵਰਲਡ ਨਾਲ ਸੰਪਰਕ ਸਨ ਜੋ ਨਜਾਇਜ਼ ਧੰਦੇ ਦੇ ਸਿਰ 'ਤੇ ਜਿਊਂਦਾ ਹੈ। ਸੂਫ਼ੀਆਂ ਉਪਰ ਇਲਜ਼ਾਮ ਹੈ ਕਿ ਉਸਨੇ ਪਾਂਡਿਆ ਨੂੰ ਕਤਲ ਕਰਨ ਲਈ ਅਸਗਰ ਅਲੀ ਨਾਲ ਸੌਦਾ ਕਰਵਾਉਣ ਵਿਚ ਭੂਮਿਕਾ ਨਿਭਾਈ। ਕਤਲ ਦੇ ਇਕ ਹਫ਼ਤੇ ਦੇ ਅੰਦਰ ਹੀ, ਜਦੋਂ ਜ਼ਾਹਰਾ ਤੌਰ 'ਤੇ ਉਸ ਉਪਰ ਨਜ਼ਰ ਰੱਖੀ ਜਾ ਰਹੀ ਸੀ ਸੂਫ਼ੀਆਂ ਮੁਲਕ 'ਚੋਂ ਪੱਤਰਾ ਵਾਚ ਗਿਆ। ਕਿਥੇ ਗਿਆ? ਕੋਈ ਨਹੀਂ ਜਾਣਦਾ। ਬੰਗਲਾਦੇਸ਼, ਪਾਕਿਸਤਾਨ, ਅਫ਼ਗਾਨਿਸਤਾਨ, ਯਮਨ, ਕਿਸੇ ਨੂੰ ਕੋਈ ਇਲਮ ਨਹੀਂ। ਸੀ ਬੀ ਆਈ ਨੇ ਆਪਣੀ ਵੈੱਬਸਾਈਟ ਉਪਰ ਸੂਫ਼ੀਆਂ ਨੂੰ 'ਬਦਮਾਸ਼' ਦੀ ਗੈਲਰੀ ਵਿਚ ਸ਼ਾਮਲ ਕਰ ਲਿਆ ਅਤੇ ਇੰਟਰਪੋਲ ਵੱਲੋਂ ਉਸਦੀ ਭਾਲ ਵਿਚ ਰੈੱਡ ਕਾਰਨਰ ਨੋਟਿਸ ਜਾਰੀ ਕਰ ਦਿੱਤਾ ਗਿਆ। ਕਾਗਜ਼ਾਂ ਵਿਚ, ਉਹ ਭਗੌੜਾ ਮੁਜਰਿਮ ਸੀ ਜਿਸ ਉਪਰ ਪਾਂਡਿਆ ਦੇ ਕਤਲ ਦੀ ਸਾਜ਼ਿਸ਼ ਦਾ ਇਲਜ਼ਾਮ ਸੀ। ਇਸ ਦੇ ਬਾਵਜੂਦ, ਸੂਫ਼ੀਆਂ ਦੇ ਰਹੱਸਮਈ ਢੰਗ ਨਾਲ ਲਾਪਤਾ ਹੋਣ ਤੋਂ ਸਾਲ ਕੁ ਬਾਅਦ, ਉਸਦੀ ਪਤਨੀ ਅਤੇ ਬੱਚੇ ਵੀ ਇਸੇ ਤਰਹਾਂ ਚਕਮਾ ਦੇ ਗਏ। ਉਨ੍ਹਾਂ ਉਪਰ ਕਰੜੀ ਨਜ਼ਰ ਰੱਖੀ ਜਾ ਰਹੀ ਸੀ, ਉਹ ਸੂਫ਼ੀਆਂ ਦੇ ਥਹੁ ਟਿਕਾਣੇ ਬਾਰੇ ਸਾਡੇ ਕੋਲ ਆਖ਼ਰੀ ਸੁਰਾਗ ਸਨ, ਇਕ ਸੀਨੀਅਰ ਪੁਲਿਸ ਅਧਿਕਾਰੀ ਕਹਿੰਦਾ ਹੈ, ਅਤੇ ਇਸਦੇ ਬਾਵਜੂਦ ਉਹ ਬਚ ਕੇ ਨਿਕਲ ਗਏ। ਇਹ ਕਿਵੇਂ ਸੰਭਵ ਸੀ? ਕੀ ਕਿਸੇ ਨੇ ਬਚ ਕੇ ਨਿਕਲ ਜਾਣ ਵਿਚ ਉਨ੍ਹਾਂ ਦੀ ਮਦਦ ਕੀਤੀ? ਕੀ ਸੂਫ਼ੀਆਂ ਕੋਲ ਐਸੇ ਭੇਤ ਸਨ ਜੋ ਪ੍ਰੇਸ਼ਾਨੀ ਦਾ ਕਾਰਨ ਬਣ ਸਕਦੇ ਸਨ? ਕੀ ਕੋਈ ਸੌਦਾ ਹੋਇਆ ਸੀ?

ਪਹਿਲੀ ਦਫ਼ਾ ਮੈਂ ਜਾਗਰੂਤੀ ਪਾਂਡਿਆ ਨੂੰ ਸਾਲ 2010 'ਚ ਮਿਲੀ, ਆਪਣਾ ਸਟਿੰਗ ਸ਼ੁਰੂ ਕਰਨ ਤੋਂ ਥੋੜ੍ਹਾ ਪਹਿਲਾਂ। ਮੈਂ ਅਜੇ ਸੋਹਰਾਬੁਦੀਨ ਮੁਕਾਬਲੇ ਦੀ ਛਾਣਬੀਣ ਕਰ ਰਹੀ ਸੀ। ਮੈਂ ਟੀ ਵੀ ਉਪਰ ਉਸਦਾ ਇਕ ਜੋਸ਼ੀਲੀ ਔਰਤ ਦਾ ਜਲਾਲ ਹੀ ਦੇਖਿਆ ਸੀ ਜੋ ਆਪਣੇ ਪਤੀ ਦੀ ਮੌਤ ਤੋਂ ਬਾਅਦ ਸਾਫ਼ ਸੁਥਰੀ ਜਾਂਚ ਦੀ ਮੰਗ ਕਰ ਰਹੀ ਸੀ। ਉਹ ਅਹਿਮਦਾਬਾਦ ਦੇ ਇਕ ਮੁਹੱਲੇ ਵਿਚ ਆਪਣੇ ਦੋ ਪੁੱਤਰਾਂ ਅਤੇ ਆਪਣੇ ਬਾਪ ਨਾਲ ਰਹਿ ਰਹੀ ਸੀ। ਜਾਗਰੁਤੀਬੇਨ ਜਾਂ ਜਾਗਰੁਤੀਜੀ ਜਿਵੇਂ ਮੈਂ ਬਾਅਦ ਵਿਚ ਉਸਨੂੰ ਕਹਿਣਾ ਸ਼ੁਰੂ ਕਰ ਦਿਆਂਗੀ, ਬਾਰੇ ਕੁਝ ਐਸਾ ਸੀ ਜੋ ਬਹੁਤ ਹੀ ਬਹਾਦਰੀ ਵਾਲਾ ਕੰਮ ਸੀ। ਅੱਜ ਮੈਂ ਉਸਨੂੰ ਪਿਆਰੀ ਸਹੇਲੀ ਕਹਿ ਸਕਦੀ ਹਾਂ ਜਿਸਦੇ ਆਪਣੇ ਪਤੀ ਦੇ ਕਾਤਲਾਂ ਦੀ ਤਲਾਸ਼ ਲਈ ਸੰਘਰਸ਼ ਨੂੰ ਸਲਾਮ ਕਰਨਾ ਬਣਦਾ ਹੈ। ਗੁਜਰਾਤ ਦੇ ਬਹੁਤ ਸਾਰੇ ਪੁਲਿਸ ਅਫ਼ਸਰਾਂ ਦਾ ਚਹੇਤਾ ਹੋਣ ਤੋਂ ਬਿਨਾ, ਹਰੇਕ ਪਾਂਡਿਆ ਆਰ ਐਸ ਐਸ ਅਤੇ ਐਲ ਕੇ ਅਡਵਾਨੀ ਅਤੇ ਭਾਜਪਾ ਦੇ ਹੋਰ ਕਈ ਆਗੂਆਂ ਦਾ ਵੀ ਚਹੇਤਾ ਸੀ। ਹਾਲਾਂਕਿ ਗੁਜਰਾਤ ਦੇ ਫ਼ਸਾਦਾਂ ਵਿਚ ਉਸਦੀ ਭੂਮਿਕਾ ਕਥਿਤ ਤੌਰ 'ਤੇ ਵਿਵਾਦਪੂਰਨ ਹੈ, ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਮੁਸਲਿਮ ਭਾਈਚਾਰੇ ਵਿਚੋਂ ਕਈ ਉਸ ਨੂੰ ਪਸੰਦ ਕਰਦੇ ਸਨ।

(ਬਾਕੀ ਅਗਲੇ ਅੰਕ)

# Classified

## ਯੋਗ ਲੜਕੀਆਂ ਦੀ ਜ਼ਰੂਰਤ

ਜੱਟ, ਗੁਰਸਿੱਖ ਅੰਮ੍ਰਿਤਧਾਰੀ, 22 ਅਤੇ 24 ਸਾਲ, ਅਮੀਕਨ ਗਰੀਨ ਕਾਰਡ ਹੋਲਡਰ ਲੜਕਿਆਂ ਲਈ ਯੋਗ ਲੜਕੀਆਂ ਦੀ ਜ਼ਰੂਰਤ ਹੈ। ਕ੍ਰਿਪਾ ਕਰਕੇ ਉਹ ਹੀ ਸੰਪਰਕ ਕਰਨ ਜੋ ਲੜਕਿਆਂ ਦੀਆਂ 2 (ਟਵਿੰਨਸ) ਭੈਣਾਂ, M. Sc. (IT ਦੀ ਪੜ੍ਹਾਈ ਜਾਰੀ) ਲਈ ਯੂ.ਐਸ.ਏ. ਜਾਂ ਕੈਨੇਡਾ ਰਿਸ਼ਤਾ ਕਰਵਾ ਸਕਣ। ਮਾਤਾ-ਪਿਤਾ ਅਮਰੀਕਨ ਗਰੀਨ ਕਾਰਡ ਹੋਲਡਰ, ਨਾਨਕੇ ਯੂ.ਐਸ.ਏ. ਵੈੱਲ ਸੈਟੱਲਡ। ਕਾਲ ਫਰੋ (209) 295-7374, (559) 907-2808, 94649-56631, 94784-46831

## ਅਕਾਲੀ ਦਲ ਅਤੇ ਉਸ ਦੇ ਬੌਧਿਕ ਹਮਾਇਤੀਆਂ ਦਾ ਭਵਿੱਖ

ਅਕਾਲੀ ਦਲ ਨੂੰ ਸਿੱਖ ਇਤਿਹਾਸ, ਪਰੰਪਰਾਵਾਂ ਅਤੇ ਖਾਲਸਾਈ ਰਵਾਇਤਾਂ ਤੋ ਦੂਰ ਧੱਕਦੇ ਰਹੇ। ਜਦੋਂ ਅਕਾਲੀ ਦਲ ਨੂੰ ਰੋਕਣ ਦੀ ਲੋੜ ਸੀ ਇਹ ਨੀਤੀਘਾੜੇ ਉਸ ਨੂੰ ਬੌਧਿਕ ਅਤੇ ਵਿਚਾਰਧਾਰਕ ਸਹਾਇਤਾ ਦੇ ਕੇ ਉਸਦੀ ਪੰਥ ਨਾਲੋਂ ਤਰੇੜ ਨੂੰ ਮਜਬੂਤ ਕਰਦੇ ਰਹੇ। ਜਿਸਦਾ ਸਿੱਟਾ ਅੱਜ ਇਹ ਨਿਕਲਿਆ ਕਿ ਨਾ ਸਿੱਖਾਂ ਕੋਲ ਕੋਈ ਆਪਣੀ ਸਿਆਣੀ ਅਤੇ ਸੁਹਿਰਦ ਸਿਆਸੀ ਧਿਰ ਰਹੀ ਹੈ, ਨਾ ਖਾਲਸਾਈ ਰੰਗ ਵਿੱਚ ਰੰਗੀ ਧਾਰਮਕ ਲੀਡਰਸ਼ਿੱਪ ਰਹੀ ਹੈ ਅਤੇ ਨਾ ਹੀ ਨਿਆਰੇਪਣ ਦੀ ਖੁਸ਼ਬੋ ਨਾਲ ਖਿੜੀ ਹੋਈ ਬੌਧਿਕ ਧਿਰ ਰਹੀ ਹੈ।

ਪਰ ਇਸ ਵੇਲੇ ਸਾਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਅਕਾਲੀ ਦਲ ਨੂੰ ਪੁੱਠੇ ਰਾਹ ਪਾਉਣ ਵਾਲੇ ਸੱਜਣਾਂ ਦੀ 30 ਸਾਲ ਦੀ ਸਖਤ ਮਿਹਨਤ ਦੇ ਬਾਵਜੂਦ ਦੀ ਇਹ ਸੱਜਣ ਆਪਣੀਆਂ ਚਾਲਾਂ ਵਿੱਚ ਕਾਮਯਾਬ ਨਹੀਂ ਹੋ ਸਕੇ ਅਤੇ ਜਿਉਂ ਹੀ ਪੰਥ ਨੂੰ ਮੌਕਾ ਮਿਲਿਆ ਉਸਨੇ ਅਕਾਲੀ ਦਲ ਨੂੰ ਉਸਦੀ ਬਣਦੀ ਥਾਂ ਦਿਖਾ ਦਿੱਤੀ। ਉਮੀਦ ਕਰੀਏ ਕਿ ਸਿੱਖ ਬੌਧਿਕਤਾ ਦੇ ਖੇਤਰ ਵਿੱਚ ਵੀ ਅਜਿਹਾ ਹੀ ਵਾਪਰੇਗਾ ਜਦੋਂ ਵੀ ਪੰਥ ਨੂੰ ਆਪਣੀ ਨਿਆਰੀ ਧਾਰਮਕ ਅਤੇ ਸਿਆਸੀ ਹੋਂਦ ਦਾ ਪਹਿਰੇਦਾਰ ਕੋਈ ਬੌਧਕ ਪਲੇਟਫਾਰਮ ਮਿਲ ਗਿਆ ਉਸ ਵੇਲੇ ਖਾਲਸਾ ਪੰਥ ਅਜਿਹੇ ਨੀਤੀਘਾੜਿਆਂ ਦੀ ਚੁੰਗਲ ਵਿੱਚੋਂ ਨਿਕਲਣ ਲੱਗਾ ਦੇਰ ਨਹੀ ਲਾਵੇਗਾ।

ਪਰ ਇਸ ਸਮੇਂ ਦੌਰਾਨ ਇਨ੍ਹਾਂ ਕਥਿਤ ਨੀਤੀਘਾੜਿਆਂ ਨੇ ਸਿਆਸੀ, ਧਾਰਮਕ ਅਤੇ ਬੌਧਿਕ ਤੌਰ ਤੇ ਸਿੱਖਾਂ ਦਾ ਜੋ ਨੁਕਸਾਨ ਕਰ ਦਿੱਤਾ ਹੈ ਜਾਂ ਤਾਂ ਉਸ ਦੀ ਇਹ ਆਪ ਮੁਆਫੀ ਮੰਗ ਲੈਣ ਜਾਂ ਫਿਰ ਅਕਾਲੀ ਦਲ ਵਾਂਗ ਉਸਦੇ ਅਜਿਹੇ ਬੌਧਿਕ ਹਮਾਇਤੀਆਂ ਦਾ ਪਾਜ ਵੀ ਬੇਪੜਦ ਹੋ ਜਾਵੇ ਜੋ ਪਰਦੇ ਪਿੱਛੇ ਰਹਿਕੇ ਕੇ.ਪੀ.ਐਸ. ਵਾਂਗ ਸਿੱਖਾਂ ਦੀ ਬੌਧਿਕ ਨਸਲਕੁਸ਼ੀ ਕਰਦੇ ਰਹੇ ਹਨ।

ਹੁਣ ਵਕਤ ਆ ਗਿਆ ਹੈ ਕਿ ਅਜਿਹੇ ਬੌਧਿਕ ਨਸਲਘਾਤਾਂ ਦੀ ਇਤਿਹਾਸ ਵਿੱਚ ਥਾਂ ਨਿਸਚਿਤ ਕੀਤੀ ਜਾਵੇ। ਜੋ ਥਾਂ ਇਤਿਹਾਸ ਨੇ ਕੇ.ਪੀ.ਐਸ .ਗਿੱਲ ਦੀ ਨਿਸਚਿਤ ਕੀਤੀ ਹੈ, ਸਿੱਖਾਂ ਖਿਲਾਫ ਬੌਧਿਕ ਨਸਲਕੁਸ਼ੀ ਦੀ ਮੁਹਿੰਮ ਚਲਾਉਣ ਵਾਲੇ ਅਜਿਹੇ ਨੀਤੀਘਾੜਿਆਂ ਦੀ ਵੀ ਉਹ ਜਗ੍ਹਾ ਨਿਸਚਿਤ ਕੀਤੀ ਜਾਵੇ।

## ਆਵਾਸੀਆਂ ਦੇ ਬਿਨਾਂ ਕੁਝ ਵੀ ਨਹੀਂ ਹੈ ਸਿਲੀਕੱਾਨ ਵੈਲੀ

ਵਾਲੀ ਛੋਟ ਵਜੋਂ ਕਿ ਜਾਂ ਦੋ ਲਗ਼ਜ਼ਰੀ ਛੁੱਟੀਆਂ ਦੇ ਪੈਕੇਜ ਮਿਲ ਸਕਦੇ ਹਨ। ਇਨ੍ਹਾਂ ਗੱਲਾਂ ਨੂੰ ਵੱਖ ਵੱਖ ਤਰ੍ਹਾਂ ਨਾਲ ਸਮਝ ਸਕਦੇ ਹਾਂ- ਪਹਿਲਾ ਇਹ ਕਿ ਪਿਛਲੇ ਦੋ ਹਫ਼ਤਿਆਂ ਤੋਂ ਸਿਲੀਕੱਾਨ ਵੈਲੀ ਅਤੇ ਸਿਆਟਲ ਵਿਚ ਟਰੰਪ ਦੇ ਫੈਸਲੇ ਦੇ ਖ਼ਿਲਾਫ਼ ਜੋ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ, ਉਸ ਦਾ ਉਦੇਸ਼ ਘੱਟ ਸਮੇਂ ਦੇ ਵਿੱਤੀ ਲਾਭ ਹਾਸਲ ਕਰਨਾ ਹੀ ਨਹੀਂ ਹੈ। ਜੇਕਰ ਕੋਈ ਇਹ ਜਾਣਨਾ ਚਾਹੁੰਦਾ ਹੈ ਕਿ ਕਿਉਂ ਸਿਲੀਕੱਾਨ ਵੈਲੀ ਦੇ ਲੋਕ ਟਰੰਪ ਦੇ ਆਦੇਸ਼ ਦਾ ਵਿਰੋਧ ਕਰ ਰਹੇ ਹਨ। ਇਸ ਲਈ ਜ਼ਰੂਰੀ ਹੈ ਕਿ ਪਹਿਲਾਂ ਉਹ ਅਮਰੀਕਾ ਦੀ 'ਓਪਨ ਇਮੀਗਰੇਸ਼ਨ ਪਾਲਸੀ' ਦੇ ਲਾਭ ਸਮਝ ਲੈਣ। ਉਸੇ ਕਾਰਨ ਸਿਲੀਕੱਾਨ ਵੈਲੀ ਅਤੇ ਅਮਰੀਕਾ ਦੀ ਪੂਰੀ ਟੈੱਕ ਇੰਡਸਟਰੀ ਦੁਨੀਆ ਭਰ ਵਿਚ ਚੋਟੀ 'ਤੇ ਹੈ। ਇਸ ਵਿਚ ਸਭ ਤੋਂ ਵੱਡੀ ਅਤੇ ਮਹੱਤਵਪੂਰਨ ਭੂਮਿਕਾ ਓਪਨ ਇਮੀਗਰੇਸ਼ਨ ਪਾਲਸੀ ਦੀ ਹੈ। ਉਸ ਨੂੰ ਜੇਕਰ ਬੰਦ ਕਰ ਦਿੱਤਾ ਗਿਆ ਤਾਂ ਅਮਰੀਕਾ ਦੇ ਆਈ.ਟੀ. ਉਦਯੋਗ ਸਮੇਤ ਕਈ ਤਰ੍ਹਾਂ ਦੇ ਕਾਰੋਬਾਰ 'ਤੇ ਡੂੰਘਾ ਅਸਰ ਪਏਗਾ।

ਸਿਲੀਕੱਾਨ ਵੈਲੀ ਵਿਚ ਕੰਮ ਕਰਨ ਵਾਲੇ ਮਾਹਰ, ਆਈ.ਟੀ. ਦੇ ਜਾਣਕਾਰ ਇਹ ਮੰਨ ਕੇ ਚੱਲ ਰਹੇ ਹਨ ਕਿ ਟਰੰਪ ਦਾ ਐਗਜ਼ੀਕਿਊਟਿਵ ਆਰਡਰ ਅਤੇ ਉਹ ਫ਼ੈਸਲੇ, ਜਿਨ੍ਹਾਂ ਦੇ ਹੋਣ ਦਾ ਖ਼ਦਸ਼ਾ ਹੈ, ਉਹ ਕਹਿਰ ਦੇ ਬਰਾਬਰ ਹੋਣਗੇ। ਜੇਕਰ ਅਜਿਹਾ ਹੋਇਆ ਤਾਂ ਅਮਰੀਕਾ ਦੁਨੀਆ ਦਾ ਸਰਵੋਤਮ ਖੋਜਕਾਰ ਦੇਣ ਵਾਲਾ ਮੁਲਕ ਨਹੀਂ ਰਹਿ ਜਾਵੇਗਾ।

ਸਾਨ ਫਰਾਂਸਿਸਕੋ ਸਥਿਤ ਪੇਮੈਂਟ ਸਟਾਰਟਅਪ ਸਟ੍ਰਿਪ ਦੇ ਸਹਿ-ਸੰਸਥਾਪਕ ਜੱਾਨ ਕਾਲੀਸਨ ਕਹਿੰਦੇ ਹਨ-ਦੁਨੀਆ ਭਰ ਵਿਚ ਟੈਲੰਟ ਕਿਤੇ ਵੀ ਹੋਵੇ, ਅਮਰੀਕਾ ਉਸ ਦਾ ਇਸਤੇਮਾਲ ਕਰਨਾ ਜਾਣਦਾ ਹੈ। ਕੋਈ ਵੀ ਵਿਅਕਤੀ ਵਿਸ਼ਵੀ ਪੱਧਰ ਦੀਆਂ ਟੈੱਕ ਕੰਪਨੀਆਂ ਦੀ ਅਮਰੀਕਾ ਦੀਆਂ ਟੈੱਕ ਕੰਪਨੀਆਂ ਨਾਲ ਤੁਲਨਾ ਕਰਕੇ ਖੁਦ ਇਹ ਗੱਲ ਸਮਝ ਸਕਦਾ ਹੈ। ਇਹ ਸਾਧਾਰਨ ਗੱਲ ਬਿਲਕੁਲ ਨਹੀਂ ਹੈ। ਅਜਿਹਾ ਇਸ ਲਈ ਕਿਉਂਕਿ ਸਿਲੀਕੱਾਨ ਵੈਲੀ ਪਿਛਲੇ ਕੁਝ ਦਹਾਕਿਆਂ ਵਿਚ ਅਜਿਹਾ ਇੰਜਣ ਬਣਾਉਣ ਵਿਚ ਬਹੁਤ ਸਫਲ ਰਹੀ ਹੈ, ਜਿੱਥੇ ਦੁਨੀਆ ਭਰ ਦਾ ਟੈਲੰਟ ਆਉਣਾ ਚਾਹੁੰਦਾ ਹੈ। ਪਰ ਮੌਜੂਦਾ ਸਮੇਂ ਵਿਚ ਮੈਨੂੰ ਇਹ ਸਭ ਨਾਜ਼ੁਕ ਨਜ਼ਰ ਆਉਂਦਾ ਹੈ। ਜੇਕਰ ਰਾਸ਼ਟਰਪਤੀ ਟਰੰਪ ਦੀ ਇਮੀਗਰੇਸ਼ਨ ਨੀਤੀ ਵਿਚ ਬਦਲਾਅ ਨਾ ਹੋਇਆ ਤਾਂ ਅਮਰੀਕਾ ਦੀ ਟੈੱਕ ਇੰਡਸਟਰੀ ਬਰਬਾਦ ਹੋ ਜਾਵੇਗੀ।

### ਵੱਡੀਆਂ ਕੰਪਨੀਆਂ ਵਿਚ ਚੋਟੀ ਦੇ ਅਹੁਦਿਆਂ 'ਤੇ ਹਨ ਆਵਾਸੀ

ਅਜਿਹੀਆਂ ਕਈ ਗੱਲਾਂ ਹਨ, ਜੋ ਬਾਹਰੀ ਲੋਕਾਂ ਨੂੰ ਵੀ ਪ੍ਰੇਸ਼ਾਨ ਕਰ ਸਕਦੀਆਂ ਹਨ, ਕਿਉਂਕਿ ਸਿਲੀਕੱਾਨ ਵੈਲੀ ਨੂੰ ਉਸ ਦੇ ਖੁੱਲ੍ਹੇਪਣ ਦੀ ਨੀਤੀ, ਕਾਨੂੰਨ ਅਤੇ ਸਮਾਜਿਕ ਸੰਦਰਭ ਲਈ ਜਾਣਿਆ ਜਾਂਦਾ ਹੈ। ਔਰਤਾਂ ਅਤੇ ਗੈਰ-ਏਸ਼ਿਆਈ ਲੋਕ ਵੀ ਕਰਮਚਾਰੀਆਂ ਵਜੋਂ ਇਸ ਇੰਡਸਟਰੀ ਦੇ ਅੰਸ਼ ਹਨ। ਇਥੋਂ ਤਕ ਕਿ ਇਸ ਇੰਡਸਟਰੀ ਦੇ ਐਗਜ਼ੀਕਿਊਟਿਵ ਦਾ ਇਕ ਹਿੱਸਾ ਅਤੇ ਵੈਂਚਰ ਕੈਪੀਟਲਿਸਟ ਵੀ ਉਨ੍ਹਾਂ ਵਿਚੋਂ ਹਨ। ਕਿਹਾ ਜਾ ਸਕਦਾ ਹੈ ਕਿ ਜ਼ਿਆਦਾਤਰ ਕੰਪਨੀਆਂ ਦੇ ਮਾਲਕ ਉਹ ਹਨ, ਜੋ ਆਪਣੇ ਇੱਥੇ ਆਉਣ ਵਾਲੀਆਂ ਪ੍ਰਤੀਭਾਵਾਂ ਦੀ ਪਛਾਣ ਉਨ੍ਹਾਂ ਦੇ ਰੰਗ ਨਾਲ ਨਹੀਂ ਕਰਦੇ। ਜੇਕਰ ਇਥੋਂ ਦੀ ਆਈ.ਟੀ. ਇੰਡਸਟਰੀ ਦਾ ਹੁਣ ਤਕ ਦਾ ਇਤਿਹਾਸ ਲਿਖਿਆ ਜਾਵੇ ਤਾਂ ਉਸ ਵਿਚ ਪਤਾ ਚੱਲੇਗਾ ਕਿ ਆਵਾਸੀਆਂ ਨੇ ਉਸ ਵਿਚ ਕਿੰਨੀ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

ਇਸ ਵਿਚ ਕੋਈ ਹੈਰਾਨੀ ਨਹੀਂ ਹੋਵੇਗੀ ਕਿ ਤੁਸੀਂ ਵੀ ਅਜਿਹੀ ਕਿਸੇ ਕੰਪਨੀ ਨਾਲ ਜੁੜੇ ਹੋਵੋਗੇ ਜਾਂ ਉਸ ਨੂੰ ਕੁਝ ਦਹਾਕਿਆਂ ਤੋਂ ਜਾਣਦੇ ਹੋਵੋਗੇ, ਜਿਸ ਦੇ ਸੰਸਥਾਪਕ ਆਵਾਸੀ ਹੋਣ। ਉਦਾਹਰਣ ਵਜੋਂ ਗੂਗਲ ਦੇ ਇਕ ਸੰਸਥਾਪਕ (ਸਰਗੀ ਬਿਨ, ਰੂਸ) ਨੂੰ ਹੀ ਲੈ ਲਓ। ਉਹ ਰੂਸ ਤੋਂ ਆਏ ਸਨ ਤੇ ਉਸ ਦੇ ਮੌਜੂਦਾ ਚੀਫ਼ ਐਗਜ਼ੀਕਿਊਟਿਵ (ਸੁੰਦਰ ਪਿਚਾਈ) ਭਾਰਤੀ ਅਪਰਵਾਸੀ ਹਨ।

ਮਾਈਕਰੋਸਾਫਟ ਦੇ ਚੀਫ਼ ਐਗਜ਼ੀਕਿਊਟਿਵ (ਸਤਿਆ ਨਡੇਲਾ) ਵੀ ਭਾਰਤ ਤੋਂ ਹਨ। ਈਬੇ ਤੇ ਯਾਹੂ ਦੀ ਸ਼ੁਰੂਆਤ ਵੀ ਆਵਾਸੀਆਂ ਨੇ ਮਿਲ ਕੇ ਕੀਤੀ ਸੀ। ਫੇਸਬੁੱਕ ਦੀ ਵੱਡੀ ਸਹਾਇਕ ਕੰਪਨੀ ਇੰਸਟਾਗਰਾਮ ਅਤੇ ਵੱਟਸਐਪ ਦੀ ਸਥਾਪਨਾ ਵੀ ਆਵਾਸੀਆਂ ਨੇ ਕੀਤੀ ਸੀ। ਜਦਕਿ ਐਪਲ ਦੀ ਸਥਾਪਨਾ ਅਪਰਵਾਸੀ ਨਾਗਰਿਕ ਦੇ ਬੱਚੇ ਨੇ ਕੀਤੀ ਸੀ।

### ਅਮਰੀਕਾ ਨੂੰ ਮੰਦੀ 'ਚੋਂ ਕੱਢਿਆ, ਲੱਖਾਂ ਨੌਕਰੀਆਂ ਵੀ ਦਿੱਤੀਆਂ

ਪਿਛਲੇ ਸਾਲ ਥਿੰਕ ਟੈਂਕ ਨੈਸ਼ਨਲ ਫਾਉਂਡੇਸ਼ਨ ਫਾਰ ਅਮਰੀਕਨ ਪਾਲਸੀ ਨੇ ਰਿਸਰਚ ਕੀਤੀ ਸੀ, ਜਿਸ ਵਿਚ ਪਤਾ ਚਲਿਆ ਸੀ ਕਿ 87 ਨਿੱਜੀ ਅਮਰੀਕਨ ਸਟਾਰਟਅਪ ਅਜਿਹੀਆਂ ਹਨ, ਜਿਨ੍ਹਾਂ ਦੀ ਕੀਮਤ 68 ਅਰਬ ਰੁਪਏ ਜਾਂ ਉਸ ਤੋਂ ਵੱਧ ਹੈ। ਰਿਸਰਚ ਵਿਚ ਇਸ ਨਾਲੋਂ ਵੀ ਵੱਧ ਹੈਰਾਨ ਕਰਨ ਵਾਲੀ ਜਾਣਕਾਰੀ ਸਾਹਮਣੇ ਆਈ ਸੀ। ਉਹ ਇਹ ਕਿ ਉਨ੍ਹਾਂ ਵਿਚ ਅੱਧੋਂ ਵੱਧ ਸਟਾਰਟਅਪ ਅਜਿਹੀਆਂ ਹਨ, ਜਿਨ੍ਹਾਂ ਦੀ ਸਥਾਪਨਾਕਰਨ ਵਾਲੇ ਇਕ ਜਾਂ ਉਸ ਤੋਂ ਵੱਧ ਲੋਕ ਆਵਾਸੀ ਸਨ। ਉਨ੍ਹਾਂ ਵਿਚ 71 ਫ਼ੀਸਦੀ ਆਵਾਸੀ ਐਗਜ਼ੀਕਿਊਟਿਵ ਦੇ ਅਹੁਦਿਆਂ 'ਤੇ ਨਿਯੁਕਤ ਸਨ।

ਸਾਂਝੇ ਰੂਪ ਵਿਚ ਇਹ ਕੰਪਨੀਆਂ ਉਬਰ, ਟੇਸਲਾ, ਪਲੇਨੀਟਰ ਹਨ। ਇਨ੍ਹਾਂ ਨੇ ਹਜ਼ਾਰਾਂ ਨੌਕਰੀਆਂ ਤਿਆਰ ਕੀਤੀਆਂ ਹਨ ਤੇ ਪਿਛਲੇ ਦਹਾਕੇ ਵਿਚ ਇਨ੍ਹਾਂ ਨੇ ਨਾ ਸਿਰਫ਼ ਅਮਰੀਕੀ ਅਰਥ ਵਿਵਸਥਾ ਨੂੰ ਮੰਦੀ ਵਿਚੋਂ ਕੱਢਣ ਵਿਚ ਅਹਿਮ ਭੂਮਿਕਾ ਨਿਭਾਈ, ਸਗੋਂ ਖ਼ਰਬਾਂ ਡਾਲਰ ਕਮਾਈ ਕਰਕੇ ਉਸ ਨੂੰ ਮਜ਼ਬੂਤ ਵੀ ਬਣਾਇਆ। ਇਹ ਉਹੀ ਕੰਪਨੀਆਂ ਹਨ, ਜਿਨ੍ਹਾਂ ਦੇ ਸੰਸਥਾਪਕ ਦੁਨੀਆ ਦੇ ਵੱਖ ਵੱਖ ਦੇਸ਼ਾਂ ਦੇ ਨਾਗਰਿਕ ਹਨ। ਇਹ ਭਾਰਤ, ਬਰਤਾਨੀਆ, ਕੈਨੇਡਾ, ਇਜ਼ਰਾਈਲ ਅਤੇ ਚੀਨ ਵਰਗੇ ਮੁਲਕਾਂ ਨਾਲ ਵਾਸਤਾ ਰੱਖਦੇ ਹਨ।

ਸਾਲ 2011 ਵਿਚ ਅਪਰਵਾਸਨ ਸੁਧਾਰ ਸਮੂਹ 'ਪਾਰਟਨਰਸ਼ਿਪ ਫਾਰ ਏ ਨਿਊ ਅਮਰੀਕਨ ਇਕੋਨਾਮੀ' ਨੇ ਪਾਇਆ ਕਿ ਫਾਰਚਿਊਨ-500 ਦੀ ਸੂਚੀ ਵਿਚ ਸ਼ਾਮਲ ਕੰਪਨੀਆਂ ਵਿਚੋਂ 40 ਫ਼ੀਸਦੀ ਦੀ ਸਥਾਪਨਾ ਜਾਂ ਤਾਂ ਆਵਾਸੀਆਂ ਨੇ ਕੀਤੀ ਜਾਂ ਉਨ੍ਹਾਂ ਦੇ ਬੱਚਿਆਂ ਨੇ। ਅਪਰਵਾਸਨ ਸੁਧਾਰ ਸਮੂਹ ਦਾ ਮੰਨਣਾ ਹੈ ਕਿ ਜੇਕਰ ਫਾਰਚਿਊਨ-500 ਕੰਪਨੀਆਂ ਦੀ ਤਾਜ਼ਾ ਸੂਚੀ ਦੇਖੀ ਜਾਵੇ ਤਾਂ ਉਸ ਵਿਚ ਕਈ ਕੰਪਨੀਆਂ ਅਜਿਹੀਆਂ ਹਨ, ਜਿਨ੍ਹਾਂ ਦੇ ਸੰਸਥਾਪਕਾਂ ਵਿਚ ਆਵਾਸੀਆਂ ਦੀ ਸੰਖਿਆ ਵੱਧ ਹੈ।

## ਪੰਜਾਬੀ ਯੂਨੀਵਰਸਿਟੀ 'ਚ "ਪੰਜ-ਰੰਗ" ਕਲਾ ਪ੍ਰਦਰਸ਼ਨੀ 14 ਤੋਂ 28 ਫਰਵਰੀ ਤਕ

**ਪਟਿਆਲਾ/ਬਿਊਰੋ ਨਿਊਜ਼:** ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਿਦਿਆਰਥੀਆਂ ਵਲੋਂ ਯੂਨੀਵਰਸਿਟੀ ਦੇ ਅਜਾਇਬ ਘਰ ਅਤੇ ਕਲਾ ਗ਼ੈਲਰੀ 'ਚ "ਪੰਜ-ਰੰਗ" ਕਲਾ ਲਾਈ ਜਾ ਰਹੀ ਹੈ ਜੋ 14 ਫਰਵਰੀ (ਮੰਗਲਵਾਰ) ਤੋਂ ਸ਼ੁਰੂ ਹੋ ਕੇ 28 ਫਰਵਰੀ (ਮੰਗਲਵਾਰ) ਤਕ ਚੱਲੇਗੀ। "ਪੰਜ-ਰੰਗ" ਕਲਾ ਪ੍ਰਦਰਸ਼ਨੀ 'ਚ ਸਰੀ ਕੈਨੇਡਾ ਦੇ ਕਲਾਕਾਰ ਪਰਮਿੰਦਰ ਸਿੰਘ, ਕੁਲਦੀਪ ਸਿੰਘ, ਜਗਦੀਪ ਸਿੰਘ, ਜਸਪ੍ਰੀਤ ਸਿੰਘ ਅਤੇ ਜਗਪ੍ਰੀਤ ਸਿੰਘ ਵਲੋਂ ਤਿਆਰ ਕੀਤੀਆਂ ਕਲਾ ਕ੍ਰਿਤੀਆਂ ਪ੍ਰਦਰਸ਼ਿਤ ਕੀਤੀਆਂ ਜਾ ਰਹੀਆਂ ਹਨ। ਯੂਨਵਿਰਸਿਟੀ ਦੇ ਵਿਦਿਅਕ ਡੀਨ ਡਾ. ਗੁਰਨਾਮ ਸਿੰਘ ਇਸ ਕਲਾ ਪ੍ਰਦਰਸ਼ਨੀ ਦਾ ਉਦਘਾਟਨ ਕਰਨਗੇ ਅਤੇ ਡੀਨ ਕਾਲਿਜਜ ਡਾ. ਕੁਲਬੀਰ ਸਿੰਘ ਢਿੱਲੋਂ ਮੁੱਖ ਮਹਿਮਾਨ ਹੋਣਗੇ। ਕਲਾ ਪ੍ਰਦਰਸ਼ਨੀ ਦੇ ਪ੍ਰਬੰਧਕਾਂ ਵਿਚੋਂ ਇਕ ਰਣਜੀਤ ਸਿੰਘ (ਵਿਦਿਆਰਥੀ ਸਟੈਟਸ ਡਿਪਾਰਟਮੈਂਟ) ਨੇ ਕਿਹਾ, "ਕਲਾ ਪ੍ਰਦਰਸ਼ਨੀ ਦਾ ਮੁੱਖ ਮਕਸਦ ਕਲਾ ਦੇ ਖੇਤਰ 'ਚ ਵਿਦਿਆਰਥੀਆਂ ਦੀ ਰੁਚੀ ਨੂੰ ਵਧਾਵਾ ਦੇਣਾ।

## ਕਿਸਾਨਾਂ ਲਈ 'ਰੁਪਿਆ' ਤੇ ਖੇਤੀ ਲਈ ਵੱਖਰਾ ਬਜਟ

ਲਾਹੇਵੰਦ ਕੀਮਤਾਂ ਮਿਲਣ, ਖੇਤੀਬਾੜੀ ਦੇ ਖ਼ਰਚੇ ਵਾਜਬ ਸੀਮਾਵਾਂ ਵਿੱਚ ਰਹਿਣ ਅਤੇ ਖੇਤੀਬਾੜੀ ਵਸਤਾਂ ਉੱਤੇ ਉਨਾਂ ਨੂੰ ਸਿੱਧੀ ਸਬਸਿਡੀ ਦਿੱਤੀ ਜਾਵੇ ਅਤੇ ਸਾਰੇ ਕਿਸਾਨਾਂ ਨੂੰ ਫ਼ਸਲੀ ਨੁਕਸਾਨ ਤੇ ਹੋਰ ਕਿਸੇ ਤਰਾਂ ਦੇ ਨੁਕਸਾਨ ਤੋਂ ਬਚਾਉਣ ਲਈ ਬੀਮਾ ਕੀਤਾ ਜਾਵੇ।

ਇੰਜ, ਅਸੀਂ ਆਪਸ ਵਿੱਚ ਜੁੜੇ ਤਿੰਨ ਅੰਗਾਂ ਨੂੰ ਵੇਖ ਰਹੇ ਹਾਂ। ਪਹਿਲਾ ਅੰਗ ਹੈ ਲਾਹੇਵੰਦ ਕੀਮਤ ਦਾ। ਇਹ ਮੌਜੂਦਾ ਘੱਟੋ-ਘੱਟ ਸਮਰਥਨ ਮੁੱਲ ਦੀ ਯੋਜਨਾ ਨੂੰ ਕਈ ਤਰੀਕਿਆਂ ਨਾਲ ਸੋਧ ਕੇ ਕੀਤਾ ਜਾ ਸਕਦਾ ਹੈ। ਇੱਕ ਤਾਂ ਵੱਖੋ-ਵੱਖਰੀਆਂ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਉੱਤੇ ਪੁੱਜਣ ਦੀ ਵਿਧੀ ਬਦਲੀ ਜਾਣੀ ਚਾਹੀਦੀ ਹੈ। ਦੂਜੇ, ਕੀਮਤ ਕਮੀ ਭੁਗਤਾਨ ਦੀ ਪ੍ਰਣਾਲੀ ਹੋਣੀ ਚਾਹੀਦੀ ਹੈ, ਜਿਸ ਰਾਹੀਂ ਮੌਜੂਦਾ 'ਸਮਰਥਨ ਮੁੱਲ' ਨੂੰ ਸਰਕਾਰ ਵੱਲੋਂ ਕੇਵਲ ਕੁਝ ਸਥਾਨਾਂ 'ਤੇ ਕੁਝ ਵਸਤਾਂ ਖ਼ਰੀਦਣ ਤੋਂ ਅਗਾਂਹ ਜਾ ਕੇ ਪ੍ਰਭਾਵਸ਼ਾਲੀ ਤੇ ਅਰਥਪੂਰਨ ਬਣਾਇਆ ਜਾ ਸਕੇ। ਤੀਜੇ, ਨਸ਼ਟ ਹੋਣ ਵਾਲੀਆਂ ਵਸਤਾਂ ਲਈ ਬਾਜ਼ਾਰੀ ਦਖ਼ਲ ਦੀ ਯੋਜਨਾ ਦੀ ਲੋੜ ਵੀ ਹੈ ਤੇ ਉਹ ਉਤਪਾਦ ਕੀਮਤ ਸਮਰਥਨ ਯੋਜਨਾਵਾਂ ਦੇ ਘੇਰੇ ਵਿੱਚ ਨਹੀਂ ਆਉਂਦੇ। ਚੌਥੇ, ਫ਼ਸਲਾਂ ਦੀ ਬਿਜਾਈ ਲਈ ਕੀਮਤ ਸਥਿਰਤਾ ਫ਼ੰਡ ਹੋਣਾ ਚਾਹੀਦਾ ਹੈ। ਪੰਜਵੇਂ ਘੱਟੋ-ਘੱਟ ਸਮਰਥਨ ਮੁੱਲ ਨੂੰ ਦਾਲਾਂ ਤੇ ਤੇਲ-ਬੀਜਾਂ ਲਈ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਹੈ। ਆਰਥਿਕ ਸਰਵੇਖਣ 2016-17 ਵਿੱਚ ਸਿਫ਼ਾਰਸ਼ ਕੀਤੇ ਘੱਟੋ-ਘੱਟ ਸਮਰਥਨ ਮੁੱਲ ਨੂੰ ਸਮਾਜਿਕ ਤੇ ਵਾਤਾਵਰਨਕ ਤੌਰ 'ਤੇ ਤਰਕਸੰਗਤ ਬਣਾਇਆ ਜਾਵੇ। ਜਨਤਕ ਵੰਡ ਪ੍ਰਣਾਲੀ ਦੀ ਵਰਤੋਂ ਦਾਲਾਂ ਤੇ ਜਵਾਰ-ਬਾਜਰਾ ਖ਼ਰੀਦਣ ਲਈ ਕੀਤੀ ਜਾਣੀ ਚਾਹੀਦੀ ਹੈ, ਤਾਂ ਜੋ ਗ਼ਰੀਬ ਖਪਤਕਾਰਾਂ ਦੀ ਅਨਾਜ ਦੀ ਟੋਕਰੀ ਵਿੱਚ ਵਾਧਾ ਹੋ ਸਕੇ ਤੇ ਯਕੀਨੀ ਬਾਜ਼ਾਰਾਂ ਰਾਹੀਂ ਕਿਸਾਨ ਫ਼ਸਲੀ ਵਿਭਿੰਨਤਾ ਲਈ ਉਤਸ਼ਾਹਿਤ ਹੋ ਸਕਣ।

ਦੂਜਾ ਅੰਗ ਖੇਤੀ ਲਾਗਤਾਂ ਨਾਲ ਸਬੰਧਤ ਹੈ। ਖਾਦ ਤਿਆਰ ਕਰਨ ਵਾਲੀਆਂ ਕੰਪਨੀਆਂ ਨੂੰ ਖਾਦਾਂ ਉੱਤੇ ਵੱਡੀਆਂ ਸਬਸਿਡੀਆਂ ਦੀਆਂ ਪੇਸ਼ਕਸ਼ਾਂ ਕਰਨ ਦੀ ਥਾਂ ਸਰਕਾਰ ਕਿਸਾਨ ਨੂੰ ਓਨੀ ਸਿੱਧੀ ਨਕਦ ਸਬਸਿਡੀ ਦੇਵੇ, ਜਿੰਨੀ ਜ਼ਮੀਨ ਉੱਤੇ ਉਸ ਨੇ ਬਿਜਾਈ ਕੀਤੀ ਹੈ, ਖਾਦ ਉਹ ਭਾਵੇਂ ਜੋ ਮਰਜ਼ੀ ਵਰਤਣ। ਇਸ ਨਾਲ ਖਾਦਾਂ ਦੀ ਵਰਤੋਂ ਘੱਟ ਕਰਨ ਨੂੰ ਹੱਲਾਸ਼ੇਰੀ ਮਿਲੇਗੀ ਤੇ ਆਰਗੈਨਿਕ ਖੇਤੀ ਨੂੰ ਹੁਲਾਰਾ ਮਿਲੇਗਾ। ਬਾਕੀ ਦੇ ਖ਼ਰਚਿਆਂ ਨੂੰ ਪਾਣੀ ਤੇ ਬਿਜਲੀ ਦੀਆਂ ਸ਼ਾਸਤ ਕੀਮਤਾਂ ਰਾਹੀਂ ਘੱਟ ਰੱਖਿਆ ਜਾ ਸਕਦਾ ਹੈ, ਜਿਸ ਨਾਲ ਕਿਸਾਨਾਂ ਨੂੰ ਚੋਖਾ ਮੁਨਾਫ਼ਾ ਵੀ ਹੋ ਸਕਦਾ ਹੈ।

ਤੀਜਾ ਅੰਗ ਫ਼ਸਲੀ ਨੁਕਸਾਨ ਜਾਂ ਕੁਦਰਤੀ ਤੇ ਹੋਰ ਕਾਰਨਾਂ ਕਰ ਕੇ ਹੋਣ ਵਾਲੇ ਨੁਕਸਾਨ ਤੋਂ ਬਚਾਅ ਲਈ ਬੀਮਾ ਹੈ। ਇਹ ਭਾਗ ਅਹਿਮ ਹੋ ਸਕਦਾ ਹੈ ਕਿਉਂਕਿ ਜਲਵਾਯੂ ਦੀ ਤਬਦੀਲੀ ਕਾਰਨ ਕਈ ਵਾਰ ਬਹੁਤ ਜ਼ਿਆਦਾ ਸੋਕਾ ਪੈ ਜਾਂਦਾ ਹੈ ਤੇ ਕੁਝ ਵਾਰ ਹੜ ਆ ਜਾਂਦੇ ਹਨ ਅਤੇ ਜਾਂ ਬੇਮੌਸਮੀ ਮੀਂਹ ਪੈ ਜਾਂਦੇ ਹਨ। ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ ਸਮੇਤ ਸਰਕਾਰ ਦੀਆਂ ਵਿਭਿੰਨ ਯੋਜਨਾਵਾਂ ਭਾਰਤ ਦੇ ਇੱਕ-ਤਿਹਾਈ ਕਿਸਾਨਾਂ ਨੂੰ ਵੀ ਕੋਈ ਲਾਭ ਦੇਣ ਤੋਂ ਅਸਮਰੱਥ ਰਹੀਆਂ ਹਨ। ਸਾਨੂੰ ਅਜਿਹੀ ਵਿਆਪਕ ਯੋਜਨਾ ਦੀ ਜ਼ਰੂਰਤ ਹੈ, ਜੋ ਸਾਰੇ ਕਿਸਾਨਾਂ ਤੱਕ ਪੁੱਜੇ ਅਤੇ ਉਨਾਂ ਨੂੰ ਹਰ ਪ੍ਰਕਾਰ ਦੇ ਨੁਕਸਾਨਾਂ ਤੋਂ ਬਚਾਵੇ। ਇਹ ਦੋ-ਪੜਾਵੀ ਯੋਜਨਾ ਹੋ ਸਕਦੀ ਹੈ, ਜਿਸ ਵਿੱਚ ਮੁਆਵਜ਼ੇ ਤੇ ਬੀਮੇ ਦਾ ਸੁਮੇਲ ਹੋਵੇ। ਕੁਝ ਬੁਨਿਆਦੀ ਬੀਮੇ ਦਾ ਸਾਰਾ ਪ੍ਰੀਮੀਅਮ ਹੀ ਸਰਕਾਰ ਅਦਾ ਕਰ ਸਕਦੀ ਹੈ ਤੇ ਉਸ ਦੀ ਪੇਸ਼ਕਸ਼ ਉਸ ਹਰੇਕ ਕਿਸਾਨ ਨੂੰ ਕੀਤੀ ਜਾਵੇ, ਜੋ ਇੱਕ ਫ਼ਸਲ ਬੀਜਦਾ ਹੈ ਅਤੇ ਫ਼ਸਲ ਦਾ ਕੋਈ ਨੁਕਸਾਨ ਹੋਣ ਦੀ ਹਾਲਤ ਵਿੱਚ ਉਸ ਨੂੰ ਗੁਜ਼ਾਰੇ ਲਈ ਧਨ ਅਦਾ ਕਰ ਸਕੇ। ਕਿਸਾਨ ਇਸ ਮਾਮਲੇ ਵਿੱਚ ਬੀਮੇ ਦੇ ਉੱਚ ਪੱਧਰੀ ਪ੍ਰੀਮੀਅਮ ਦਾ ਅੰਸ਼ਦਾਨ ਵੀ ਕਰ ਸਕਦੇ ਹਨ, ਜਿਸ ਨਾਲ ਸਾਰੀ ਫ਼ਸਲ ਦੇ ਅਨੁਮਾਨਤ ਝਾੜ ਨੂੰ ਕਵਰ ਕੀਤਾ ਜਾ ਸਕੇ।

'ਰੁਪਿਆ' ਸਕੀਮ ਨੂੰ ਇੱਕਜੁਟ ਢੰਗ ਨਾਲ ਲਾਗੂ ਕਰਨ ਤੇ ਕਿਸਾਨਾਂ ਨੂੰ ਇਸ ਦੀ ਪੇਸ਼ਕਸ਼ ਕਰਨ ਲਈ ਵਿਆਪਕ ਸਰੋਤਾਂ ਦੀ ਲੋੜ ਹੋਵੇਗੀ। ਇਹ ਸਿਆਸੀ ਪਾਰਟੀਆਂ ਤੇ ਸਰਕਾਰਾਂ ਦੀ ਸਿਆਸੀ ਇੱਛਾ-ਸ਼ਕਤੀ ਦੀ ਪ੍ਰੀਖਿਆ ਹੋਵੇਗੀ, ਜਿਹੜੀਆਂ ਕਿਸਾਨੀ ਹਿੱਤਾਂ ਦੀਆਂ ਗੱਲਾਂ ਬੜੇ ਲੁਭਾਵਣੇ ਢੰਗ ਨਾਲ ਕਰਦੀਆਂ ਹਨ।

ਇਸ ਨੂੰ ਭਾਵੇਂ ਕਲਪਨਾ ਆਖ ਲਵੋ, ਫਿਰ ਵੀ ਮੈਂ ਇਸ ਦਾ ਸੁਪਨਾ ਜ਼ਰੂਰ ਵੇਖਦਾ ਹਾਂ!

## ਪਿੰਡ ਬਾਬੋਵਾਲ 'ਚੋਂ ਪੁਲੀਸ ਨੇ 'ਆਪ' ਦੇ 10 ਵਾਲੰਟੀਅਰਾਂ ਨੂੰ ਚੁੱਕਿਆ, ਅਧਿਕਾਰੀਆਂ ਦੇ ਦਖ਼ਲ ਮਗਰੋਂ ਛੱਡਿਆ

ਨਾਲ ਬਹਿਸ ਕੀਤੀ ਅਤੇ ਇਸ ਨੂੰ ਧੱਕੇਸ਼ਾਹੀ ਕਰਾਰ ਦਿੱਤਾ। ਇਸ ਦੌਰਾਨ ਥਾਣਾ ਕੱਥੂਨੰਗਲ ਦੀ ਪੁਲੀਸ ਇਨਾਂ 'ਆਪ' ਵਾਲੰਟੀਅਰਾਂ ਨੂੰ ਹਿਰਾਸਤ ਵਿੱਚ ਲੈ ਕੇ ਥਾਣੇ ਲੈ ਗਈ।

ਮਗਰੋਂ ਇਹ 'ਆਪ' ਆਗੂ ਥਾਣੇ ਪਹੁੰਚ ਗਏ ਜਿੱਥੇ ਸ੍ਰੀ ਸ਼ੇਰਗਿੱਲ ਦੀ ਪੁਲੀਸ ਅਧਿਕਾਰੀਆਂ ਨਾਲ ਭਖ਼ਵੀਂ ਬਹਿਸ ਹੋਈ। ਮਾਮਲਾ ਚੋਣ ਕਮਿਸ਼ਨ ਦੇ ਉੱਚ ਅਧਿਕਾਰੀਆਂ ਦੇ ਧਿਆਨ ਵਿਚ ਲਿਆਉਣ ਉਪਰੰਤ ਸੀਨੀਅਰ ਪੁਲੀਸ ਅਧਿਕਾਰੀਆਂ ਨੇ ਦਖ਼ਲ ਦੇ ਕੇ ਸਾਰੇ 'ਆਪ' ਵਾਲੰਟੀਅਰਾਂ ਨੂੰ ਤੁਰੰਤ ਛੱਡਣ ਦੇ ਆਦੇਸ਼ ਦਿੱਤੇ ਜਿਸ ਉਪਰੰਤ ਇਨਾਂ ਵਾਲੰਟੀਅਰਾਂ ਨੂੰ ਮੁੜ ਬਾਬੋਵਾਲ ਬੂਥ 'ਤੇ ਜਾ ਕੇ ਬਿਠਾਇਆ ਗਿਆ।

## ਭਾਰਤ 'ਚ ਧਾਰਮਿਕ ਘੱਟ ਗਿਣਤੀਆਂ ਤੇ ਦਲਿਤਾਂ ਉਪਰ ਹੋ ਰਿਹੈ ਅਤਿਆਚਾਰ

ਇਸ ਰਿਪੋਰਟ ਦੇ ਅਖੀਰ ਵਿੱਚ ਭਾਰਤ ਸਰਕਾਰ ਅਤੇ ਅਮਰੀਕਨ ਸਰਕਾਰ ਨੂੰ ਸਿਫਾਰਸ਼ਾਂ ਕੀਤੀਆਂ ਗਈਆਂ ਹਨ। ਭਾਰਤ ਸਰਕਾਰ ਨੂੰ ਸਿਫਾਰਸ਼ ਕੀਤੀ ਗਈ ਹੈ ਕਿ ਉਹ ਆਪਣੇ ਸੰਵਿਧਾਨ ਵਿੱਚ 'ਘੱਟਗਿਣਤੀ' ਸ਼ਬਦ ਨੂੰ ਪਰਿਭਾਸ਼ਤ ਕਰੇ ਅਤੇ ਸਿੱਖਾਂ, ਬੋਧੀਆਂ, ਜੈਨੀਆਂ ਨੂੰ ਹਿੰਦੂ ਸ਼੍ਰੇਣੀ ਵਿਚੋਂ ਕੱਢ ਕੇ, ਅੱਡ-ਅੱਡ ਧਰਮਾਂ ਦੀ ਸ਼੍ਰੇਣੀ ਵਿੱਚ ਰੱਖਿਆ ਜਾਵੇ। ਅੰਤਰਰਾਸ਼ਟਰੀ ਕਾਨੂੰਨਾਂ ਅਤੇ ਜੈਨੇਵਾ ਕਨਵੈਨਸ਼ਨਜ਼ ਦੇ ਪ੍ਰੋਟੋਕੋਲ ਨੂੰ ਮਾਨਤਾ ਦਿੰਦਿਆਂ, ਭਾਰਤੀ ਸੰਵਿਧਾਨ ਨੂੰ ਉਸ ਦੇ ਅਨੁਸਾਰੀ ਬਣਾਇਆ ਜਾਵੇ। ਅਮਰੀਕਨ ਸਰਕਾਰ ਨੂੰ ਸਿਫਾਰਸ਼ ਕੀਤੀ ਗਈ ਹੈ ਕਿ ਉਹ ਭਾਰਤ ਸਰਕਾਰ ਨਾਲ ਕੋਈ ਵੀ ਕੂਟਨੀਤਕ ਜਾਂ ਵਪਾਰਕ ਸਮਝੌਤਾ ਕਰਨ ਤੋਂ ਪਹਿਲਾਂ 'ਮਨੁੱਖੀ ਹੱਕਾਂ' ਅਤੇ 'ਧਾਰਮਿਕ ਅਜ਼ਾਦੀਆਂ' ਦੇ ਮੁੱਦਿਆਂ ਨੂੰ ਪਹਿਲ ਦੇਵੇ। ਭਾਰਤ ਦੇ ਦਬਾਅ ਬਣਾਵੇ ਕਿ ਉਹ 'ਧਰਮ ਪਰਿਵਰਤਨ' ਦੇ ਨਾਂ ਥੱਲੇ 'ਘਰ ਵਾਪਸੀ' ਵਾਲੇ ਕਾਨੂੰਨਾਂ ਨੂੰ ਵਾਪਸ ਲਵੇ। ਭਾਰਤ ਨੂੰ ਮਜਬੂਰ ਕੀਤਾ ਜਾਵੇ ਕਿ ਉਹ 1948 ਦੀ ਜੈਨੇਵਾ ਕਨਵੈਨਸ਼ਨ ਦੇ ਨਸਲਕੁਸ਼ੀ ਸਬੰਧੀ ਮਤੇ ਨੂੰ ਮਨਜ਼ੂਰ ਕਰੇ। ਇਸ ਦੇ ਨਾਲ ਹੀ ਹੋਰ ਜੈਨੇਵਾ ਕਨਵੈਨਸ਼ਨਜ਼ ਨੂੰ ਮੰਨਣ ਲਈ ਸਿਫਾਰਸ਼ ਕੀਤੀ ਗਈ ਹੈ। ਅਮਰੀਕਾ ਸਰਕਾਰ ਨੂੰ ਸਿਫਾਰਸ਼ ਕੀਤੀ ਗਈ ਹੈ ਕਿ ਉਹ ਭਾਰਤ ਸਰਕਾਰ ਵਲੋਂ ਵਿਦੇਸ਼ੀ ਐਨ.ਜੀ.ਓਜ਼ 'ਤੇ ਲਗਾਈ ਪਾਬੰਦੀ ਨੂੰ ਖਤਮ ਕਰਾਵੇ। ਭਾਰਤ ਵਿੱਚ ਅੱਤਵਾਦੀ ਸਰਗਰਮੀਆਂ ਵਿੱਚ ਸ਼ਾਮਲ ਹਿੰਦੂਤਵੀ ਜਥੇਬੰਦੀਆਂ 'ਤੇ ਅਮਰੀਕਾ ਵਿੱਚ ਪਾਬੰਦੀ ਲਾਈ ਜਾਵੇ ਅਤੇ ਇਥੋਂ ਉਨ੍ਹਾਂ ਲਈ ਫੰਡ ਇਕੱਠੇ ਕਰਨ 'ਤੇ ਪਾਬੰਦੀ ਲਾਈ ਜਾਵੇ। ਭਾਰਤ ਵਿੱਚ ਦਿੱਲੀ ਸਥਿਤ ਅਮਰੀਕਨ ਅੰਬੈਸੀ ਅਤੇ ਹੋਰ ਥਾਵਾਂ 'ਤੇ ਮੌਜੂਦ ਕੌਂਸਲੇਟ, ਘੱਟਗਿਣਤੀਆਂ ਦੀ ਸਥਿਤੀ 'ਤੇ ਨਜ਼ਰਸਾਨੀ ਕਰਦੇ ਰਹਿਣ ਅਤੇ ਘੱਟਗਿਣਤੀਆਂ ਦੀਆਂ ਸੰਸਥਾਵਾਂ, ਜਥੇਬੰਦੀਆਂ ਦੇ ਨੁਮਾਇੰਦਿਆਂ ਨਾਲ ਲਗਾਤਾਰ ਰਾਬਤਾ ਰੱਖਣ। ਅਸੀਂ ਇਸ ਧੜੱਲੇਦਾਰ ਰਿਪੋਰਟ ਲਈ ਯੂਨਾਈਟਿਡ ਸਟੇਟਸ ਕਮਿਸ਼ਨ ਆਨ ਇੰਟਰਨੈਸ਼ਨਲ ਰਿਲੀਜੀਅਸ ਫਰੀਡਮ ਅਤੇ ਡਾ. ਚੀਮਾ ਦਾ ਵਿਸ਼ੇਸ਼ ਧੰਨਵਾਦ ਕਰਦੇ ਹਾਂ।

# ਪੰਜਾਬ 'ਚ ਨਸ਼ੀਲੀਆਂ ਗੋਲੀਆਂ, ਟੀਕਿਆਂ ਤੇ ਕੋਕੀਨ ਨੇ ਮਚਾਇਆ ਕਹਿਰ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਵਿਚ ਰਵਾਇਤੀ ਨਸ਼ਿਆਂ ਅਫੀਮ, ਗਾਂਜਾ, ਭੁੱਕੀ ਅਤੇ ਭੰਗ ਆਦਿ ਦੀ ਥਾਂ ਹੁਣ ਨਸ਼ੀਲੀਆਂ ਗੋਲੀਆਂ, ਟੀਕਿਆਂ ਅਤੇ ਕੈਪਸੂਲਾਂ ਦਾ ਪ੍ਰਕੋਪ ਫੈਲ ਗਿਆ ਹੈ ਅਤੇ ਸਭ ਤੋਂ ਮਹਿੰਗੀ ਡਰੱਗ ਕੋਕੀਨ ਨੇ ਵੀ ਦਸਤਕ ਦੇ ਦਿੱਤੀ ਹੈ। ਪੰਜਾਬ ਪੁਲੀਸ ਦੇ ਅੰਕੜਿਆਂ ਅਨੁਸਾਰ ਪਿਛਲੇ ਵਰ੍ਹੇ ਐਨਡੀਪੀਐਸ ਐਕਟ ਦੇ ਤਕਰੀਬਨ 5300 ਕੇਸ ਦਰਜ ਕਰਕੇ 6300 ਮੁਲਜ਼ਮ ਗ੍ਰਿਫਤਾਰ ਕੀਤੇ ਹਨ ਅਤੇ ਰਵਾਇਤੀ ਨਸ਼ਿਆਂ ਦੀ ਥਾਂ ਨਸ਼ੀਲੇ ਟੀਕਿਆਂ, ਗੋਲੀਆਂ ਤੇ ਕੈਪਸ਼ੂਲਾਂ ਦੀ ਬਰਾਮਦਗੀ ਵਧੀ ਹੈ। ਦੂਸਰੇ ਪਾਸੇ ਸੂਬੇ ਵਿਚ ਹੁਣ ਨਸ਼ੀਲੀਆਂ ਦਵਾਈਆਂ ਨੂੰ ਵਿਆਪਕ ਪੱਧਰ 'ਤੇ ਨਸ਼ੇ ਦੀ ਥਾਂ ਵਰਤਿਆ ਜਾ ਰਿਹਾ ਹੈ। ਪ੍ਰਾਪਤ ਅੰਕੜਿਆਂ ਅਨੁਸਾਰ ਪੁਲੀਸ ਨੇ ਪਿਛਲੇ ਵਰ੍ਹੇ 28.60 ਲੱਖ ਦੇ ਕਰੀਬ ਨਸ਼ੀਲੀਆਂ ਗੋਲੀਆਂ ਅਤੇ ਕੈਪਸੂਲ ਬਰਾਮਦ ਕੀਤੇ ਹਨ, ਜੋ ਸਾਲ 2015 ਤੋਂ 6.50 ਲੱਖ ਵੱਧ ਹਨ। ਇਸੇ ਤਰ੍ਹਾਂ ਪੁਲੀਸ ਨੇ ਪਿਛਲੇ ਵਰ੍ਹੇ 21 ਹਜ਼ਾਰ ਦੇ ਕਰੀਬ ਨਸ਼ੀਲੇ ਟੀਕੇ ਬਰਾਮਦ ਕੀਤੇ ਹਨ ਜਦਕਿ ਸਾਲ 2015 ਵਿਚ ਕੇਵਲ 16,850 ਟੀਕੇ ਹੀ ਬਰਾਮਦ ਕੀਤੇ ਹਨ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਨਾਰਕੋਟਿਕਸ ਕੰਟਰੋਲ ਬਿਊਰੋ (ਐਨਸੀਬੀ) ਦਾਅਵਾ ਕਰ ਚੁੱਕੀ ਹੈ ਕਿ ਸੂਬੇ ਵਿਚ ਆਯੂਰਵੈਦਿਕ ਦੀਆਂ ਕਾਮਿਨੀ ਨਾਮ ਨਾਲ ਜਾਣੀਆਂ ਜਾਂਦੀਆਂ ਗੋਲੀਆਂ ਨੂੰ ਨਸ਼ੇੜੀ ਅਫੀਮ ਦੀ ਥਾਂ ਨਿਗਲ ਰਹੇ ਹਨ ਕਿਉਂਕਿ ਇਨ੍ਹਾਂ ਗੋਲੀਆਂ ਵਿਚ 25 ਫੀਸਦ ਅਫੀਮ ਹੁੰਦੀ ਹੈ। ਡਰੱਗ ਮਾਫੀਆ ਵੱਡੇ ਪੱਧਰ 'ਤੇ ਮਿਲੀਭੁਗਤ ਕਰਕੇ ਬੜੇ ਸੀਮਤ ਢੰਗ ਨਾਲ ਵਰਤੀਆਂ ਜਾਣ ਵਾਲੀਆਂ ਇਨ੍ਹਾਂ ਗੋਲੀਆਂ ਨੂੰ ਸ਼ਰੇਆਮ ਪ੍ਰਚੂਨ ਵਿਚ ਵੇਚ ਰਿਹਾ ਹੈ।

# ਗੁਰਦੁਆਰਾ ਆਲਮਗੀਰ ਨੇੜਿਓਂ ਵੱਡੀ ਗਿਣਤੀ ਵਿਚ ਬੰਬ ਮਿਲੇ



**ਡੇਹਲੋਂ/ਆਲਮਗੀਰ/ਬਿਊਰੋ ਨਿਊਜ਼ :** ਲੁਧਿਆਣਾ-ਮਾਲੇਰਕੋਟਲਾ ਸੜਕ 'ਤੇ ਗੁਰਦੁਆਰਾ ਆਲਮਗੀਰ ਸਾਹਿਬ ਨੂੰ ਜਾਂਦੀ ਸੜਕ 'ਤੇ ਸਥਿਤ ਗੇਟ ਸਾਹਮਣੇ ਬੇਆਬਾਦ ਪਈ ਕਾਲੋਨੀ ਦੇ ਪਲਾਟਾਂ ਵਿਚੋਂ ਡੇਹਲੋਂ ਪੁਲੀਸ ਨੂੰ ਭਾਰੀ ਮਾਤਰਾ ਵਿਚ ਬੰਬ ਮਿਲੇ ਹਨ। ਇਨ੍ਹਾਂ ਬੰਬਾਂ ਦੀ ਗਿਣਤੀ ਕਰੀਬ 30 ਦੱਸੀ ਜਾ ਰਹੀ ਹੈ ਜਦਕਿ ਬੰਬਾਂ ਨੂੰ ਜੰਗਾਲ ਲੱਗਿਆ ਹੋਇਆ ਹੈ। ਇਨ੍ਹਾਂ 30 ਬੰਬਾਂ ਵਿਚ 26 ਤੋਪ ਬੰਬ, 3 ਹੱਥ ਗੋਲੇ ਬੰਬ ਤੇ ਇਕ ਹੱਥ ਗੋਲੇ ਬੰਬ ਦਾ ਖੋਲ ਸ਼ਾਮਲ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਬੰਬਾਂ ਦੀ ਖ਼ਬਰ ਕਾਲੋਨੀ ਵਿਚ ਸੈਰ ਕਰਨ ਆਏ ਕਿਸੇ ਵਿਅਕਤੀ ਨੇ ਪੁਲੀਸ ਨੂੰ ਦਿੱਤੀ। ਸੂਚਨਾ ਮਿਲਦਿਆਂ ਹੀ ਪੁਲੀਸ ਟੀਮ ਅਤੇ ਡੌਗ ਸਕੁਐਡ ਟੀਮ ਮੌਕੇ 'ਤੇ ਪੁੱਜੀ। ਜ਼ਿਕਰਯੋਗ ਹੈ ਕਿ ਬੰਬ ਮਿਲਣ ਦੀ ਖ਼ਬਰ ਸਵੇਰੇ ਹੀ ਪੁਲੀਸ ਨੂੰ ਮਿਲ ਗਈ ਸੀ ਪਰ ਕਰੀਬ 12 ਘੰਟੇ ਬੀਤ ਜਾਣ ਮਗਰੋਂ ਕਿਸੇ ਵੀ ਹੋਰ ਸੀਨੀਅਰ ਪੁਲੀਸ ਅਧਿਕਾਰੀ ਜਾਂ ਸਿਵਲ ਪ੍ਰਸ਼ਾਸਨਿਕ ਅਧਿਕਾਰੀ ਨੇ ਘਟਨਾ ਸਥਾਨ ਦਾ ਦੌਰਾ ਕਰਨ ਦੀ ਲੋੜ ਨਾ ਸਮਝੀ, ਜਦਕਿ ਪ੍ਰਸ਼ਾਸਨ ਵੱਲੋਂ ਬੰਬਾਂ ਨੂੰ ਸੰਜੀਦਗੀ ਨਾਲ ਨਾ ਲੈਣ ਦੇ ਇਹ ਦਾਅਵੇ ਕੀਤੇ ਜਾ ਰਹੇ ਹਨ ਕਿ ਬੰਬ ਕਿਸੇ ਸਕਰੈਪ ਵਿਚ ਆਏ ਹੋ ਸਕਦੇ ਹਨ ਤੇ ਕੋਈ ਖਤਰਾ ਨਹੀਂ ਹੈ। ਥਾਣਾ ਮੁਖੀ ਡੇਹਲੋਂ ਦਲਬੀਰ ਸਿੰਘ ਨੇ ਦੱਸਿਆ ਕਿ ਫ਼ੌਜੀ ਟੀਮ ਨੂੰ ਬੁਲਾਉਣ ਲਈ ਪੱਤਰ ਲਿਖ ਦਿੱਤਾ ਹੈ ਤਾਂ ਕਿ ਬੰਬਾਂ ਨੂੰ ਨਕਾਰਾ ਕੀਤਾ ਜਾ ਸਕੇ।

## ਔਰੋਵਿਲ ਡੈਮ ਦੇ ਖ਼ਤਰੇ ਕਾਰਨ ਬੇਘਰ ਹੋਏ ਲੋਕਾਂ ਨੂੰ ਗੁਰਦੁਆਰਿਆਂ ਨੇ ਦਿੱਤੀ ਪਨਾਹ

ਦੇ ਚਿਹਰੇ 'ਤੇ ਭਾਵੇਂ ਥਕਾਵਟ ਨਜ਼ਰ ਆ ਰਹੀ ਸੀ ਪਰ ਉਹ ਖ਼ੁਸ਼ੀ ਖ਼ੁਸ਼ੀ ਆਪਣਾ ਫਰਜ਼ ਅਦਾ ਕਰ ਰਹੇ ਹਨ। ਸ. ਰਣਜੀਤ ਸਿੰਘ ਨੇ ਦੱਸਿਆ, 'ਲੰਬੇ ਸਮੇਂ ਤਕ ਜਾਮ ਵਿਚ ਫਸੇ ਲੋਕ ਹਾਲੇ ਵੀ ਗੁਰਦੁਆਰਾ ਸਾਹਿਬ ਪਹੁੰਚ ਰਹੇ ਹਨ। ਸਾਡੇ ਕੋਲ ਇਨ੍ਹਾਂ ਲੋਕਾਂ ਨੂੰ ਪਨਾਹ ਦੇਣ ਲਈ ਸਾਰੀਆਂ ਸਹੂਲਤਾਂ ਮੌਜੂਦ ਹਨ। ਅਸੀਂ ਇੱਥੇ 300-400 ਲੋਕਾਂ ਦਾ ਪ੍ਰਬੰਧ ਕਰ ਸਕਦੇ ਹਾਂ। ਜੇਕਰ ਕਿਸੇ ਨੂੰ ਵੀ ਮਦਦ ਦੀ ਲੋੜ ਹੈ ਤਾਂ ਅਸੀਂ ਉਹ ਮੁਹੱਈਆ ਕਰਵਾਵਾਂਗੇ। ਇੱਥੇ ਸਾਰਿਆਂ ਦਾ ਸਵਾਗਤ ਹੈ।'

ਗੁਰਦੁਆਰਾ ਸਾਹਿਬ ਦੇ ਬੁਲਾਰੇ ਦਰਸ਼ਨ ਸਿੰਘ ਮੁੰਡੇ ਨੇ ਕਿਹਾ, 'ਗੁਰਦੁਆਰਾ ਸਾਹਿਬ ਵਿਚ ਹਰ ਇਕ ਦਾ ਸਵਾਗਤ ਹੈ। ਇਥੋਂ ਦਾ ਸਟਾਫ਼ ਹਰ ਐਤਵਾਰ ਨੂੰ 3000 ਦੇ ਕਰੀਬ ਲੋਕਾਂ ਲਈ ਲੰਗਰ ਤਿਆਰ ਕਰਦਾ ਹੈ।' ਇਹ ਇਸ ਖੇਤਰ ਦਾ ਸਭ ਤੋਂ ਪੁਰਾਣਾ ਅਤੇ ਵੱਡਾ ਗੁਰਦੁਆਰਾ ਹੈ। 50,000 ਸਕੇਅਰ ਫੁੱਟ ਵਿਚ ਇਸ ਗੁਰਦੁਆਰਾ ਸਾਹਿਬ ਵਿਚ ਸਭ ਤੋਂ ਵੱਧ ਲੋਕਾਂ ਨੂੰ ਪਨਾਹ ਦਿੱਤੀ ਜਾ ਰਹੀ ਹੈ। ਰਿਓ ਲਿੰਡਾ ਸਥਿਤ ਸੈਕਰਾਮੈਂਟੋ ਗੁਰਦੁਆਰਾ ਸਾਹਿਬ ਨੇ ਬੇਘਰੇ ਹੋਏ 50-60 ਪਰਿਵਾਰਾਂ ਨੂੰ ਠਾਹਰ ਦਿੱਤੀ ਹੈ। ਮੁੰਡੇ ਨੇ ਕਿਹਾ ਕਿ ਇਥੇ ਕਾਲੇ, ਗੋਰੇ, ਏਸ਼ੀਅਨ ਤੇ ਹਿਸਪੈਨਿਕ ਸਾਰੇ ਤਰ੍ਹਾਂ ਦੇ ਲੋਕ ਆਏ ਹਨ। ਇਨ੍ਹਾਂ ਸਾਰਿਆਂ ਨੂੰ ਸ਼ੁੱਧ ਸਾਕਾਹਾਰੀ ਭੋਜਨ ਦਿੱਤਾ ਜਾ ਰਿਹਾ ਹੈ। ਕਈ ਲੋਕ ਇੱਥੇ ਆਉਣ ਤੋਂ ਬਾਅਦ ਆਪਣੇ ਰਿਸ਼ਤੇਦਾਰਾਂ ਕੋਲ ਚਲੇ ਗਏ ਹਨ ਜਦਕਿ ਕਈ ਅਗਲੇ ਹੁਕਮਾਂ ਤਕ ਇੱਥੇ ਹੀ ਠਹਿਰਣਗੇ।

ਲਾਈਵ ਓਕ ਦੀ ਕਿਰਨ ਫਗੂਰਾ ਨੇ ਕਿਹਾ, 'ਮੈਂ ਹੋਰ ਕਿਤੇ ਨਹੀਂ ਜਾਣਾ ਚਾਹੁੰਦੀ। ਮੈਂ ਹੜ੍ਹ ਦੇ ਡਰੋਂ ਆਪਣੇ ਪਰਿਵਾਰ ਸਮੇਤ ਇੱਥੇ ਪੁੱਜੀ ਹਾਂ ਪਰ ਇਥੋਂ ਅਸੀਂ ਹੋਰ ਕਿਤੇ ਨਹੀਂ ਜਾ ਰਹੇ। ਇੱਥੇ ਪ੍ਰਮਾਤਮਾ ਦਾ ਆਸ਼ੀਰਵਾਦ ਹੈ।' ਕਿਰਨ ਚਾਰ ਕਾਰਾਂ ਰਾਹੀਂ 20 ਮੈਂਬਰਾਂ ਵਾਲੇ ਪਰਿਵਾਰ ਨਾਲ ਇੱਥੇ ਪੁੱਜੀ ਹੈ। ਕਿਰਨ ਦਾ ਪਤੀ, ਧੀ ਹਰਨੂਰ, ਭਤੀਜੇ=ਭਤੀਜੀਆਂ, ਮਾਪਿਆਂ ਤੇ ਹੋਰਨਾਂ ਮੈਂਬਰਾਂ ਨਾਲ ਇੱਥੇ ਆਈ ਹੈ। ਮੁੰਡੇ ਨੇ ਦੱਸਿਆ ਕਿ ਪੰਜਾਬ ਤੋਂ ਆਏ ਸਿੱਖ ਭਾਈਚਾਰੇ ਦੇ ਲੋਕ ਯੂਬਾ ਸਿਟੀ, ਮੈਰਿਸਵਿਲ ਵਰਗੇ ਸ਼ਹਿਰਾਂ ਵਿਚ ਖੇਤੀ ਕਰਦੇ ਹਨ। ਇਥੇ 40,000 ਤੋਂ ਵੱਧ ਸਿੱਖ ਰਹਿ ਰਹੇ ਹਨ ਜਦਕਿ ਸੈਕਰਾਮੈਂਟੋ ਖੇਤਰ ਵਿਚ ਅੰਦਾਜ਼ਨ 70,000 ਸਿੱਖ ਹਨ। ਉਨ੍ਹਾਂ ਅਫਸੋਸ ਪ੍ਰਗਟਾਇਆ ਕਿ ਸਿੱਖ ਹਮੇਸ਼ਾ ਦੂਜਿਆਂ ਦੀ ਸੇਵਾ ਲਈ ਹਾਜ਼ਰ ਰਹਿੰਦੇ ਹਨ ਪਰ ਉਦੋਂ ਦੁੱਖ ਹੁੰਦਾ ਹੈ ਜਦੋਂ ਇਨ੍ਹਾਂ ਨੂੰ ਨਸਲੀ ਹਿੰਸਾ ਦਾ ਸ਼ਿਕਾਰ ਹੋਣਾ ਪੈਂਦਾ ਹੈ। ਗੁਰਦੁਆਰਾ ਸਾਹਿਬ ਵਿਚ ਨਾ ਸਿਰਫ਼ ਸਿੱਖਾਂ ਨੂੰ ਬਲਕਿ ਹੋਰਨਾਂ ਭਾਈਚਾਰਿਆਂ ਦੇ ਲੋਕਾਂ ਨੂੰ ਵੀ ਪਨਾਹ ਦਿੱਤੀ ਗਈ ਹੈ।

ਸੈਮ ਤੇ ਰੋਕਸਾਨਾ ਲਿਓਨ ਸਟੇਸ਼ਨ ਵੈਗਨ ਰਾਹੀਂ ਓਲਿਵਹਸਟ ਤੋਂ ਆਪਣੇ ਚਾਰ ਬੱਚਿਆਂ (2 ਤੋਂ 9 ਸਾਲ) ਨਾਲ ਇੱਥੇ ਪੁੱਜੇ ਹਨ। ਲਿਓਨ ਨੇ ਕਿਹਾ, 'ਇਹ ਬਹੁਤ ਭਿਆਨਕ ਸਮਾਂ ਹੈ। ਸਾਨੂੰ ਲੱਗਿਆ ਕਿ ਅਸੀਂ ਪਾਣੀ ਵਿਚ ਵਹਿ ਜਾਵਾਂਗੇ। ਮੈਨੂੰ ਤਾਂ ਆਪਣੀਆਂ ਦਵਾਈਆਂ ਚੁੱਕਣ ਦਾ ਵੀ ਸਮਾਂ ਨਹੀਂ ਮਿਲਿਆ। ਮੈਂ ਕੁਝ ਨਹੀਂ ਪਤਾ ਕਿ ਅੱਗੇ ਕੀ ਹੋਣਾ ਹੈ ਤੇ ਅਸੀਂ ਕਿੱਥੇ ਜਾਣਾ ਹੈ। ਅਲਰਟ ਨੇ ਸਾਨੂੰ ਹੋਰ ਕੁਝ ਨਹੀਂ ਦੱਸਿਆ।' ਟਰੱਕ ਸਟਾਪ 'ਤੇ ਕੁਝ ਦੇਰ ਸੌਣ ਮਗਰੋਂ ਲਿਓਨ ਨੇ ਕਿਹਾ ਕਿ ਉਨ੍ਹਾਂ ਨੇ ਖ਼ਬਰਾਂ ਵਿਚ ਗੁਰਦੁਆਰੇ ਵਲੋਂ ਦਿੱਤੀ ਜਾ ਰਹੀ ਪਨਾਹ ਬਾਰੇ ਸੁਣਿਆ। ਇਸ ਲਈ ਅਸੀਂ ਇਥੇ ਆ ਗਏ। ਅਸੀਂ ਬਹੁਤ ਭੁੱਖੇ ਸੀ ਪਰ ਸਿੱਖਾਂ ਨੇ ਸਾਨੂੰ ਦਾਲ-ਚੌਲ, ਨੌਨ ਬਰੈੱਡ, ਚਾਹ ਵਗੈਰਾ ਦਿੱਤੀ ਤੇ ਸਾਨੂੰ ਠਹਿਰਣ ਲਈ ਥਾਂ ਦਿੱਤੀ। ਸੈਨ ਨੇ ਕਿਹਾ ਕਿ ਉਹ ਤੇ ਉਸ ਦਾ ਪਰਿਵਾਰ ਸਿੱਖਾਂ ਵਲੋਂ ਦਿਖਾਈ ਫਿਰਾਖ਼ਦਿਲੀ ਦਾ ਬਹੁਤ ਸ਼ੁਕਰਗੁਜ਼ਾਰ ਹੈ ਤੇ ਖ਼ੁਸ਼ ਹੈ, ਖ਼ਾਸ ਤੌਰ 'ਤੇ ਅਜਿਹੇ ਸਮੇਂ ਜਦੋਂ ਸਾਨੂੰ ਕਿਹਾ ਗਿਆ ਕਿ ਸ਼ਾਇਦ ਅਸੀਂ ਇਕ ਮਹੀਨਾ ਘਰ ਨਹੀਂ ਪਰਤ ਸਕਦੇ। ਉਸ ਨੇ ਦੱਸਿਆ ਕਿ ਉਹ ਕੁਝ ਮਹੀਨੇ ਪਹਿਲਾਂ ਹੀ ਕੈਨਟਕੀ ਤੋਂ ਪਰਿਵਾਰ ਸਮੇਤ ਕੈਲੀਫੋਰਨੀਆ ਸ਼ਿਫ਼ਟ ਹੋਇਆ ਹੈ।

ਗੁਰਦੁਆਰਾ ਸਾਹਿਬ ਦੀ ਦੂਜੀ ਮੰਜ਼ਿਲ 'ਤੇ 50 ਸਿੱਖ ਆਪਣਾ ਥਕੇਵਾਂ ਲਾ ਰਹੇ ਸਨ ਜਦਕਿ ਉਨ੍ਹਾਂ ਦੇ ਬੱਚੇ ਉਨ੍ਹਾਂ ਦੇ ਆਲੇ-ਦੁਆਲੇ ਖੇਡ ਰਹੇ ਸਨ। ਮਲਕੀਤ ਸਿੰਘ ਨਾਗਰਾ (73) ਤੇ ਉਨ੍ਹਾਂ ਦੀ ਪਤਨੀ ਗੁਰਬਖ਼ਸ਼ ਕੌਰ ਨਾਗਰਾ (70) ਕਰੀਬ ਦਸ ਸਾਲ ਪਹਿਲਾਂ ਆਪਣੇ ਪੁੱਤਰਾਂ ਕੋਲ ਯੂਬਾ ਸਿਟੀ ਆਏ ਸਨ। ਉਨ੍ਹਾਂ ਕਿਹਾ ਕਿ ਅਸੀਂ ਬੇਹੱਦ ਚਿੰਤਤ ਸੀ ਕਿ ਹੁਣ ਕਿੱਥੇ ਜਾਈਏ। ਕੋਈ ਵੀ ਮੋਟਲ ਉਨ੍ਹਾਂ ਨੂੰ ਨਹੀਂ ਮਿਲ ਰਿਹਾ ਸੀ। ਫੇਰ ਗੁਰਦੁਆਰਾ ਸਾਹਿਬ ਨੇ ਉਨ੍ਹਾਂ ਲਈ ਆਪਣੇ ਦਰ ਖੋਲ੍ਹ ਦਿੱਤੇ।

ਸੂਤਰਾਂ ਅਨੁਸਾਰ ਬੁਰੀ ਤਰ੍ਹਾਂ ਨੁਕਸਾਨੇ ਡੈਮ ਦੇ ਗੇਟ ਹਰ ਸੈਕਿੰਡ ਵਿਚ ਇਕ ਲੱਖ ਕਿਊਬਿਕ ਫੁੱਟ ਪਾਣੀ ਛੱਡ ਰਹੇ ਹਨ। ਇਸ ਵਿਚ ਕਰੀਬ 200 ਫੁੱਟ ਲੰਬਾ ਤੇ 30 ਫੁੱਟ ਡੂੰਘਾ ਖੱਡਾ ਹੋ ਗਿਆ ਹੈ। ਇੰਜਨੀਅਰ ਇਸ ਦਾ ਕਾਰਨ ਸਮਝ ਨਹੀਂ ਪਾ ਰਹੇ। ਇਹ ਕੈਲੀਫੋਰਨੀਆ ਵਿਚ ਇਨਸਾਨ ਦੀ ਬਣਾਈ ਸਭ ਤੋਂ ਵੱਡੀ ਝੀਲ ਹੈ। ਕੈਲੀਫੋਰਨੀਆ ਵਿਚ ਵਾਟਰ ਸਪਲਾਈ ਦਾ ਇਹ ਸਭ ਤੋਂ ਵੱਡਾ ਸਰੋਤ ਹੈ। ਇਸ 'ਤੇ ਇਥੋਂ ਦੀ ਸਿੰਜਾਈ ਤੇ ਦੱਖਣੀ ਕੈਲੀਫੋਰਨੀਆ ਦਾ ਕਾਰੋਬਾਰ ਵੀ ਨਿਰਭਰ ਕਰਦਾ ਹੈ। ਇਹ ਪਹਿਲੀ ਵਾਰ ਹੈ ਕਿ ਡੈਮ ਦੇ ਕਰੀਬ 50 ਸਾਲ ਦੇ ਇਤਿਹਾਸ ਵਿਚ ਔਰੋਵਿਲੇ ਝੀਲ 'ਤੇ ਅਜਿਹੇ ਐਮਰਜੈਂਸੀ ਵਾਲੇ ਹਾਲਾਤ ਬਣੇ ਹਨ। ਕੈਲੀਫੋਰਨੀਆ ਵਿਚ ਕਈ ਵਰ੍ਹਿਆਂ ਤੋਂ ਸੋਕਾ ਪੈ ਰਿਹਾ ਹੈ ਪਰ ਇਸ ਸਾਲ ਭਾਰੀ ਮੀਂਹ ਤੇ ਬਰਫ਼ਬਾਰੀ ਕਾਰਨ ਨਦੀਆਂ ਵਿਚ ਪਾਣੀ ਦਾ ਪੱਧਰ ਵੱਧ ਗਿਆ ਹੈ।

ਤਾਜ਼ਾ ਖ਼ਬਰਾਂ ਅਨੁਸਾਰ ਔਰੋਵਿਲ ਡੈਮ 'ਚ ਪਾਣੀ ਦਾ ਪੱਧਰ ਘਟਣਾ ਸ਼ੁਰੂ ਹੋ ਗਿਆ ਹੈ, ਜਿਸ ਕਾਰਨ ਡੈਮ ਟੁੱਟਣ ਦਾ ਖਤਰਾ ਘੱਟ ਗਿਆ ਹੈ। ਹੁਣ ਐਮਰਜੈਂਸੀ ਸਪਿੱਲਵੇਅ (ਡੈਮ ਭਰ ਕੇ ਵਗਣ ਵਾਲੀ ਨਹਿਰ) 'ਚ ਵਗ ਰਿਹਾ ਪਾਣੀ ਬੰਦ ਕਰਕੇ ਜਲਦ ਉਸ ਦੀ ਮੁਰੰਮਤ ਕੀਤੀ ਜਾਵੇਗੀ।

ਇਸ ਕੁਦਰਤੀ ਆਫਤ ਕਾਰਨ ਡੈਮ ਹੇਠਲੇ ਸ਼ਹਿਰਾਂ ਔਰੋਵਿਲ, ਗਰਿਡਲੇ, ਮੈਰਿਸਵਿਲ, ਵੀਟ ਲੈਂਡ, ਪਲੂਮਾਸ ਲੇਕ, ਓਲਿਵਹਸਟ, ਯੂਬਾ ਸਿਟੀ, ਲਾਈਵ ਓਕ ਦੇ 160,000 ਦੇ ਕਰੀਬ ਨਿਵਾਸੀ ਹੋਰਨਾਂ ਸ਼ਹਿਰਾਂ ਵੱਲ ਜਾ ਰਹੇ ਹਨ, ਜਿਸ ਕਾਰਨ ਹਾਈਵੇਅ 99 ਤੇ ਹੋਰ ਰਸਤੇ ਗੱਡੀਆਂ ਨਾਲ ਭਰ ਗਏ ਹਨ। ਕੈਲੀਫੋਰਨੀਆ ਦੇ ਗੁਰਦੁਆਰੇ ਅਤੇ ਪੰਜਾਬੀਆਂ ਨੇ ਆਪਣੇ ਘਰ ਲੋੜਵੰਦਾਂ ਦੇ ਰਹਿਣ ਲਈ ਖੋਲ੍ਹ ਦਿੱਤੇ ਹਨ।

ਦੱਸਣਯੋਗ ਹੈ ਕਿ ਇਸ ਵੱਡੇ ਡੈਮ 'ਚ 5 ਮਿਲੀਅਨ ਸੁਕੇਅਰ ਫੁੱਟ ਪਾਣੀ ਜਮ੍ਹਾਂ ਹੈ, ਜਿਸ ਨਾਲ ਕੈਲੀਫੋਰਨੀਆ ਦੀ ਸਿੰਜਾਈ ਦੇ ਨਾਲ ਨਾਲ ਇਸ ਤੋਂ ਨਿੱਕਲੇ ਪਾਣੀ ਨਾਲ ਬਿਜਲੀ ਬਣਾ ਕੇ ਲਾਸ ਏਂਜਲਸ ਅਤੇ ਬੇਕਰਸਫੀਲਡ ਵਰਗੇ ਸ਼ਹਿਰਾਂ ਤੱਕ ਭੇਜੀ ਜਾਂਦੀ ਹੈ।

## ਤਾਮਿਲਨਾਡੂ ਦੇ ਸਿਆਸੀ ਘੋੜੇ ਦੀਆਂ ਲਗਾਮਾਂ ਟੁੱਟੀਆਂ

ਹੈ। ਇਸ ਦੌਰਾਨ ਪਲਨੀਸਵਾਮੀ ਨੇ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕੀਤਾ। ਉਧਰ ਬਾਅਦ ਵਿਚ ਪਨੀਰਸੇਲਵਮ ਨੇ ਵੀ ਰਾਜਪਾਲ ਨਾਲ ਮੁਲਾਕਾਤ ਕੀਤੀ ਅਤੇ ਵਿਧਾਇਕਾਂ ਨੂੰ ਅਪੀਲ ਕੀਤੀ ਕਿ ਉਹ ਪਾਰਟੀ ਲਈ ਏਕਤਾ ਬਣਾਈ ਰੱਖਣ।

ਅੰਨਾਡੀਐਮਕੇ ਵਿਚ ਚੱਲ ਰਹੀ ਮੌਜੂਦਾ ਉਥਲ-ਪੁਥਲ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਫ਼ਿਲਹਾਲ ਵਿਧਾਇਕਾਂ ਦੇ ਰੁਖ਼ ਬਾਰੇ ਪੱਕੇ ਤੌਰ 'ਤੇ ਕੁਝ ਨਹੀਂ ਕਿਹਾ ਜਾ ਸਕਦਾ। ਕਿੰਨੇ ਵਿਧਾਇਕ ਸ਼ਸ਼ੀਕਲਾ ਖੇਮੇ ਨੂੰ ਛੱਡ ਕੇ ਪਨੀਰਸੇਲਵਮ ਦਾ ਪੱਲਾ ਫੜਨਗੇ, ਕੋਈ ਨਹੀਂ ਜਾਣਦਾ। ਆਬਜ਼ਰਵਰ ਰਿਸਰਚ ਫਾਉਂਡੇਸ਼ਨ ਦੇ ਚੇਨਈ ਚੈਪਟਰ ਦੇ ਡਾਇਰੈਕਟਰ ਐਨ. ਸਤਿਆ ਮੂਰਤੀ ਦਾ ਕਹਿਣਾ ਹੈ, 'ਪਨੀਰਸੇਲਵਮ ਦੇ ਪੱਖ ਵਿਚ ਆਉਣ ਵਾਲੇ ਵਿਧਾਇਕਾਂ ਦੀ ਸੰਖਿਆ ਇਸ ਗੱਲ 'ਤੇ ਨਿਰਭਰ ਕਰੇਗੀ ਕਿ ਰਾਜਪਾਲ ਵਿਦਿਆ ਸਾਗਰ ਰਾਓ ਸਰਕਾਰ ਬਣਾਉਣ ਲਈ ਪਹਿਲਾਂ ਕਿਸ ਨੂੰ ਬਲਾਉਂਦੇ ਹਨ ਤੇ ਵਿਧਾਨ ਸਭਾ ਵਿਚ ਬਹੁਮਤ ਸਿੱਧ ਕਰਨ ਲਈ ਕਿਸ ਨੂੰ ਕਹਿਣਗੇ। ਵਿਧਾਨ ਸਭਾ ਵਿਚ ਸ਼ਕਤੀ ਪ੍ਰਦਰਸ਼ਨ ਦਾ ਮਤਲਬ ਇਹ ਹੋਇਆ ਕਿ ਪਲਨੀਸਵਾਮੀ ਜਾਂ ਪਨੀਰਸੇਲਵਮ ਨੂੰ 234 ਮੈਂਬਰਾਂ ਵਾਲੇ ਸਦਨ ਵਿਚ ਘੱਟੋ-ਘੱਟ 118 ਵਿਧਾਇਕ ਆਪਣੇ ਪੱਖ ਵਿਚ ਦਿਖਾਉਣੇ ਹੋਣਗੇ। ਸੀਨੀਅਰ ਸਿਆਸੀ ਮਾਹਰ ਐਨ ਅਰੂਣ ਦਾ ਕਹਿਣਾ ਹੈ, 'ਅਸਲੀ ਖੇਡ ਤਾਂ ਹੁਣ ਸ਼ੁਰੂ ਹੋਈ ਹੈ। ਸ਼ਸੀਕਲਾ ਦੀ ਗੈਰ ਮੌਜੂਦਗੀ ਵਿਚ ਪਹਿਲਾਂ ਨਾਲੋਂ ਜ਼ਿਆਦਾ ਵਿਧਾਇਕ ਪਨੀਰਸੇਲਵਮ ਦੇ ਪੱਖ ਵਿਚ ਆਪਣੀ ਵਫ਼ਾਦਾਰੀ ਬਦਲ ਸਕਦੇ ਹਨ। ਹਕੀਕਤ ਵਿਚ ਕਿਹਾ ਜਾਵੇ ਤਾਂ ਪਾਰਟੀ ਦੀ ਵੰਡ ਦੇ ਆਸਾਰ ਪਹਿਲਾਂ ਨਾਲੋਂ ਜ਼ਿਆਦਾ ਵੱਧ ਗਏ ਹਨ।' ਅੰਨਾਡੀਐਮਕੇ. ਵਿਚ ਹੋਰ ਵੀ ਅਜਿਹੀਆਂ ਗੱਲਾਂ ਹਨ ਜੋ ਬੇਹੱਦ ਅਹਿਮ ਹਨ। ਅੰਨਾਡੀਐਮਕੇ ਭਾਰਤ ਦੀਆਂ ਦੂਸਰੀਆਂ ਖੱਬੀਆਂ ਧਿਰਾਂ ਵਾਂਗ ਹੀ ਵਰਕਰਾਂ 'ਤੇ ਆਧਾਰਤ ਪਾਰਟੀ ਹੈ। ਇਹ ਵਰਕਰਾਂ ਦਾ ਹੀ ਦਬਦਬਾ ਸੀ ਕਿ ਤਿੰਨ ਮੰਤਰੀਆਂ ਅਤੇ ਤਕਰੀਬਨ ਅੱਧਾ ਦਰਜਨ ਵਿਧਾਇਕਾਂ ਨੇ ਸ਼ਸ਼ੀਕਲਾ ਖੇਮੇ ਨੂੰ ਛੱਡ ਕੇ ਪਨੀਰਸੇਲਵਮ ਦਾ ਸਾਥ ਦਿੱਤਾ। ਹਾਲਾਂਕਿ ਇਹ ਸੰਖਿਆ ਏਨੀ ਵੱਡੀ ਵੀ ਨਹੀਂ ਹੈ ਕਿ ਇਸ ਨਾਲ ਸ਼ਸ਼ੀਕਲਾ ਦਾ ਖੇਮਾ ਹਿਲ ਜਾਵੇ। ਪਾਰਟੀ ਵਿਧਾਇਕਾਂ 'ਤੇ ਸ਼ਸ਼ੀਕਲਾ ਖੇਮੇ ਦੇ ਕੰਟਰੋਲ ਦਾ ਕਾਰਨ ਇਕ ਇਹ ਵੀ ਹੈ ਕਿ ਚੋਣਾਂ ਦੌਰਾਨ ਪਾਰਟੀ ਟਿਕਟਾਂ ਦੀ ਵੰਡ ਵੇਲੇ ਜੈਲਲਿਤਾ ਦੀ ਤਬੀਅਤ ਖ਼ਰਾਬ ਸੀ। ਇਹ ਹਰ ਕਿਸੇ ਨੂੰ ਪਤਾ ਹੈ ਕਿ ਸ਼ਸ਼ੀਕਲਾ ਤੇ ਉਨ੍ਹਾਂ ਦੇ ਪਤੀ ਨਟਰਾਜਨ ਨੇ ਟਿਕਟ ਵੰਡ ਵੇਲੇ ਅੰਮਾ 'ਤੇ ਅਸਰ ਪਾਇਆ ਸੀ। ਸ਼ਸ਼ੀਕਲਾ ਤੇ ਉਨ੍ਹਾਂ ਦੇ ਖੇਮੇ ਲਈ ਪਾਰਟੀ 'ਤੇ ਕੰਟਰੋਲ ਰੱਖਣਾ ਆਸਾਨ ਨਹੀਂ ਹੈ। ਸਤਿਆਮੂਰਤੀ ਦਾ ਕਹਿਣਾ ਹੈ ਕਿ ਇਹ ਕਾਫ਼ੀ ਸੰਭਵ ਹੈ ਕਿ ਆਖ਼ਰੀ ਦੌਰ ਵਿਚ ਪਾਰਟੀ ਟੁੱਟ ਜਾਵੇ। ਚੋਣ ਕਮਿਸ਼ਨ ਪਾਰਟੀ ਦਾ ਨਿਸ਼ਾਨ ਜ਼ਬਤ ਵੀ ਕਰ ਸਕਦੀ ਹੈ। ਅਰੂਣ ਮੁਤਾਬਕ ਪਾਰਟੀ ਵਿਚ ਮਤਭੇਦ ਇਸ ਹਦ ਤਕ ਵੱਧ ਚੁੱਕੇ ਹਨ ਕਿ ਹੁਣ ਕਿਸੇ ਤਰ੍ਹਾਂ ਦਾ ਸਮਝੌਤਾ ਮੁਮਕਿਨ ਨਜ਼ਰ ਨਹੀਂ ਆਉਂਦਾ। ਸੀਨੀਅਰ ਪੱਤਰਕਾਰ ਐਸ.ਮੁਰਾਰੀ ਦਾ ਕਹਿਣਾ ਹੈ ਕਿ ਪਾਰਟੀ ਤੇ ਵਿਧਾਇਕ ਦਲ ਦੀ ਕਮਾਂਡ ਸੰਭਾਲਣ ਮਗਰੋਂ ਸ਼ਸ਼ੀਕਲਾ ਤੇ ਉਨ੍ਹਾਂ ਦੇ ਪਰਿਵਾਰ ਖ਼ਿਲਾਫ਼ ਲੋਕਾਂ ਵਿਚ ਬਹੁਤ ਨਾਰਾਜ਼ਗੀ ਹੈ। ਸਤਿਆਮੂਰਤੀ ਅਨੁਸਾਰ ਸ਼ਸ਼ੀਕਲਾ ਦੀਆਂ ਸੰਭਾਵਨਾਵਾਂ ਖ਼ਤਮ ਹੋ ਸਕਦੀਆਂ ਹਨ ਪਰ ਉਨ੍ਹਾਂ ਦੇ ਪਰਿਵਾਰ ਜਾਂ ਉਨ੍ਹਾਂ ਦੇ ਧੜੇ ਦੀਆਂ ਨਹੀਂ। ਇਨ੍ਹਾਂ ਲੋਕਾਂ ਨੇ ਪਾਰਟੀ ਵਿਚ ਜੜ੍ਹਾਂ ਜਮਾ ਲਈਆਂ ਹਨ। ਜਦੋਂ ਤਕ ਜੈਲਲਿਤਾ ਜਿਊਂਦੀ ਸੀ, ਇਹ ਚੁੱਪ ਸਨ ਪਰ ਹੁਣ ਉਹ ਆਪਣੇ ਵਜੂਦ ਦਾ ਅਹਿਸਾਸ ਕਰਵਾ ਰਹੇ ਹਨ। ਸਭ ਕੁਝ ਵਿਧਾਨ ਸਭਾ ਵਿਚ ਸ਼ਕਤੀ ਪਰੀਖਣ ਦੇ ਨਤੀਜਿਆਂ 'ਤੇ ਨਿਰਭਰ ਕਰੇਗਾ।

ਪਲਨੀਸਵਾਮੀ ਜੈਲਲਿਤਾ ਦੇ ਬੇਹੱਦ ਕਰੀਬੀ ਮੰਨੇ ਜਾਂਦੇ ਹਨ। ਉਹ ਪੱਛਮੀ ਖੇਤਰ ਦੇ ਵੱਡੇ ਨੇਤਾ ਹਨ। ਹੁਣ ਦੇਖਣਾ ਹੋਵੇਗਾ ਕਿ ਬਾਕੀ ਵਿਧਾਇਕ ਵੀ ਉਨ੍ਹਾਂ ਨੂੰ ਸਮਰਥਨ ਦਿੰਦੇ ਹਨ ਕਿ ਨਹੀਂ। ਮੀਟਿੰਗ ਵਿਚ ਜੈਲਲਿਤਾ ਦੇ ਭਤੀਜੇ ਦੀਪਕ ਜੈਕੁਮਾਰ ਵੀ ਸ਼ਾਮਲ ਸਨ। ਮੰਨਿਆ ਜਾ ਰਿਹਾ ਹੈ ਕਿ ਸ਼ਸ਼ੀਕਲਾ ਪਹਿਲਾਂ ਉਨ੍ਹਾਂ ਨੂੰ ਹੀ ਵਿਧਾਇਕ ਦਲ ਦਾ ਨੇਤਾ ਚੁਣ ਕੇ ਮੁੱਖ ਮੰਤਰੀ ਦਾ ਉਮੀਦਵਾਰ ਬਣਾਉਣਾ ਚਾਹੁੰਦੀ ਸੀ। ਸੂਤਰਾਂ ਮੁਤਾਬਕ ਪਨੀਰਸੇਲਵਮ ਖੇਮੇ ਨੂੰ ਕਮਜ਼ੋਰ ਕਰਨ ਲਈ ਸ਼ਸ਼ੀਕਲਾ ਨੇ ਦੀਪਕ ਰਾਹੀਂ ਭਾਵੁਕ ਕਾਰਡ ਖੇਡਣ ਦਾ ਫ਼ੈਸਲਾ ਕੀਤਾ ਸੀ। ਹਾਲਾਂਕਿ ਦੀਪਕ ਨੇ ਪ੍ਰਸਤਾਵ ਠੁਕਰਾ ਦਿੱਤਾ, ਜਿਸ ਮਗਰੋਂ ਪਲਨੀਸਵਾਮੀ ਨੂੰ ਵਿਧਾਇਕ ਦਲ ਦਾ ਨੇਤਾ ਚੁਣ ਲਿਆ ਗਿਆ।

ਜ਼ਿਕਰਯੋਗ ਹੈ ਕਿ 1991-96 ਦੌਰਾਨ ਜੈਲਲਿਤਾ ਦੇ ਮੁੱਖ ਮੰਤਰੀ ਰਹਿੰਦਿਆਂ ਆਮਦਨ ਤੋਂ ਵੱਧ 66 ਕਰੋੜ ਰੁਪਏ ਦੀ ਸੰਪਤੀ ਬਣਾਉਣ ਦੇ ਮਾਮਲੇ ਵਿਚ ਸਤੰਬਰ 2014 ਵਿਚ ਬੰਗਲੁਰੂ ਦੀ ਵਿਸ਼ੇਸ਼ ਅਦਾਲਤ ਨੇ ਜੈਲਲਿਤਾ, ਸ਼ਸ਼ੀਕਲਾ ਤੇ ਉਨ੍ਹਾਂ ਦੇ ਦੋ ਰਿਸ਼ਤੇਦਾਰਾਂ ਨੂੰ ਚਾਰ ਸਾਲ ਦੀ ਸਜ਼ਾ ਅਤੇ ਸੌ ਕਰੋੜ ਰੁਪਏ ਦਾ ਜੁਰਮਾਨਾ ਲਾਇਆ ਸੀ। ਇਸ ਮਾਮਲੇ ਵਿਚ ਸ਼ਸ਼ੀਕਲਾ ਨੂੰ ਭੜਕਾਉਣ ਤੇ ਸਾਜ਼ਿਸ਼ ਰਚਣ ਦਾ ਦੋਸ਼ੀ ਕਰਾਰ ਦਿੱਤਾ ਸੀ। ਪਰ ਮਈ 2015 ਵਿਚ ਕਰਨਾਟਕ ਹਾਈ ਕੋਰਟ ਨੇ ਜੈਲਲਿਤਾ ਤੇ ਸ਼ਸ਼ੀਕਲਾ ਸਮੇਤ ਸਾਰਿਆਂ ਨੂੰ ਬਰੀ ਕਰ ਦਿੱਤਾ ਸੀ। ਇਸ ਤੋਂ ਬਾਅਦ ਕਰਨਾਟਕ ਸਰਕਾਰ, ਡੀ.ਐਮ.ਕੇ. ਤੇ ਸੁਬਰਾਮਨੀਅਮ ਸਵਾਮੀ ਨੇ ਹਾਈ ਕੋਰਟ ਦੇ ਆਦੇਸ਼ਾਂ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਸੀ। ਸੁਪਰੀਮ ਕੋਰਟ ਨੇ ਚਾਰ ਮਹੀਨਿਆਂ ਮਗਰੋਂ ਪਿਛਲੇ ਸਾਲ ਜੂਨ ਵਿਚ ਆਪਣਾ ਆਦੇਸ਼ ਸੁਰੱਖਿਅਤ ਰੱਖ ਲਿਆ ਸੀ। ਸੁਪਰੀਮ ਕੋਰਟ ਵਿਚ ਕਰਨਾਟਕ ਸਰਕਾਰ ਦੀ ਦਲੀਲ ਸੀ ਕਿ ਹਾਈ ਕੋਰਟ ਦਾ ਫ਼ੈਸਲਾ ਗ਼ਲਤ ਹੈ ਤੇ ਹਾਈ ਕੋਰਟ ਨੇ ਬਰੀ ਕਰਨ ਦੇ ਫੈਸਲੇ ਵਿਚ ਗ਼ਲਤੀ ਕੀਤੀ ਹੈ। ਸੁਪਰੀਮ ਕੋਰਟ ਨੂੰ ਹਾਈ ਕੋਰਟ ਦੇ ਫੈਸਲੇ ਨੂੰ ਉਲਟਨਾ ਚਾਹੀਦਾ ਹੈ ਤਾਂ ਕਿ ਇਹ ਸੰਦੇਸ਼ ਜਾਵੇ ਕਿ ਜਨਪ੍ਰਤੀਨਿਧੀ ਹੋ ਕੇ ਭ੍ਰਿਸ਼ਟਾਚਾਰ ਕਰਨ 'ਤੇ ਸਖ਼ਤ ਸਜ਼ਾ ਮਿਲ ਸਕਦੀ ਹੈ।

## ਅਮਰੀਕੀ ਗਰੀਨ ਕਾਰਡ ਹੋਲਡਰ ਅਵਤਾਰ ਸਿੰਘ ਨੇ 13 ਦਿਨ ਝੱਲਿਆ ਦੁਬਈ ਪੁਲੀਸ ਦਾ ਤਸ਼ੱਦਦ

ਉਤਰੇ ਤਾਂ ਉੱਥੋਂ ਦੇ ਅਧਿਕਾਰੀਆਂ ਨੇ ਉਸ ਦਾ ਪਾਸਪੋਰਟ ਦੇਖ ਕੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ ਅਤੇ ਕਿਹਾ ਕਿ ਉਹ ਇਸ ਉਡਾਣ ਰਾਹੀਂ ਭਾਰਤ ਨਹੀਂ ਜਾ ਸਕਦਾ ਕਿਉਂਕਿ ਉਸ ਕੋਲ ਜਾਅਲੀ ਪਾਸਪੋਰਟ ਹੈ। ਉਸ ਦੇ ਪਤੇ, ਜਨਮ ਮਿਤੀ ਅਤੇ ਪਾਸਪੋਰਟ ਦੇ ਨੰਬਰ ਵਾਲਾ ਪਾਸਪੋਰਟ ਇੱਕ ਅਵਤਾਰਬੀਰ ਸਿੰਘ ਨਾਮ ਦੇ ਵਿਅਕਤੀ ਕੋਲ ਵੀ ਹੈ ਅਤੇ ਉਹ ਦੁਬਈ ਵਿੱਚ ਇੱਕ ਵਿਅਕਤੀ ਦਾ ਕਤਲ ਕਰ ਕੇ ਫਰਾਰ ਹੋਇਆ ਹੈ। ਪੁਲੀਸ ਨੇ ਉਸ ਨੂੰ 9 ਫੁੱਟ ਦੇ ਕਮਰੇ ਵਿੱਚ ਤਾੜ ਦਿੱਤਾ ਅਤੇ 26 ਘੰਟੇ ਬਿਨਾਂ ਰੋਟੀ-ਪਾਣੀ ਤੋਂ ਰੱਖਿਆ। ਫਿਰ ਉਸ ਨੂੰ ਥਾਣੇ ਦੇ ਕਸਟੱਡੀ ਰੂਮ ਵਿੱਚ ਤਾੜ ਦਿੱਤਾ, ਜਿਥੇ ਕਰੀਬ 200 ਵਿਅਕਤੀ ਬੰਦ ਸਨ, ਅਤੇ ਉਸ ਦੇ ਹੱਥ-ਪੈਰ ਬੇੜੀਆਂ ਨਾਲ ਨੂੜ ਦਿੱਤੇ। ਇਸ ਦੌਰਾਨ ਉਸ ਦੇ ਪੁੱਤਰ ਨੇ ਦੁਬਈ ਵਿੱਚ ਹੀ ਉਸ ਨੂੰ ਬਚਾਉਣ ਲਈ ਵਕੀਲਾਂ ਰਾਹੀਂ ਯਤਨ ਕੀਤੇ।

ਸ੍ਰੀ ਸਿੱਧੂ ਦੀ ਧੀ ਨੇ ਅਮਰੀਕਾ ਤੋਂ ਇਹ ਮਾਮਲਾ ਈਮੇਲ ਰਾਹੀਂ ਦੁਬਈ ਸਥਿਤ ਭਾਰਤੀ ਰਾਜਦੂਤ ਦੇ ਦਫਤਰ, ਭਾਰਤ ਦੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਅਤੇ ਪਾਸਪੋਰਟ ਦਫਤਰ ਜਲੰਧਰ ਕੋਲ ਉਠਾਇਆ। ਸ੍ਰੀ ਸਿੱਧੂ ਨੇ ਦੱਸਿਆ ਕਿ ਜੇਲ੍ਹ ਵਿੱਚ ਉਹ ਬਿਮਾਰ ਹੋ ਗਿਆ ਅਤੇ ਪੁਲੀਸ ਉਸ ਨੂੰ ਬੇੜੀਆਂ ਨਾਲ ਨੂੜ ਕੇ ਹਸਪਤਾਲ ਲੈ ਗਈ ਅਤੇ ਬੈੱਡ ਨਾਲ ਬੰਨ੍ਹ ਦਿੱਤਾ। ਫਿਰ ਉਸ ਦਾ ਡੀਐਨਏ ਟੈਸਟ ਕਰਵਾਇਆ ਅਤੇ ਉਸ ਦੇ ਨਾਮ ਉਪਰ ਬਣਾਏ ਫਰਜ਼ੀ ਪਾਸਪੋਰਟ ਵਾਲੇ ਵਿਅਕਤੀ ਨਾਲ ਮੇਲ ਨਾ ਖਾਣ 'ਤੇ 13 ਦਿਨਾਂ ਬਾਅਦ 7 ਫਰਵਰੀ ਨੂੰ ਉਸ ਨੂੰ ਰਿਹਾਅ ਕੀਤਾ ਗਿਆ।

ਸ੍ਰੀ ਸਿੱਧੂ ਨੇ ਕਿਹਾ ਕਿ ਫਰਜ਼ੀ ਪਾਸਪੋਰਟ ਜਲੰਧਰ ਦੇ ਪਾਸਪੋਰਟ ਦਫਤਰ ਦੇ ਅਧਿਕਾਰੀਆਂ ਦੀ ਮਿਲੀਭੁਗਤ ਤੋਂ ਬਿਨਾਂ ਬਣਨਾ ਸੰਭਵ ਨਹੀਂ ਹੈ। ਇਸ ਲਈ ਉਹ ਵਕੀਲਾਂ ਨਾਲ ਸਲਾਹ ਕਰਕੇ ਪਾਸਪੋਰਟ ਦਫਤਰ ਜਲੰਧਰ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਉਪਰ ਵਿਚਾਰ ਕਰ ਰਿਹਾ ਹੈ।


GLOBAL
CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
GLOBAL PUNJAB
channel punjabi BEATS
Kirtan
Katha
News
Discussion
Debate
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889


Daily Dose
MUDDA
NEWS IN PUNJABI
LIVE
BIKKAR BADSHAH
Entertainment for the whole family, get the Jus Pack now!
subscribe now
JUS Pack
has it all!
jus punjabi
JUS one
JUS 24x7
9X TASHAN
4 channels for only $14.99 on dish | sling
Call 1-888-246-6242 to Subscribe
and get a gift card worth $150
Promotion code: JUS
*only for new customers limited time
for advertisement & more information call: +1-718-752-9290
www.jusbroadcasting.com


Canadian
Highest Grade Wheat
Say Bana
SHER®
SHER
DURUM ATTA
DESI
STYLE
20 lb
9.07 kg
SHER ATTA GHAR LAAO
www.sherbrarmills.com